ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 15
July 19 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com




ਨਈਅਰ ਪਰਿਵਾਰ ਘਰ ਲੜਕੇ ਦੀ ਦਾਤ
ਨਈਅਰ ਅਤੇ ਚੁੰਬਰ ਪਰਿਵਾਰਾਂ ਨੂੰ ਹਾਰਦਿਕ ਵਧਾਈ
(ਜਨਾਬ ਆਜ਼ਾਦ ਜਾਲੰਧਰੀ ਵੱਲੋਂ ਵਧਾਈ ਅਤੇ ਤਸਵੀਰਾਂ ਦੇਖੋ ਸਫਾ 13 'ਤੇ)



ਯੂਕੇ ਦੀ ਪਹਿਲੀ ਸਿੱਖ ਐਮਪੀ ਪ੍ਰੀਤ ਕੌਰ ਗਿੱਲ ਅਹਿਮ ਸੰਸਦੀ ਪੈਨਲ ਵਿਚ ਸ਼ਾਮਲ। (ਰਿਪੋਰਟ ਦੇਖੋ ਸਫਾ 8 'ਤੇ)

## ਸਹਾਰਨਪੁਰ ਮਸਲੇ 'ਤੇ ਬੋਲਣ ਤੋਂ ਰੋਕਿਆ

# ਮਾਇਆਵਤੀ ਨੇ ਰਾਜ ਸਭਾ ਮੈਂਬਰੀ ਤੋਂ ਦਿੱਤਾ ਅਸਤੀਫ਼ਾ

**ਨਵੀਂ ਦਿੱਲੀ (ਬਿਊਰੋ)–** ਰਾਜ ਸਭਾ ਦੇ ਉਪ ਚੇਅਰਮੈਨ ਵੱਲੋਂ ਯੂਪੀ ਦੇ ਸਹਾਰਨਪੁਰ 'ਚ ਦਲਿਤ-ਵਿਰੋਧੀ ਹਿੰਸਾ ਬਾਰੇ ਤਕਰੀਰ ਨੂੰ ਸਮੇਟਣ ਬਾਰੇ ਕਹਿਣ ਤੋਂ ਕੁੱਝ ਘੰਟਿਆਂ ਬਾਅਦ ਬਹੁਜਨ ਸਮਾਜ ਪਾਰਟੀ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਜੀ ਨੇ ਰਾਜ ਸਭਾ ਦੇ ਮੈਂਬਰ ਵਜੋਂ ਅਸਤੀਫ਼ਾ ਦੇ ਦਿੱਤਾ। ਬੀਤੀ ਸ਼ਾਮ ਨੂੰ ਮਾਇਆਵਤੀ ਨੇ ਰਾਜ ਸਭਾ ਦੇ ਚੇਅਰਮੈਨ ਹਾਮਿਦ ਅੰਸਾਰੀ ਨੂੰ ਮਿਲ ਕੇ ਆਪਣਾ ਅਸਤੀਫ਼ਾ ਸੌਂਪ ਦਿੱਤਾ। ਉਨ੍ਹਾਂ ਨੇ ਅਸਤੀਫ਼ਾ ਦੇਣ ਬਾਅਦ ਕਿਹਾ, 'ਮੈਂ ਆਪਣਾ ਅਸਤੀਫ਼ਾ ਪੱਤਰ ਸੌਂਪਣ ਲਈ ਚੇਅਰਮੈਨ ਨੂੰ ਮਿਲੀ ਸੀ। ਇਹ ਠੀਕ ਨਹੀਂ ਹੈ ਕਿ ਮੈਂ ਉਨ੍ਹਾਂ ਮੁੱਦਿਆਂ 'ਤੇ ਸਦਨ ਵਿੱਚ ਬੋਲ ਨਹੀਂ ਸਕਦੀ, ਜੋ ਮੇਰੇ ਕਰੀਬ ਹਨ। ਜਦੋਂ ਮੈਂ ਬੋਲਣ ਲਈ ਖੜ੍ਹੀ ਹੋਈ ਤਾਂ ਸਰਕਾਰ ਨੇ ਮੈਨੂੰ ਇਸ ਨੂੰ ਮੁਕੰਮਲ ਕਰਨ ਦੀ ਆਗਿਆ ਨਹੀਂ ਦਿੱਤੀ। ਉਨ੍ਹਾਂ ਦੇ ਮੈਂਬਰ ਖੜ੍ਹੇ ਹੋ ਗਏ ਤੇ ਦਖ਼ਲ ਦਿੱਤਾ। ਇਹ ਠੀਕ ਨਹੀਂ ਹੈ।' ਰਾਜ ਸਭਾ ਸਕੱਤਰੇਤ ਵਿਚਲੇ ਸੂਤਰਾਂ



ਮੁਤਾਬਕ ਮਾਇਆਵਤੀ ਦੇ ਅਸਤੀਫ਼ੇ ਨੂੰ ਸਵੀਕਾਰ ਕਰਨ ਦਾ ਫ਼ੈਸਲਾ ਚੇਅਰਮੈਨ ਦੇ ਹੱਥ ਹੈ। ਫਾਰਮੈਟ ਮੁਤਾਬਕ ਅਸਤੀਫ਼ਾ ਪੱਤਰ ਸੰਖੇਪ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਕਾਰਨ ਨਹੀਂ ਦੱਸੇ ਜਾਣੇ ਚਾਹੀਦੇ। ਇਸ ਤੋਂ ਪਹਿਲਾਂ ਰਾਜ ਸਭਾ ਵਿੱਚ ਗੱਲ ਕਹਿਣ ਲਈ ਮਿਲੇ ਤਿੰਨ ਮਿੰਟਾਂ ਤੋਂ ਵੱਧ ਸਮਾਂ ਹੋਣ 'ਤੇ ਉਪ ਸਭਾਪਤੀ ਪੀ ਜੇ ਕੁਰੀਅਨ ਵੱਲੋਂ ਤਕਰੀਰ ਸਮੇਟਣ ਲਈ ਕਹਿਣ ਉਤੇ ਗੁੱਸੇ ਵਿੱਚ ਆਈ ਮਾਇਆਵਤੀ ਨੇ ਕਿਹਾ, 'ਮੈਂ ਰਾਜ ਸਭਾ ਤੋਂ ਅਸਤੀਫ਼ਾ ਦੇ ਦੇਵਾਂਗੀ।' ਮਾਇਆਵਤੀ ਨੇ ਸ੍ਰੀ ਕੁਰੀਅਨ ਨਾਲ ਬਹਿਸਦਿਆਂ ਕਿਹਾ ਕਿ ਉਸ ਨੂੰ ਆਪਣੇ 'ਸਮਾਜ' ਤੇ ਦਲਿਤਾਂ ਦੇ ਮੁੱਦੇ ਉਠਾਉਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, 'ਮੈਂ ਹਾਲੇ ਗੱਲ ਪੂਰੀ ਨਹੀਂ ਕੀਤੀ। ਦਲਿਤਾਂ ਉਤੇ ਹੋ ਰਹੇ ਅਤਿਆਚਾਰ ਬਾਰੇ ਜੇਕਰ ਮੈਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਤਾਂ ਮੈਨੂੰ ਸਦਨ ਵਿੱਚ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।'


BKG Accounting & Tax Services

ਆਪਣੇ ਕਾਰੋਬਾਰ ਸਬੰਧੀ ਪੇਪਰ-ਵਰਕ ਲਈ ਘਰ ਬੈਠਿਆਂ ਸਾਡੀਆ ਸੇਵਾਵਾਂ ਪ੍ਰਾਪਤ ਕਰੋ
(209)-261-0682,
(209)-233-4573
Bhupinder Kaur, CPA

Kulvinder Singh, M.S. Commerce
Accounting Services :
Bookkeeping, Day to day transactions, Bank reconciloation and IRS assistance.
Tax Prepration Services :
Individual, Partnerships, S-Corporations and LLCs.
Payroll Services :
Payroll, 1099 (Independent Contractors), Quarterly Payroll taxes estimated payments.
Specialize in Truck Driving business
(IFTA, Weight Distance Tax Returns, Form 2290)
E-mail: cpabkg@gmail.com Website: www.cpabkg.com Facebook: www.facebook.com/cpabkguru


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

Jasvinder Sandhu
Realtor CalBRE #01959230
ELITE REALTY SERVICES
7412 Elsie Avenue Sacramento, CA 95828
Cell : 916-770-9334
Jasvinder.sandhu@yahoo.com
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨੇਂਸ ਲਈ ਵੀ ਮਦਦ ਕਰ ਸਕਦੇ ਹਾਂ।

Jasvinder Sandhu


ELITE REALTY SERVICES
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax: 916-917-5773
Office: 916-681-5112
shangararam2@gmail.com
7412 Elsie Ave., Sacramento, CA 95828

BAGGA JEWELERS SINCE 1996
916-912-8842,
916-329-8772
jewelers.Bagga@gmail.com
ਖੁਸ਼ਖਬਰੀ ! ਖੁਸ਼ਖਬਰੀ !! ਖੁਸ਼ਖਬਰੀ !!!
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets

# INDIA MARKET
SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

## Super Eyebrow Threading Now Open
Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511
Email: IndiaMarketRoseville@gmail.com

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

## ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸੇਵਾ ਪੀ.ਟੀ.ਯੂ. ਵੱਲੋਂ ਬੈਂਕਾਂ ਦੀ ਭਰਤੀ ਲਈ ਮੁਫਤ ਕੋਚਿੰਗ ਸੈਂਟਰ ਦਾ ਪੰਜਵਾਂ ਬੈਚ 30 ਜੁਲਾਈ ਤੋਂ ਆਰੰਭ

**ਜਲੰਧਰ (ਬਿਊਰੋ)–** ਐਸ. ਸੀ. ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਆਫ ਪੀ.ਟੀ. ਯੂ. (ਸੇਵਾ ਪੀ. ਟੀ. ਯੂ.) ਅਤੇ ਅੰਬੇਡਕਰ ਭਵਨ ਟਰੱਸਟ ਵੱਲੋਂ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਸਮਰਪਿਤ ਬੈਂਕਾਂ ਵਿਚ ਪੀ. ਓ. ਅਤੇ ਕਲਰਕ ਦੀਆਂ ਭਰਤੀਆਂ ਦੀ ਕੋਚਿੰਗ ਲਈ ਮੁਫਤ ਕੋਚਿੰਗ ਸੈਂਟਰ ਦੇ ਪੰਜਵੇਂ ਬੈਚ ਦਾ ਉਦਘਾਟਨ 30 ਜੁਲਾਈ ਨੂੰ ਸਵੇਰੇ 9:30 ਵਜੇ ਕੀਤਾ ਜਾ ਰਿਹਾ ਹੈ। ਸੇਵਾ ਪੀ. ਟੀ. ਯੂ. ਵੱਲੋਂ ਇਹ ਕੋਚਿੰਗ ਸੈਂਟਰ ਅੰਬੇਡਕਰ ਭਵਨ, ਨਕੋਦਰ ਰੋਡ, ਜਲੰਧਰ ਵਿਖੇ ਵਿਦਿਆਰਥੀਆਂ ਲਈ ਮੁਫਤ ਚਲਾਇਆ ਜਾ ਰਿਹਾ ਹੈ ਅਤੇ ਹੁਣ ਤੱਕ 250 ਵਿਦਿਆਰਥੀਆਂ ਨੂੰ ਚਾਰ ਬੈਚਾਂ ਵਿਚ ਸਫਲਤਾ ਪੂਰਵਕ ਕੋਚਿੰਗ ਦਿੱਤੀ ਜਾ ਚੁੱਕੀ ਹੈ।

ਇਸ ਸਬੰਧੀ ਐਸੋਸੀਏਸ਼ਨ ਦੀ ਮੀਟਿੰਗ ਅੰਬੇਡਕਰ ਭਵਨ ਵਿਚ ਹੋਈ, ਜਿਸ ਵਿਚ ਪਵਨ ਖਿੱਚੀ, ਪ੍ਰਧਾਨ ਸੇਵਾ ਪੀ. ਟੀ. ਯੂ., ਸੰਦੀਪ ਮਹਿਮੀ, ਜਨਰਲ ਸੈਕਟਰੀ ਸੇਵਾ ਪੀ. ਟੀ. ਯੂ., ਨਰੇਸ਼ ਕੁਮਾਰ ਫਾਈਨਾਂਸ ਸੈਕਟਰੀ ਸੇਵਾ ਪੀ. ਟੀ. ਯੂ. ਐਮ. ਆਰ. ਸੱਲ੍ਹਣ, ਅਸਿਸਟੈਂਟ ਡਾਇਰੈਕਟਰ, ਸੀ. ਆਈ. ਐਚ. ਟੀ. ਜਲੰਧਰ ਅਤੇ ਡਾ. ਜੀ. ਸੀ. ਕੌਲ ਪ੍ਰਧਾਨ ਅੰਬੇਡਕਰ ਭਵਨ ਟਰੱਸਟ ਮੌਜੂਦ ਸਨ। ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਕਿ ਜਿਹੜੇ ਵਿਦਿਆਰਥੀਆਂ ਵੱਲੋਂ 27 ਜੁਲਾਈ ਤੱਕ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਵਾਏ ਜਾਣਗੇ, ਉਹਨਾਂ ਵਿਦਿਆਰਥੀਆਂ ਦਾ 28 ਜੁਲਾਈ 5:30 ਵਜੇ ਦਾਖਲਾ ਪ੍ਰੀਖਿਆ ਲਈ ਜਾਵੇਗੀ, ਉਸ ਉਪਰੰਤ ਹੀ ਐਡਮਿਸ਼ਨ ਦਿੱਤੀ ਜਾਵੇਗੀ ਅਤੇ ਐਸੋਸੀਏਸ਼ਨ ਵੱਲੋਂ ਪਹਿਲੇ 70 ਯੋਗ ਵਿਦਿਆਰਥੀਆਂ ਨੂੰ ਹੀ ਦਾਖਲਾ ਦਿੱਤਾ ਜਾਵੇਗਾ।



ਐਸ. ਸੀ. ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਆਫ ਪੀ. ਟੀ. ਯੂ. ਵੱਲੋਂ ਚਲਾਏ ਜਾਂਦੇ ਕੋਚਿੰਗ ਸੈਂਟਰ ਦੌਰਾਨ ਸ੍ਰੀ ਪ੍ਰੇਮ ਕੁਮਾਰ ਚੁੰਬਰ ਲੈਕਚਰ ਦੇਣ ਉਪਰੰਤ ਡਾ. ਜੀ. ਸੀ. ਕੌਲ, ਡਾ. ਸੰਦੀਪ ਮਹਿਮੀ, ਬਲਵਿੰਦਰ ਕੁਮਾਰ, ਮਿਸਟਰ ਮਲਿਕ, ਮਿਸਟਰ ਨਰੇਸ਼ ਕੁਮਾਰ ਅਤੇ ਕੋਚਿੰਗ ਸੈਂਟਰ ਦੇ ਵਿਦਿਆਰਥੀਆਂ ਦੇ ਨਾਲ, ਇਕ ਯਾਦਗਾਰੀ ਤਸਵੀਰ।

# ਸ਼ਿਕਾਗੋ ਦੇ ਪੰਜਾਬ ਸਪੋਰਟਸ ਕਲੱਬ ਵਲੋਂ ਕਰਵਾਇਆ ਗਿਆ ਸੱਭਿਆਚਾਰਕ ਤੇ ਖੇਡ ਮੇਲਾ ਵੱਖ ਵੱਖ ਸ਼ਖਸ਼ੀਅਤਾਂ ਨੇ ਲਗਾਈ ਵਿਸ਼ੇਸ਼ ਹਾਜ਼ਰੀ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਐਲਕ ਗਰੂਵ ਵਿਲੇਜ ਵਿੱਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਸੱਭਿਆਚਾਰਕ ਮੇਲਾ ਤੇ ਕਬੱਡੀ ਕੱਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਰਵਾਏ ਕਬੱਡੀ ਮੁਕਾਬਲਿਆਂ ਵਿਚ ਸਿਆਟਲ ਸਪੋਰਟਸ ਕਲੱਬ ਦੀ ਟੀਮ ਯੂਬਾ ਸਿਟੀ ਸਪੋਰਟਸ ਕਲੱਬ ਨੂੰ 23 ਦੇ ਮੁਕਾਬਲੇ 35 ਅੰਕਾਂ ਨਾਲ ਹਰਾ ਕੇ ਜੇਤੂ ਰਹੀ ਅਤੇ ਇੰਜ ਪਹਿਲੇ ਇਨਾਮ ਦੀ ਹੱਕਦਾਰ ਬਣੀ। ਸੁਲਤਾਨ ਬੈਸਟ ਰੇਡਰ ਤੇ ਪਾਲਾ ਜਲਾਲਪੁਰੀਆ ਬੈਸਟ ਸਟਾਪਰ ਐਲਾਨੇ ਗਏ। ਕਬੱਡੀ ਮੁਕਾਬਲਿਆਂ ਵਿਚ ਤਿੰਨ ਟੀਮਾਂ-ਮਿਡਵੈਸਟ ਸਪੋਰਟਸ ਕਲੱਬ ਸ਼ਿਕਾਗੋ, ਸਿਆਟਲ ਸਪੋਰਟਸ ਕਲੱਬ ਤੇ ਯੂਬਾ ਸਿਟੀ ਸਪੋਰਟਸ ਕਲੱਬ ਮੈਦਾਨ ਵਿਚ ਨਿੱਤਰੀਆਂ। ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਮਿਲਵਾਕੀ ਤੋਂ ਬਿਜਸਨਸਮੈਨ ਦਰਸ਼ਨ ਸਿੰਘ ਧਾਲੀਵਾਲ ਸਨ ਜਿਨਾਂ ਆਪਣੇ ਪਿਤਾ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਇਹ ਇਨਾਮ ਦਿੱਤਾ। ਦੂਜੇ ਇਨਾਮ ਦੇ ਸਪਾਂਸਰ ਇੰਡੀਆਨਾ ਤੋਂ ਘੁਮਾਣ ਭਰਾ-ਹੈਰੀ ਘੁਮਾਣ ਤੇ ਅਮਰਵੀਰ ਘੁਮਾਣ ਸਨ। ਖਿਡਾਰੀ ਸੁਲਤਾਨ, ਗੁਰਪ੍ਰੀਤ ਸਿੰਘ, ਪਾਲਾ ਜਲਾਲਪੁਰੀਆ, ਗੋਰੀ, ਡਿੰਪੀ ਨੇ ਵਧੀਆ ਖੇਡ ਦਿਖਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਸੇ ਤਰਾਂ ਵਾਲੀਬਾਲ ਮੁਕਾਬਲਿਆਂ ਵਿਚ ਕੁਲ 5 ਟੀਮਾਂ ਭਿੜੀਆਂ। ਫਾਈਨਲ ਵਿਚ ਸ਼ਹੀਦ ਭਗਤ ਸਿੰਘ ਕਲੱਬ-1 ਨੇ ਸ਼ਹੀਦ ਭਗਤ ਸਿੰਘ ਕਲੱਬ-2 ਨੂੰ ਹਰਾ ਕੇ ਟਰਾਫੀ ਜਿੱਤੀ। ਇਸ ਮੌਕੇ ਜੇਤੂ ਟੀਮਾਂ ਨੂੰ ਟਰਾਫੀਆਂ ਤੇ ਨਗਦ ਇਨਾਮ ਦਰਸ਼ਨ ਸਿੰਘ ਧਾਲੀਵਾਲ, ਕਲੱਬ ਪ੍ਰਧਾਨ ਸ: ਅਮਰੀਕ ਸਿੰਘ ਸ਼ਿਕਾਗੋ, ਡਾ. ਭੁਪਿੰਦਰ ਸਿੰਘ ਸੈਣੀ ਤੇ ਬਲਦੇਵ ਸਿੰਘ ਸੱਲਾਂ ਨੇ ਸਾਂਝੇ ਤੌਰ ਤੇ ਵੰਡੀਆਂ। ਇਸ ਮੌਕੇ ਵੱਖ ਵੱਖ ਸ਼ਖਸ਼ੀਅਤਾਂ ਨੇ ਲਗਾਈ ਵਿਸ਼ੇਸ਼ ਹਾਜ਼ਰੀ ਲੁਆਈ ਇਨਾਂ ਮਹਿਮਾਨਾਂ ਵਿੱਚ ਰਾਜ ਗਾਇਕ ਹੰਸ ਰਾਜ ਹੰਸ, ਸਮਾਜ ਸੇਵੀ ਐਸ.ਪੀ. ਸਿੰਘ ਉਬਰਾਏ, ਮਿਲਵਾਕੀ ਤੋਂ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਕਾਂਗਰਸਮੈਨ ਰਾਜਾ





ਕ੍ਰਿਸ਼ਨਾਮੂਰਤੀ, ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਨੀਤਾ ਭੂਸ਼ਣ, ਡਾ. ਭੁਪਿੰਦਰ ਸਿੰਘ ਸੈਣੀ, ਮਨਜੀਤ ਸਿੰਘ ਰਾਜਪੁਰ ਭਾਈਆਂ (ਕੈਨੇਡਾ), ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਜਥੇਦਾਰ ਤਾਰਾ ਸਿੰਘ ਸੱਲਾਂ, ਢੀਂਡਸਾ ਭਰਾ-ਅਮਰਜੀਤ ਸਿੰਘ ਤੇ ਲਖਵੀਰ ਸਿੰਘ, ਹਰਵਿੰਦਰ ਸਿੰਘ ਵਾਲੀਆ, ਬਲਦੇਵ ਸਿੰਘ ਸੱਲਾਂ, ਪਾਲ ਖਲੀਲ, ਮਿਸ਼ੀਗਨ ਦੇ ਸਿਆਸੀ ਹਲਕਿਆਂ ਵਿਚ ਸਰਗਰਮ ਸੰਨੀ ਧੂੜ, ਹੈਰੀ ਘੁਮਾਣ ਤੇ ਅਮਰਵੀਰ ਘੁਮਾਣ, ਜੀ.ਪੀ.ਐਸ. ਖਹਿਰਾ, ਅਟਾਰਨੀ ਜਸਪ੍ਰੀਤ ਸਿੰਘ, ਜਗੀਰ ਸਿੰਘ ਸਬਜ਼ੀ ਮੰਡੀ (ਨਿਊ ਯਾਰਕ), ਵਰਿੰਦਰਪਾਲ ਸਿੰਘ (ਐਰੀਜ਼ੋਨਾ) ਅਤੇ ਸੁਖਨਿੰਦਰ ਸਿੰਘ ਨੀਟੂ ਵੜਿਆਲ (ਫਰਿਜ਼ਨੋ) ਸ਼ਾਮਲ ਸਨ।ਇਸ ਮੇਲੇ ਦਾ ਦੂਜਾ ਹਿੱਸਾ ਗਾਇਕੀ ਦਾ ਖੁੱਲਾ ਅਖਾੜਾ ਸੀ ਜਿਸ ਵਿਚ ਪੌਪ ਗਾਇਕਾ ਜੈਸਮੀਨ ਸੈਂਡਲਸ ਤੋਂ ਇਲਾਵਾ ਰੁਪਿੰਦਰ ਹਾਂਡਾ ਅਤੇ ਸ਼ੈਰੀ ਮਾਨ ਨੇ ਸਰੋਤਿਆਂ ਦਾ ਮਨੋਰੰਜਨ ਕੀਤਾ। ਮੇਲੇ ਦੇ ਅੰਤ ਵਿਚ ਸੰਸਥਾ ਦੇ ਪ੍ਰਧਾਨ ਅਮਰੀਕ ਸਿੰਘ ਸ਼ਿਕਾਗੋ ਅਮਰ ਕਾਰਪੈਟ ਵਾਲਿਆਂ ਨੇ ਆਏ ਦਰਸ਼ਕਾਂ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ।

# ਸਿਆਟਲ ਵਿਖੇ ਦੋ ਰੋਜ਼ਾ ਅੰਤਰ ਰਾਸ਼ਟਰੀ ਸਿੱਖ ਚੇਤਨਾ ਕਾਨਫਰੰਸ ਰਹੀ ਬੇਹੱਦ ਸਫਲ

## ਪ੍ਰਭਾਵਸ਼ਾਲੀ ਤੇ ਸੰਜੀਦਾ ਇਕੱਠ ਨੇ ਪੰਜ ਮਤੇ ਪਾਸ ਕੀਤੇ, ਮੂਲ ਨਾਨਕਸ਼ਾਹੀ ਕੈਲੰਡਰ ਦੀ ਬਹਾਲੀ, ਪੰਥ ਪ੍ਰਵਾਨਿਤ ਰਹਿਤ ਮਰਿਆਦਾ 'ਤੇ ਡਟ ਕੇ ਪਹਿਰਾ ਦੇਣ ਦਾ ਅਹਿਦ ਅਤੇ ਤੱਤਿ ਗੁਰਮਤਿ ਪ੍ਰਚਾਰਕਾਂ 'ਤੇ ਹੋਏ ਹਮਲਿਆਂ ਦੀ ਕੀਤੀ ਨਿਖੇਧੀ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)–** 15-16 ਜੁਲਾਈ ਨੂੰ ਸਿਆਟਲ ਵਿਖੇ ਸੰਪੰਨ ਹੋਈ ਦੋ ਦਿਨਾ ਅੰਤਰ ਰਾਸ਼ਟਰੀ ਸਿੱਖ ਚੇਤਨਾ ਕਾਨਫਰੰਸ ਸਫਲਤਾ ਪੱਖੋਂ ਨਵਾਂ ਇਤਿਹਾਸ ਸਿਰਜਣ ਵਿਚ ਕਾਮਯਾਬ ਕਹੀ ਜਾ ਸਕਦੀ ਹੈ। ਕਿਉਂਕ ਇਸ ਵਿਚ ਅਮਰੀਕਾ, ਕੈਨੇਡਾ ਦੇ ਵੱਖ ਵੱਖ ਸਟੇਟਾਂ ਤੋਂ ਅਨੇਕਾਂ ਸਿੱਖ ਜਥੇਬੰਦੀਆਂ ਨਾਮਵਰ ਸ਼ਖਸੀਅਤਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਨਾਲ ਨਾਲ ਇੰਗਲੈਂਡ ਤੇ ਪੰਜਾਬ ਤੋਂ ਵੀ ਪ੍ਰਸਿੱਧ ਬੁਲਾਰਿਆਂ ਨੇ ਭਾਗ ਲਿਆ। ਪਹਿਲੇ ਦਿਨ ਕੈਂਟ ਕਾਨਫਰੰਸ ਹਾਲ ਵਿਚ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਅਤੇ ਦੂਸਰੇ ਦਿਨ ਗੁਰਦੁਆਰਾ ਸੱਚਾ ਮਾਰਗ ਦੇ ਮੁੱਖ ਦੀਵਾਨ ਹਾਲ ਵਿਚ ਹੋਏ ਪ੍ਰਭਾਵਸ਼ਾਲੀ ਅਤੇ ਸੰਜੀਦਾ ਇਕੱਠਾਂ ਵਿਚ ਸਾਰੇ ਬੁਲਾਰਿਆਂ ਨੇ ਚਲੰਤ ਸਿੱਖ ਮਸਲਿਆਂ ਬਾਰੇ ਇਤਿਹਾਸ ਤੱਥਾਂ ਅਤੇ ਅੰਕੜਿਆਂ ਸਹਿਤ ਵਿਚਾਰ ਪ੍ਰਗਟਾਏ। ਬਕਾਇਦਾ ਅਰਦਾਸ ਕਰਨ ਤੋਂ ਬਾਅਦ ਸ਼ੁਰੂ ਹੋਏ ਸਮਾਗਮ ਵਿਚ ਡਾ. ਗੁਰਦਰਸ਼ਨ ਸਿੰਘ ਢਿੱਲੋਂ ਸਾਬਕਾ ਮੁਖੀ ਇਤਿਹਾਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੈਨੇਡਾ ਤੋਂ ਆਏ ਪਾਲ ਸਿੰਘ ਪੁਰੇਵਾਲ ਰਚਨਾਕਾਰ ਨਾਨਕਸ਼ਾਹੀ ਕੈਲੰਡਰ, ਇੰਗਲੈਂਡ ਤੋਂ ਟਾਈਗਰ ਜਥੇ ਵਾਲੇ ਨੌਜਵਾਨ ਪ੍ਰਭਦੀਪ ਸਿੰਘ, ਗੁਰਦੇਵ ਸਿੰਘ ਸੱਧੇਵਾਲੀਆ ਸੰਪਾਦਕ 'ਖਬਰਦਾਰ' ਅਤੇ ਪ੍ਰਿੰਸੀਪਲ ਜਸਵੀਰ ਕੌਰ ਨੇ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਿਆ।

ਡਾ. ਢਿੱਲੋਂ ਨੇ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਸਿੱਖ ਫਲਸਫੇ ਨੂੰ ਗੰਧਲਾ ਕਰਨ ਦੇ ਬਿਪਰਵਾਦੀ ਮਨਸੂਬਿਆਂ ਬਾਰੇ, ਭਾਈ ਪੁਰੇਵਾਲ ਨੇ ਸਿੱਖ ਪਹਿਚਾਣ ਦੀ ਵਿਲੱਖਣਤਾ ਪ੍ਰਤੀ ਨਾਨਕਸ਼ਾਹੀ ਕੈਲੰਡਰ ਦੀ ਵਿਸ਼ੇਸ਼ ਦੇਣ, ਪ੍ਰਭਦੀਪ ਸਿੰਘ ਨੇ ਪੰਥਕ ਰਹਿਤ ਮਰਿਆਦਾ ਬਾਰੇ, ਸੱਧੇਵਾਲੀਆ ਨੇ ਸਿੱਖ ਸਮਾਜ ਨੂੰ ਘੁਣ ਵਾਂਗ ਖਾ ਰਹੇ ਡੇਰਾਵਾਦ ਬਾਰੇ ਅਤੇ ਬੀਬੀ ਜਸਵੀਰ ਕੌਰ ਨੇ ਸਿੱਖ ਪਰਿਵਾਰਾਂ ਵਿਚ ਸਿੱਖੀ ਸੱਭਿਆਚਾਰ ਦੀ ਪ੍ਰਫੁੱਲਤਾ ਬਾਬਤ ਵਿਚਾਰ ਸਾਂਝੇ ਕੀਤੇ।







ਇਹਨਾ ਬੁਲਾਰਿਆਂ ਤੋਂ ਇਲਾਵਾ ਦੋਵੇਂ ਦਿਨਾਂ ਦੇ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਪ੍ਰਸਿੱਧ ਕਥਾਵਾਚਕ ਸ਼ਿਵਤੇਗ ਸਿੰਘ, ਪ੍ਰਮਜੀਤ ਸਿੰਘ ਉਤਰਾਖੰਡ, ਹਰਜਿੰਦਰ ਸਿੰਘ ਸਭਰਾ, ਸਰਬਜੀਤ ਸਿੰਘ ਸੈਕਰਾਮੈਂਟੋ, ਲਖਵੀਰ ਸਿੰਘ ਐਡਵੋਕੇਟ, ਵਰਿੰਦਰ ਸਿੰਘ ਐਲ. ਏ., ਹਰਸ਼ਿੰਦਰ ਸਿੰਘ ਸੰਧੂ, ਬਲਜਿੰਦਰ ਕੌਰ ਸਰੀ, ਸੁਖਵਿੰਦਰ ਸਿੰਘ ਵਾਈਸ ਆਫ ਖਾਲਸਾ ਰੇਡੀਓ, ਸੁਰਿੰਦਰ ਸਿੰਘ 'ਟਾਕਿੰਗ ਪੰਜਾਬ', ਮਹਿੰਦਰ ਸਿੰਘ ਹੁਸੈਨਪੁਰ ਤੇ ਤਰਲੋਚਨ ਸਿੰਘ ਦੁਪਾਲਪੁਰ ਕ੍ਰਮਵਾਰ ਮੌਜੂਦ ਤੇ ਸਾਬਕਾ ਮੈਂਬਰ ਐਸ. ਜੀ. ਪੀ. ਸੀ. ਕੁਲਦੀਪ ਸਿੰਘ ਰੇਡੀਓ ਹੋਸਟ, ਡਾ. ਹਰਚੰਦ ਸਿੰਘ, ਕਮਲਜੀਤ ਕੌਰ ਲੇਥਰੋਪ, ਡਾ. ਗੁਰਮੀਤ ਸਿੰਘ ਬਰਸਾਲ, ਜਸਮੀਤ ਸਿੰਘ ਤੇ ਅਜੈਬ ਸਿੰਘ ਸਿਆਟਲ ਆਦਿ ਬੁਲਾਰੇ ਸ਼ਾਮਲ ਸਨ। ਕਾਕਾ ਪ੍ਰਭਜੋਤ ਸਿੰਘ ਤੇ ਭਗੀਰਥ ਸਿੰਘ ਦਾ ਸਿਆਟਲ ਵਾਲਾ ਕਵੀਸ਼ਰੀ ਜਥਾ ਦੋਵੇਂ ਦਿਨ ਖਿੱਚ ਦਾ ਕੇਂਦਰ ਬਣਿਆ ਰਿਹਾ।

ਸਮਾਪਤੀ ਮੌਕੇ ਜੁੜੇ ਵਿਸ਼ਾਲ ਇਕੱਠ ਨੇ ਜੋਸ਼ੀਲੇ ਅੰਦਾਜ਼ ਵਿਚ ਹੱਥ ਖੜ੍ਹੇ ਕਰਕੇ ਜੈਕਾਰੇ ਛੱਡਦਿਆਂ ਪੰਜ ਮਤੇ ਪਾਸ ਕੀਤੇ। ਪਹਿਲੇ ਮਤੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰਨ ਜਾਂ ਬਰਾਬਰ ਸਨਮਾਨ ਦੇਣ ਦੀ ਨਿਖੇਧੀ ਕੀਤੀ ਗਈ। ਦੂਜੇ ਮਤੇ ਵਿਚ ਤੱਤਿ-ਗੁਰਮਤਿ ਪ੍ਰਚਾਰਕਾਂ 'ਤੇ ਹਮਲਿਆਂ ਦਾ ਵਿਰੋਧ ਅਤੇ ਪ੍ਰਚਾਰਕਾਂ ਦੇ ਨਾਲ ਡਟ ਕੇ ਖਲੋਣ ਦਾ ਅਹਿਦ ਲਿਆ ਗਿਆ। ਤੀਜੇ ਮਤੇ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਦੀ ਪੂਰਨ ਰੂਪ ਵਿਚ ਮੁੜ ਬਹਾਲੀ, ਚੌਥੇ ਮਤੇ ਵਿਚ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਵਿਚ ਡੇਰਾਵਾ ਦੀਆਂ ਵੱਲੋਂ ਕਿਸੇ ਤਰ੍ਹਾਂ ਦੀ ਸੰਭਾਵੀ ਛੇੜਛਾੜ ਨੂੰ ਹਰਗਿਜ਼ ਬਰਦਾਸ਼ਤ ਨਾ ਕਰਨ ਅਤੇ ਪੰਜਵੇਂ ਮਤੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਚੁੰਗਲ ਤੋਂ ਨਿਜਾਤ ਦਿਵਾਉਣ ਲਈ ਸਮੁੱਚੇ ਸਿੱਖ ਜਗਤ ਨੂੰ ਲਾਮਬੰਦ ਕਰਨ ਲਈ ਯਤਨ ਆਰੰਭਣ ਦੀ ਗੱਲ ਕਹੀ ਗਈ ਹੈ।

ਇਸ ਮੌਕੇ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਯੂਨਾਈਟਿਡ ਸਿੱਖ ਨੇਸ਼ਨ ਅਤੇ ਕੁਝ ਸਥਾਨਕ ਸਿੱਖ ਆਗੂਆਂ ਵੱਲੋਂ ਰਲ ਕੇ ਐਲਾਨ ਕੀਤਾ ਗਿਆ ਕਿ ਜਿਹੜਾ ਵੀ ਕੋਈ ਵਿਦਵਾਨ, ਮੂਲ ਨਾਨਕਸ਼ਾਹੀ ਕੈਲੰਡਰ ਨੂੰ ਗਲਤ ਸਾਬਤ ਕਰੇ, ਉਸ ਨੂੰ ਹਾਫ ਮਿਲੀਅਨ ਡਾਲਰ ਇਨਾਮ ਦਿੱਤਾ ਜਾਵੇਗਾ। ਸਟੇਜ ਸਕੱਤਰ ਦੀ ਸੇਵਾ ਕੁਲਦੀਪ ਸਿੰਘ ਸਰੀ ਨੇ ਨਿਭਾਈ ਅਤੇ ਦੋਵੇਂ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸੰਯੁਕਤ ਰਾਸ਼ਟਰ ਦੇ ਨਸਲਕੁਸ਼ੀ ਰੋਕਥਾਮ ਪ੍ਰੋਗਰਾਮ ਤਹਿਤ ਧਾਰਮਿਕ ਹਿੰਸਾ ਰੋਕਣ 'ਤੇ ਵਿਚਾਰ-ਚਰਚਾ ਚ ਸਿੱਖ ਪ੍ਰਤੀਨਿਧਾਂ ਦੀ ਸਮੂਲੀਅਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਦੁਨੀਆ ਭਰ 'ਚ ਵੱਧ ਰਹੀਆਂ ਧਾਰਮਿਕ ਹਿੰਸਾ ਦੇ ਜਾਵੰਤ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਨਸਲਕੁਸ਼ੀ ਰੋਕਥਾਮ ਅਤੇ ਬਚਾਓ, ਅੰਤਰ-ਰਾਸ਼ਟਰੀ ਡਾਇਲੌਗ ਸੈਂਟਰ ਅਤੇ ਵਰਲਡ ਕੌਂਸਲ ਆਫ਼ ਚਰਚਸ ਵੱਲੋਂ ਸਥਾਨਕ ਸੰਯੁਕਤ ਰਾਸ਼ਟਰ ਦਫ਼ਤਰ ਵਿਖੇ ਇਕ ਅਹਿਮ ਵਿਚਾਰ-ਚਰਚਾ ਕਰਵਾਈ ਗਈ। ਜਿਸ 'ਚ ਧਰਮਾਂ ਦੇ ਆਧਾਰ 'ਤੇ ਵੱਧ ਰਹੀਆਂ ਹਿੰਸਕ ਘਟਨਾਵਾਂ ਦੀਆਂ ਚੁਣੌਤੀਆਂ ਅਤੇ ਹੱਲ 'ਤੇ ਚਰਚਾ ਕੀਤੀ ਗਈ। ਇਸ ਦੌਰਾਨ ਇਸ ਵਿਚਾਰ-ਚਰਚਾ ਚ ਸਿੱਖ ਪ੍ਰਤੀਨਿਧਾਂ ਨੇ ਵੀ ਸਮੂਲੀਅਤ ਕੀਤੀ। ਇਸ ਪ੍ਰੋਗਰਾਮ 'ਚ ਸੰਯੁਕਤ ਰਾਸ਼ਟਰ ਦੇ ਉੱਚ ਅਧਿਕਾਰੀ, ਧਾਰਮਿਕ ਸ਼ਖ਼ਸੀਅਤਾਂ ਅਤੇ ਸਮਾਜਿਕ ਕਾਰਕੁੰਨ ਸ਼ਾਮਿਲ ਹੋਏ ਅਤੇ ਉਨਾਂ ਵੱਲੋਂ 'ਗਲੋਬਲ ਪਲੈਨ ਆਫ਼ ਐਕਸ਼ਨ' ਨੂੰ ਲਾਗੂ ਕਰ ਦਿੱਤਾ ਗਿਆ ਹੈ ਅਤੇ ਇਸ ਸਬੰਧੀ ਇਸ ਤੋਂ ਪਹਿਲਾਂ ਖੇਤਰੀ ਪੱਧਰ 'ਤੇ 5 ਮੀਟਿੰਗਾਂ ਵੀ ਹੋ ਚੁੱਕੀਆਂ ਹਨ, ਜਿਸ 'ਚ ਵਚਨਬੱਧਤਾ ਦੁਹਰਾਈ ਗਈ ਕਿ ਹਿੰਸਕ ਘਟਨਾਵਾਂ ਨੂੰ ਰੋਕਿਆ ਜਾ ਸਕੇ। ਸੰਯੁਕਤ ਰਾਸ਼ਟਰ ਦੇ ਅੰਦਰੂਨੀ ਸਕੱਤਰ-ਜਨਰਲ ਅਤੇ ਨਸਲਕੁਸ਼ੀ ਰੋਕਥਾਮ ਬਾਰੇ ਵਿਸ਼ੇਸ਼ ਸਲਾਹਕਾਰ ਐਡਮਾ ਡਾਇੰਗ ਨੇ ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਵਿਸ਼ਵ ਭਰ 'ਚ ਧਾਰਮਿਕ ਨਕਲਕੁਸ਼ੀ ਦੀਆਂ ਵੱਧਦੀਆਂ ਘਟਨਾਵਾਂ 'ਤੇ ਅਤਿਅੰਤ ਚਿੰਤਤ ਹੈ। ਇਸ ਮੌਕੇ ਸਕੱਤਰ-ਜਨਰਲ, ਐਨਟੋਨੀਓ ਗੁੱਟਰਸ ਨੇ ਵੀ ਧਾਰਮਿਕ ਆਧਾਰ 'ਤੇ ਹਿੰਸਾ ਦੀਆਂ ਘਟਨਾਵਾਂ 'ਤੇ ਰੌਸ਼ਨੀ ਪਾਉਂਦਿਆ ਇਸ ਦੇ ਹੱਲ ਲਈ ਦੁਨੀਆ ਭਰ ਦੇ ਮੁਲਕਾਂ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ। ਇਸ ਵਿਚਾਰ ਗੋਸ਼ਟੀ ਤੋਂ ਬਾਅਦ ਮੁੱਢਲਾ ਦਸਤਾਵੇਜ਼ ਜਿਸ 'ਚ ਧਾਰਮਿਕ ਨੇਤਾਵਾਂ ਅਤੇ ਆਗੂਆਂ ਦੀ ਹਿੰਸਾ ਨੂੰ ਉਕਸਾਉਣ 'ਚ ਭੂਮਿਕਾ ਦੀ ਨਿੰਦਿਆ ਕੀਤੀ ਗਈ, ਵੀ ਉਜਾਗਰ ਕੀਤਾ ਗਿਆ। ਜਿਸ 'ਚ ਵਿਸਥਾਰਪੂਰਵਕ ਬਹਿਸ ਦੌਰਾਨ ਧਾਰਮਿਕ ਅੱਤਿਆਚਾਰ ਦੇ ਪੈਦਾ ਹੋ ਰਹੇ ਅਪਰਾਧਾਂ ਨੂੰ



ਖੇਤਰੀ ਕਾਰਵਾਈ ਯੋਜਨਾਵਾਂ ਸਕੀਮ ਅਧੀਨ ਲਗਾਤਾਰ ਹੋ ਰਹੀਆਂ ਕਾਰਵਾਈਆਂ ਬਾਰੇ ਵਿਚਾਰ-ਵਟਾਂਦਰਾ ਸਾਂਝਾ ਕੀਤਾ ਗਿਆ। ਐਡਾਮਾ ਨੇ ਵੀ ਇਸ ਮੁੱਦੇ 'ਤੇ ਕਿਹਾ ਕਿ ਖੇਤਰੀ ਕਾਰਵਾਈ ਪਲਾਨ ਅਧੀਨ ਧਾਰਮਿਕ ਆਗੂਆਂ ਦੁਆਰਾ ਧਰਮ ਅਧਾਰਿਤ ਹਿੰਸਾ ਦੇ ਗਲੋਬਲ ਯੋਜਨਾ ਜਿਸ 'ਚ ਹਿੰਸਾ ਨੂੰ ਭੜਕਾਉਣਾ ਅਤੇ ਲਗਾਤਾਰ ਜ਼ੁਰਮਾਂ ਨੂੰ ਬੜਾਵਾ ਦੇਣ ਦੇ ਪ੍ਰੋਗਰਾਮ ਖਿਲਾਫ਼ ਸੰਯੁਕਤ ਰੂਪ 'ਚ ਵਿਉਂਤ ਲਾਗੂ ਕਰਨਾ ਸ਼ਾਮਿਲ ਹੈ, 'ਤੇ ਵੀ ਅਹਿਮ ਵਿਚਾਰਾਂ ਹੋਈਆਂ। ਉਨਾਂ ਕਿਹਾ ਕਿ ਅਪਨਾਈ ਗਈ 5 ਖੇਤਰੀ ਕਾਰਵਾਈ ਦੀ ਯੋਜਨਾ ਲਾਗੂ ਹੋਣ ਨਾਲ ਧਾਰਮਿਕ ਹਿੰਸਾ ਨਾਲ ਪ੍ਰਭਾਵਿਤ ਖੇਤਰ 'ਚ ਖ਼ੂਨੀ ਜੁਰਮਾਂ ਦੀ ਰੋਕਥਾਮ ਨੂੰ ਬੱਲ ਮਿਲੇਗਾ ਅਤੇ ਸੰਪਰਦਾਇਕ ਤਣਾਅ ਅਤੇ ਹਿੰਸਾ ਰੁਕਣਗੀਆਂ।

ਮੀਟਿੰਗ 'ਚ ਭਾਗੀਦਾਰੀ ਰਾਜਾਂ, ਸੰਯੁਕਤ ਰਾਸ਼ਟਰ, ਫੀਜ਼ ਪਲੈਨ ਆਫ਼ ਐਕਸ਼ਨ ਅਤੇ ਸਬੰਧਿਤ ਖੇਤਰੀ ਕਾਰਵਾਈ ਯੋਜਨਾਵਾਂ ਸਮੇਤ ਕੌਮਾਂਤਰੀ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਪ੍ਰਤੀਨਿਧ ਸ਼ਾਮਿਲ ਸਨ। ਇਕ ਵਿਸ਼ੇਸ਼ ਪੇਸ਼ਕਾਰੀ ਦੌਰਾਨ ਫੈਜ਼ਲ ਬਿਨ ਮੁਅੱਮਰ, ਸਕੱਤਰ-ਜਨਰਲ, (ਕੇ. ਏ. ਆਈ. ਸੀ. ਆਈ. ਆਈ. ਡੀ.) ਨੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ। ਇਸੇ ਦੌਰਾਨ ਸਾਇਕ ਬਿਨ ਬਯਾਯਹ ਰਾਸ਼ਟਰਪਤੀ, ਫੋਰਮ ਵੀ ਸ਼ਾਮਿਲ ਸਨ, ਨੇ ਮੁਸਲਿਮ ਸਮਾਜ 'ਚ ਅਮਨ ਨੂੰ ਉਤਸ਼ਾਹਿਤ ਕਰਨ ਲਈ ਬੀੜਾ ਚੁੱਕਣ ਦੀ ਗੱਲ ਕਹੀ। ਹਿੰਸਾ ਨੂੰ ਉਕਸਾਉਣ ਅਤੇ ਨਿਰੰਤਰ ਵਿਕਾਸ ਟੀਚਿਆਂ ਦੀ ਗੱਲਬਾਤ ਨੂੰ ਲਾਗੂ ਕਰਨ 'ਚ ਧਾਰਮਿਕ ਲੀਡਰਾਂ ਦੀ ਭੂਮਿਕਾ 'ਤੇ ਡਿਪਟੀ ਜਨਰਲ ਸਕੱਤਰ ਡਿਆਕੋਨੀਆ, ਵਰਲਡ ਕੌਂਸਲ ਆਫ਼ ਚਰਚਜ਼ ਦੇ ਇਜ਼ਾਬੈੱਲ ਪਰੀ ਨੇ ਚਾਨਣਾ ਪਾਉਂਦਿਆਂ ਜਰੂਰੀ ਕਦਮ ਉਠਾਏ ਜਾਣ ਦੀ ਗੱਲ ਕਹੀ।

ਇਸ ਮੌਕੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੇ. ਐਸ. ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਉਕਤ ਵਿਸ਼ੇ 'ਤੇ ਬੈਠਕ ਦੇ ਪ੍ਰਬੰਧਾਂ 'ਤੇ ਸੰਤੁਸ਼ਟੀ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਆਰਚਬਿਸ਼ਪ ਬਰਨਾਰਡ ਨਾਟਾਹੋਰੀ, ਮਿਸ ਅਸ਼ੀ ਅਲ-ਅਦਾਵੀਆ, ਸ਼੍ਰੀਮਤੀ ਨੈਂਸੀ ਫਾਲਕਨ, ਮਾਣਨੀਯ ਕਲੈਲੋ, ਰੱਬੀ ਸੋਤੇਂਦਰਪ (ਟੀਬੀਸੀ), ਨੈਨਸੀ ਫਾਲਕਨ, ਮਾਣਨੀਯ ਕਲੋਏ ਬੁਏਅਰ, ਗੁਰੂ ਸੁਏਟਨਡਰੋਪ, ਅਹਿਮਦ ਇਲਾਬਾਦੀ, ਮਾਣਨੀਯ ਬੌਨੀ ਈਵਨ ਹਿੱਲਸ, ਪੂਜਿਆ ਸਾਧਵੀ ਭਾਗਵਤੀ, ਅਮੀਨਾ ਜੰਮੂ ਮੁਹੰਮਦ (ਟੀਬੀਸੀ), ਅਜ਼ਾਜ਼ਾ ਕਰਮ, ਰੱਬੀ ਬੁਰਟਨ ਵਿਜ਼ੋਟਾਕੀ, ਮੁਹੰਮਦ ਅਬੂ ਨਿਮਰ ਅਤੇ ਇਕਤਿਦਾਰ ਚੀਮਾ ਆਦਿ ਸ਼ਾਮਿਲ ਸਨ।

# ਜੀ. ਐਚ. ਜੀ. ਅਕੈਡਮੀ ਫਰਿਜ਼ਨੋਂ ਵੱਲੋਂ ਲਾਏ ਜਾ ਰਹੇ ਸਲਾਨਾ ਕੈਂਪ ਵਿੱਚ 500 ਤੋਂ ਵਧੀਕ ਬੱਚੇ ਹੋਏ ਦਾਖਲ

## '29 ਜੁਲਾਈ ਨੂੰ ਹੋਵੇਗਾ ਅੰਤਰ-ਰਾਸ਼ਟਰੀ ਯੁਵਕ ਮੇਲਾ'

**ਫਰਿਜ਼ਨੋ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਵਿਦੇਸ਼ਾਂ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆ ਨੂੰ ਉਸ ਨਾਲ ਜੋੜਨ ਲਈ ਜੀ. ਐਚ. ਜੀ. ਸੰਗੀਤ ਅਤੇ ਡਾਂਸ਼ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਗ ਇਸ ਸਾਲ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਪੰਜਾਬੀ ਸੱਭਿਆਚਾਰਕ ਸਿੱਖਲਾਈ ਕੈਂਪ 14 ਜੁਲਾਈ ਤੋਂ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਡਾ: ਦਲਜਿੰਦਰ ਸਿੰਘ ਜੌਹਲ (ਅੰਤਰ ਰਾਸ਼ਟਰੀ ਭੰਗੜਾ ਕੋਚ) ਦੀ ਅਗਵਾਈ ਅਧੀਨ ਸੂਰੂ ਕੀਤਾ ਗਿਆ ਹੈ। ਇਸ ਕੈਂਪ ਵਿੱਚ ਸੁਚੱਜੇ ਕੋਚਾ ਦੁਆਰਾ ਸਿੱਖਲਾਈ ਦਿੱਤੀ ਜਾ ਰਹੀ ਹੈ। ਪ੍ਰਬੰਧਕਾ ਅਨੁਸਾਰ ਇਸ ਕੈਂਪ ਵਿੱਚ 500 ਤੋਂ ਵਧੀਕ ਬੱਚੇ ਦਾਖਲ ਹੋਏ ਹਨ। ਜਦ ਕਿ ਹੋਰ ਵੀ ਬਹੁਤ ਸਾਰੇ ਮਾਪੇ ਆਪਣੇ ਬੱਚਿਆ ਨੂੰ ਰੋਜ਼ਾਨਾ ਲੈ ਕੇ ਆ ਰਹੇ ਹਨ। ਜੋ ਰੋਜਾਨਾ ਗੁਰਬਾਣੀ ਮੂਲ-ਮੰਤਰ ਦੇ ਜਾਪ ਕਰਨ ਉਪਰੰਤ ਰਲ ਕੇ ਅਰਦਾਸ ਕਰਦੇ ਹਨ। ਇਸ ਬਾਅਦ ਬੱਚੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਸ੍ਰੇਸ਼ਟ ਮਾਹਰਾ ਤੋਂ ਪ੍ਰਾਪਤ ਕਰਦੇ ਹਨ। ਰੋਜਾਨਾ ਸਾਮ ਨੂੰ ਬੱਚੇ ਅਤੇ ਮਾਪੇ ਰਲ ਗੁਰੂ ਦੇ ਲੰਗਰਾ ਨੂੰ ਛਕਦੇ ਹਨ। ਅਜਿਹਾ ਕਰਕੇ ਜਿੱਥੇ ਬੱਚਿਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਜਾ ਰਿਹਾ, ਉੱਥੇ ਇੰਨਾ ਵਿੱਚ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾ ਰਹੇ ਹਨ। ਇਸ ਕੈਂਪ ਦੌਰਾਨ ਵਿਦੇਸ਼ਾ ਵਿੱਚ ਰਹਿੰਦੇ ਹੋਏ ਬੱਚੇ ਪੰਜਾਬੀ ਸੱਭਿਆਚਾਰ ਪ੍ਰਤੀ ਜਾਗਰੂਕ ਹੁੰਦੇ ਹਨ ਅਤੇ ਰੋਜਾਨਾ ਗੁਰੂਘਰ ਵੀ ਨਸਮਸਤਕ ਹੁੰਦੇ ਹਨ।

ਇਸ ਤੋਂ ਇਲਾਵਾ ਪਰਿਵਾਰਕ ਮੈਂਬਰ ਅਤੇ ਬਜੁਰਗ ਵੀ ਆਪਸੀ ਮਿਲ ਸਾਂਝਾ ਸਮਾਂ ਬਤੀਤ ਕਰ ਖੁਸ਼ੀ ਮਹਿਸੂਸ ਕਰਦੇ ਹਨ। ਇਸੇ ਤਰ੍ਹਾਂ ਕੈਂਪ ਦੌਰਾਨ ਬੱਚਿਆ ਅਤੇ ਉਨ੍ਹਾਂ ਦੇ ਮਾਪਿਆ ਨੂੰ ਵੱਖ-ਵੱਖ ਵਿਭਾਗਾ ਨਾਲ ਸੰਬੰਧਤ ਅਮੈਰੀਕਨ ਅਧਿਕਾਰੀਆਂ ਨਾਲ ਮਿਲਾਇਆ ਅਤੇ ਗੱਲਬਾਤ ਕਰਵਾਈ ਜਾਂਦੀ ਹੈ।



ਜਿਸ ਨਾਲ ਬੱਚਿਆ ਵਿੱਚ ਆਤਮ-ਵਿਸ਼ਵਾਸ਼ ਆਉਦਾ ਹੈ ਅਤੇ ਸਿੱਖ ਭਾਈਚਾਰੇ ਨੂੰ ਬਾਕੀ ਅਮਰੀਕਨ ਲੋਕਾਂ ਵਿੱਚ ਆਪਣੀ ਪਹਿਚਾਣ ਬਣਾਉਣ ਦਾ ਮੌਕਾ ਵੀ ਮਿਲਦਾ ਹੈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਬੱਚਿਆ ਤੋਂ ਇਲਾਵਾ ਇਸ ਕੈਂਪ ਪ੍ਰਤੀ ਮਾਪਿਆ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਜਿਸ ਕਰਕੇ ਭਾਰੀ ਗਿਣਤੀ ਵਿੱਚ ਰੋਜ਼ਾਨਾ ਪਰਿਵਾਰ ਹਾਜ਼ਰੀਆਂ ਭਰ ਬੱਚਿਆਂ ਦੀ ਚਲ ਰਹੀ ਤਿਆਰੀ ਅਤੇ ਸਰਗਰਮੀਆਂ 'ਤੇ ਉਨ੍ਹਾਂ ਦਾ ਹੌਸ਼ਲਾ ਅਫਜਾਈ ਕਰ ਰਹੇ ਹਨ।

ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 29 ਜੁਲਾਈ ਦਿਨ ਸ਼ਨੀਵਾਰ ਨੂੰ ਅੰਤਰ-ਰਾਸਟਰੀ ਪੱਧਰ ਤੇ ਯੁਵਕ ਮੇਲਾ ਸ਼ੈਂਟਰਲ ਹਾਈ ਸਕੂਲ ਫਰਿਜ਼ਨੋ ਵਿਖੇ ਖੁਲ੍ਹੇ ਹਾਲ ਵਿੱਚ ਕਰਵਾਇਆ ਜਾਵੇਗਾ।

ਇਸ ਦੀ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ। ਜਿਸ ਵਿੱਚ ਅਮਰੀਕਾ ਦੀਆਂ ਵੱਖ-ਵੱਖ ਸਟੇਟਾ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾ ਸਿਰਕਤ ਕਰਨਗੀਆਂ। ਇਸ ਸਾਂਝੇ ਕਾਰਜ਼ ਨੂੰ ਨੇਪਰੇ ਚਾੜਨ ਵਿੱਚ ਉਦੈਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸਰੋਏ, ਜਗਰੂਪ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾਂ, ਗੁਰਦੀਪ ਸ਼ੇਰਗਿੱਲ, ਸਤਿੰਦਰ ਸਿੰਘ ਸੱਗੂ ਅਤੇ ਸਮੁੱਚੀ ਜੀ. ਐਚ. ਜੀ. ਟੀਮ ਦਾ ਸਲਾਘਾਯੋਗ ਉੱਦਮ ਹੈ। ਅਜਿਹੇ ਅਲੌਕਿਕ ਨਜ਼ਾਰੇ ਦਾ ਅਨੰਦ ਮਾਨਣ ਅਤੇ ਬੱਚਿਆ ਦੀ ਪੇਸ਼ਕਾਰੀ ਦੇਖਣ ਲਈ ਸਮੂੰਹ ਪੰਜਾਬੀਅਤ ਨੂੰ ਖੁੱਲਾ ਸੱਦਾ ਦਿੱਤਾ ਜਾਦਾ ਹੈ।

# ਪਾਦਰੀ ਕਤਲ ਕਾਂਡ ਪਿੱਛੇ ਵਿਦੇਸ਼ੀ ਤਾਕਤਾਂ: ਪੰਜਾਬ ਪੁਲਿਸ

**ਲੁਧਿਆਣਾ–** ਸਨਅਤੀ ਸ਼ਹਿਰ ਦੇ ਪੀਰੂ ਬੰਦਾ ਮੁਹੱਲੇ ਵਿੱਚ ਸ਼ਨਿੱਚਰਵਾਰ ਦੀ ਰਾਤ ਗਿਰਜਾਘਰ ਦੇ ਬਾਹਰ ਪਾਦਰੀ ਸੁਲਤਾਨ ਮਸੀਹ ਦੇ ਕਤਲਕਾਂਡ ਮਾਮਲੇ ਵਿੱਚ ਅੱਜ ਪੰਜਾਬ ਦੇ ਡੀਜੀਪੀ ਸੁਰੇਸ਼ ਅਰੋੜਾ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਉਨ੍ਹਾਂ ਪਾਦਰੀ ਦੇ ਪਰਿਵਾਰ ਨਾਲ ਬੰਦ ਕਮਰਾ ਮੁਲਾਕਾਤ ਵੀ ਕੀਤੀ। ਘਟਨਾ ਸਥਾਨ ਦਾ ਦੌਰਾ ਕਰਨ ਉਪਰੰਤ ਡੀਜੀਪੀ ਨੇ ਕਿਹਾ ਕਿ ਇਸ ਕਤਲਕਾਂਡ ਪਿੱਛੇ ਪਾਕਿਸਤਾਨ ਤੇ ਵਿਦੇਸ਼ੀ ਤਾਕਤਾਂ ਦਾ ਹੱਥ ਹੋਣ ਦਾ ਖ਼ਦਸ਼ਾ ਹੈ ਤੇ ਪੁਲੀਸ ਵੱਲੋਂ ਜਾਂਚ ਦੌਰਾਨ ਇਸ ਤੱਥ ਨੂੰ ਵੀ ਵਿਚਾਰਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਦੇ ਹੱਥ ਕੁਝ ਅਹਿਮ ਸਬੂਤ ਲੱਗੇ ਹਨ ਤੇ ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਹੈ। ਉਨ੍ਹਾਂ ਆਸ ਜਤਾਈ ਕਿ ਇਸ ਮਾਮਲੇ ਨੂੰ ਜਲਦੀ ਹੀ ਹੱਲ ਕਰ ਲਿਆ ਜਾਵੇਗਾ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਜੀਪੀ ਸੁਰੇਸ਼ ਅਰੋੜਾ ਨੇ ਕਿਹਾ ਕਿ ਪੁਲੀਸ ਫਿਲਹਾਲ ਇਹ ਮੰਨ ਕੇ ਚੱਲ ਰਹੀ ਹੈ ਕਿ ਲੁਧਿਆਣਾ ਵਿੱਚ ਪਹਿਲਾਂ ਹੋਏ ਮਾਤਾ ਚੰਦ ਕੌਰ, ਅਮਿਤ ਸ਼ਰਮਾ ਕਤਲਕਾਂਡ ਤੇ ਦੁਰਗਾ ਗੁਪਤਾ ਕਤਲਕਾਂਡਾਂ ਨਾਲ ਇਸ ਕਤਲ ਦੀ ਕੜੀ ਜੁੜੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਇਸ ਮਾਮਲੇ 'ਚ ਵੀ ਸੀਬੀਆਈ ਦੀ ਮਦਦ ਲਈ ਜਾ ਸਕਦੀ ਹੈ। ਯਾਦ ਰਹੇ ਕਿ ਬੀਤੇ ਦਿਨ ਡੀਜੀ ਇਟੈਲੀਜੈਂਸ ਨੇ ਸੀਬੀਆਈ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ। ਡੀਜੀਪੀ ਨੇ ਇਸ ਕਤਲਕਾਂਡ ਪਿੱਛੇ ਕਿਸੇ ਗੈਂਗਸਟਰ ਜਾਂ ਨਿੱਜੀ ਰੰਜਿਸ਼ ਦੇ ਪਹਿਲੂ ਤੋਂ ਇਨਕਾਰ ਕੀਤਾ ਹੈ। ਇਸ ਮੌਕੇ ਪੁਲੀਸ ਕਮਿਸ਼ਨਰ ਆਰ.ਐਨ. ਢੋਕੇ, ਡੀਸੀਪੀ ਧਰੁਮਨ ਨਿੰਬਲੇ ਸਮੇਤ ਸਾਰੇ ਹੀ ਪੁਲੀਸ ਮੁਲਾਜ਼ਮ ਮੌਜੂਦ ਸਨ।



### ਪਾਦਰੀ ਦੇ ਪੁੱਤ ਨੂੰ ਨਿਯੁਕਤੀ ਪੱਤਰ ਸੌਂਪਿਆ

ਪਾਦਰੀ ਕਤਲਕਾਂਡ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਪਾਦਰੀ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਦੇਣ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦੇਣ ਦੇ ਕੀਤੇ ਵਾਅਦੇ ਮੁਤਾਬਕ ਡੀਜੀਪੀ ਸੁਰੇਸ਼ ਅਰੋੜਾ ਨੇ ਪਾਦਰੀ ਦੇ ਛੋਟੇ ਲੜਕੇ ਨੂੰ ਨਿਯੁਕਤੀ ਪੱਤਰ ਦਿੱਤਾ। ਪੁਲੀਸ ਕਮਿਸ਼ਨਰ ਦੇ ਨਾਮ ਦਿੱਤੇ ਇਸ ਪੱਤਰ 'ਚ ਲਿਖਿਆ ਹੈ ਕਿ ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਲੜਕੇ ਨੂੰ ਪੁਲੀਸ ਵਿੱਚ ਸਿਪਾਹੀ ਰੱਖਿਆ ਜਾਵੇਗਾ। ਪਾਦਰੀ ਦਾ ਲੜਕਾ ਗਿਆਰ੍ਹਵੀਂ ਜਮਾਤ 'ਚ ਪੜ੍ਹਦਾ ਹੈ।

# ਦਲਿਤਾਂ ਦੀ ਜ਼ਮੀਨ 'ਤੋਂ ਨਾਜਾਇਜ਼ ਕਬਜ਼ਾ ਛੁਡਾਇਆ

**ਬਨਾਸਕਾਂਠਾ (ਗੁਜਰਾਤ)–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਤਰਸੇਮ ਪੀਟਰ ਅਤੇ ਗੁਰਮੁੱਖ ਸਿੰਘ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਗੁਜਰਾਤ ਵਿੱਚ 12 ਜੁਲਾਈ ਤੋਂ ਰਾਸ਼ਟਰੀ ਦਲਿਤ ਅਧਿਕਾਰ ਮੰਚ ਦੇ ਆਗੂ ਜਿਗਨੇਸ਼ ਮੇਵਾਨੀ ਦੀ ਅਗਵਾਈ ਹੇਠ ਸ਼ੁਰੂ ਹੋਇਆ ਦਲਿਤ ਆਜ਼ਾਦੀ ਕੂਚ ਸੈਂਕੜੇ ਕਿੱਲੋਮੀਟਰ ਦਾ ਸਫਰ ਤੈਅ ਕਰ ਕੇ ਅੱਜ ਬਨਾਸਕਾਂਠਾ ਜ਼ਿਲ੍ਹੇ ਦੇ ਪਿੰਡ ਧਨੇੜਾਂ ਪਹੁੰਚਿਆ। ਇਥੇ ਮੰਚ ਨੇ 40 ਸਾਲਾਂ ਤੋਂ 8 ਦਲਿਤ ਪਰਿਵਾਰਾਂ ਦੀ 30 ਏਕੜ ਜ਼ਮੀਨ 'ਤੇ ਹੋਇਆ ਨਾਜਾਇਜ਼ ਕਬਜ਼ਾ ਖਤਮ ਕਰਵਾਇਆ ਤੇ ਕਬਜ਼ਾ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਾਇਆ।

ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਆਏ ਭੂਮੀਹੀਣ ਹਜ਼ਾਰਾਂ ਲੋਕਾਂ ਨੇ ਪਿੰਡ ਵਿੱਚ ਜੇਤੂ ਰੈਲੀ ਕੀਤੀ, ਜਿਸ ਵਿੱਚ ਹੋਰਨਾਂ ਜੱਥੇਬੰਦੀਆਂ ਤੋਂ ਇਲਾਵਾ ਪੰਜਾਬ ਤੋਂ ਪੇਂਡੂ ਮਜ਼ਦੂਰ ਯੂਨੀਅਨ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਤਰਸੇਮ ਪੀਟਰ, ਗੁਰਮੁੱਖ ਸਿੰਘ ਅਤੇ ਕਸ਼ਮੀਰ ਸਿੰਘ ਘੁੱਗਸ਼ੋਰ ਸ਼ਾਮਲ ਹੋਏ। ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਤਰਸੇਮ ਪੀਟਰ ਨੇ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਗੁਜਰਾਤ ਨੂੰ ਇੱਕ ਮਾੱਡਲ ਸੂਬੇ ਵਜੋਂ ਦੇਸ਼ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਪਰ ਇਸ ਰਾਜ ਦੇ ਦਲਿਤਾਂ ਅਤੇ ਭੂਮੀਹੀਣਾਂ ਦੀ ਹਾਲਤ ਦੇਸ਼ ਦੇ ਹੋਰਨਾਂ ਦਲਿਤਾਂ ਤੋਂ ਕੋਈ ਵੱਖਰੀ ਨਹੀਂ। ਸੂਬੇ ਵਿੱਚ ਪਿਛਲੇ 40 ਸਾਲਾਂ ਤੋਂ ਦਲਿਤਾਂ ਨੂੰ 1 ਲੱਖ 63 ਹਜ਼ਾਰ 808 ਏਕੜ ਜ਼ਮੀਨ ਦੇ ਪਟੇ ਦਿੱਤੇ ਗਏ ਹਨ। ਉਸ ਵਿੱਚੋਂ



ਜ਼ਿਆਦਾਤਰ ਜ਼ਮੀਨ ਉਪਰ ਵੱਡੇ ਭੂਮੀਪਤੀਆਂ ਅਤੇ ਉੱਚ ਜਾਤੀ ਦੇ ਲੋਕ ਕਾਬਜ਼ ਹਨ। ਦਲਿਤ ਤਾਂ ਕਾਗਜ਼ਾਂ ਵਿੱਚ ਖੇਤੀ ਹੀ ਕਰਦੇ ਹਨ। ਪਿੰਡ ਵਿਚ ਕੀਤੀ ਗਈ ਜੇਤੂ ਰੈਲੀ ਨੂੰ ਰਾਸ਼ਟਰੀ ਦਲਿਤ ਅਧਿਕਾਰ ਮੰਚ ਦੇ ਆਗੂ ਜਿਗਨੇਸ਼ ਮੇਵਾਨੀ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੇਸ਼ ਦਾ ਦਲਿਤ ਜ਼ਮੀਨ ਅਤੇ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 14, 15, 16 ਜੁਲਾਈ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ। ਜਿਹਨਾਂ ਦੀ ਸੇਵਾ ਸਵ. ਸ੍ਰੀ ਰਾਮ ਚੰਦ ਜੀ, ਬੀਬੀ ਰਤਨੀ ਜੀ ਦੇ ਸਪੁੱਤਰ ਸ੍ਰੀ ਹਰਮੇਸ਼ ਲਾਲ ਜੀ, ਬੀਬੀ ਸੁਰਜੀਤ ਕੌਰ ਜੀ ਨੇ ਆਪਣੇ ਪੁੱਤਰ ਸ੍ਰੀ ਸਨਦੀਪ ਕੁਮਾਰ ਜੀ ਦੀ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਕੀਤੀ, ਜਿਸ ਵਿਚ 14 ਜੁਲਾਈ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਜੀ ਪ੍ਰਾਰੰਭ ਕੀ ਗਏ, ਜਿਹਨਾਂ ਦੇ ਭੋਗ 16 ਜੁਲਾਈ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਭਾਈ ਕਮਲਜੀਤ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਸਨਦੀਪ ਕੁਮਾਰ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਵਿਧਾਇਕ ਤੇ ਚੇਅਰਮੈਨ ਨਹੀ ਰੱਖ ਸਕਣਗੇ ਨੀਹ ਪੱਥਰ

ਬਠਿੰਡਾ– ਪੰਜਾਬ 'ਚ ਹੁਣ ਵਿਧਾਇਕ ਤੇ ਚੇਅਰਮੈਨ ਨੀਂਹ ਪੱਥਰ ਨਹੀਂ ਰੱਖ ਸਕਣਗੇ। ਕੈਪਟਨ ਹਕੂਮਤ ਨੇ ਲਾਲ ਬੱਤੀ ਵਾਪਸ ਲੈਣ ਮਗਰੋਂ ਹੁਣ ਪੱਥਰਾਂ ਤੋਂ ਪਰਦਾ ਹਟਾਉਣ ਦਾ ਹੱਕ ਵੀ ਖੋਹ ਲਿਆ ਹੈ, ਜਿਸ ਤੋਂ ਕਾਂਗਰਸੀ ਵਿਧਾਇਕ ਅੰਦਰੋਂ ਅੰਦਰੀਂ ਔਖੇ ਹਨ। ਵਿਧਾਨ ਸਭਾ ਦਾ ਡਿਪਟੀ ਸਪੀਕਰ ਵੀ ਪ੍ਰਾਜੈਕਟਾਂ ਦਾ ਨੀਂਹ ਪੱਥਰ ਨਹੀਂ ਰੱਖ ਸਕੇਗਾ। ਆਮ ਰਾਜ ਪ੍ਰਬੰਧ ਵਿਭਾਗ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਕੇ ਨੀਂਹ ਪੱਥਰ ਤੇ ਉਦਘਾਟਨੀ ਸਮਾਗਮਾਂ ਬਾਰੇ ਪ੍ਰੋਟੋਕਾਲ ਤੋਂ ਜਾਣੂ ਕਰਾ ਦਿੱਤਾ ਹੈ। ਕੈਪਟਨ ਸਰਕਾਰ ਨੇ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੀ ਨੀਂਹ ਪੱਥਰ ਰੱਖਣ ਵਾਲੀਆਂ ਸ਼ਖ਼ਸੀਅਤਾਂ ਵਿੱਚ ਸ਼ਾਮਲ ਨਹੀਂ ਕੀਤਾ ਹੈ।

ਪੰਜਾਬ ਸਰਕਾਰ ਦੇ ਪੱਤਰ ਅਨੁਸਾਰ ਨੀਂਹ ਪੱਥਰ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਸੁਪਰੀਮ ਕੋਰਟ ਦਾ ਚੀਫ ਜਸਟਿਸ, ਲੋਕ ਸਭਾ ਦਾ ਸਪੀਕਰ, ਕੇਂਦਰੀ ਕੈਬਨਿਟ ਮੰਤਰੀ, ਮੁੱਖ ਮੰਤਰੀ ਪੰਜਾਬ, ਹਾਈ ਕੋਰਟ ਦਾ ਚੀਫ਼ ਜਸਟਿਸ ਅਤੇ ਜੱਜ, ਪੰਜਾਬ ਵਿਧਾਨ ਸਭਾ ਦਾ ਸਪੀਕਰ ਅਤੇ ਰਾਜ ਦੇ ਕੈਬਨਿਟ ਮੰਤਰੀ ਹੀ ਰੱਖ ਸਕਣਗੇ। ਜੇਕਰ ਆਉਣ ਵਾਲੇ ਦਿਨਾਂ 'ਚ ਪੰਜਾਬ ਵਿੱਚ ਮੁੱਖ ਸੰਸਦੀ ਸਕੱਤਰ ਬਣਾਏ ਗਏ ਤਾਂ ਉਨ੍ਹਾਂ ਨੂੰ ਵੀ ਪੱਥਰਾਂ ਤੋਂ ਪਰਦਾ ਹਟਾਉਣ ਦਾ ਅਧਿਕਾਰ ਨਹੀਂ ਹੋਵੇਗਾ। ਨਵੇਂ ਫੈਸਲੇ ਅਨੁਸਾਰ ਕਿਸੇ ਵੀ ਨੀਂਹ ਪੱਥਰ 'ਤੇ ਕਿਸੇ ਵੀ ਵਿਅਕਤੀ ਜਾਂ ਅਹੁਦੇਦਾਰ ਦਾ ਨਾਂ ਨਹੀਂ ਹੋਵੇਗਾ। ਸਾਰੇ ਰਾਜ 'ਚ ਇੱਕੋ ਤਰ੍ਹਾਂ ਦੇ ਨੀਂਹ ਪੱਥਰ ਰੱਖੇ ਜਾਣਗੇ ਅਤੇ ਇਨ੍ਹਾਂ 'ਤੇ ਲਿਖੀ ਜਾਣ ਵਾਲੀ ਇਬਾਰਦ ਦਾ ਨਮੂਨਾ ਵੀ ਸਰਕਾਰ ਨੇ ਜਾਰੀ ਕੀਤਾ ਹੈ। ਹਰ ਪੱਥਰ 'ਤੇ ਪ੍ਰਾਜੈਕਟ ਨੂੰ 'ਪੰਜਾਬ ਰਾਜ ਦੇ ਲੋਕਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ', ਲਿਖਿਆ ਹੋਵੇਗਾ। ਕਾਂਗਰਸ ਸਰਕਾਰ ਨੇ ਅਜਿਹੇ ਸਮਾਗਮਾਂ 'ਤੇ ਘੱਟ ਤੋਂ ਘੱਟ ਖਰਚਾ ਕਰਨ ਦੀ ਹਦਾਇਤ ਕੀਤੀ ਹੈ ਅਤੇ ਬਕਾਇਦਾ ਇਨ੍ਹਾਂ ਪ੍ਰੋਗਰਾਮਾਂ ਬਾਰੇ ਵਿਧੀ ਵਿਧਾਨ ਜਾਰੀ ਕੀਤਾ ਹੈ। ਹੁਣ ਇਨ੍ਹਾਂ ਸਮਾਗਮਾਂ ਲਈ ਸੱਦਾ ਪੱਤਰ ਵੀ ਸਰਕਾਰ ਵੱਲੋਂ ਹੀ ਤਿਆਰ ਕੀਤੇ ਜਾਣਗੇ। ਇਨ੍ਹਾਂ ਸਮਾਗਮਾਂ ਵਿੱਚ ਬੁਲਾਈਆਂ ਜਾਣ ਵਾਲੀਆਂ ਸ਼ਖ਼ਸੀਅਤਾਂ ਬਾਰੇ ਫੈਸਲਾ ਵੀ ਸਬੰਧਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਵੱਲੋਂ ਕੀਤਾ ਜਾਵੇਗਾ। ਇਹ ਸਮਾਗਮ ਮੰਤਰੀ ਦੀ ਅਗਾਊਂ ਪ੍ਰਵਾਨਗੀ ਨਾਲ ਲੋਕ ਹਿੱਤ ਵਾਲੇ ਕੰਮਾਂ ਵਾਸਤੇ ਹੀ ਕਰਾਏ ਜਾਣਗੇ।

# ਗਊ ਰੱਖਿਆ ਦੇ ਨਾਂ 'ਤੇ ਹੁੰਦੀ ਗੁੰਡਾਗਰਦੀ ਸਖ਼ਤੀ ਨਾਲ ਰੋਕੀ ਜਾਵੇ: ਮੋਦੀ

ਨਵੀਂ ਦਿੱਲੀ– ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੌਨਸੂਨ ਸੈਸ਼ਨ ਤੋਂ ਪਹਿਲੀ ਸ਼ਾਮ ਨੂੰ ਸਰਬ ਪਾਰਟੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਨ ਕਾਨੂੰਨ ਨੂੰ ਬਰਕਰਾਰ ਰੱਖਣਾ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਸਾਨੂੰ ਗਊ ਰੱਖਿਆਂ ਦੇ ਨਾਂ ਉੱਤੇ ਕੀਤੀ ਜਾ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਨ੍ਹਾਂ ਗਊ ਹੱਤਿਆ ਦੇ ਨਾਂ ਉੱਤੇ ਹੁੰਦੀ ਫਿਰਕੂ ਹਿੰਸਾ ਨਾਲ ਨਜਿੱਠਣ ਲਈ ਵਿਰੋਧੀ ਪਾਰਟੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਸਾਰੀਆਂ ਰਾਜਸੀ ਪਾਰਟੀਆਂ ਨੂੰ ਗਊ ਰੱਖਿਆ ਦੇ ਨਾਂ ਉੱਤੇ ਕੀਤੀ ਜਾ ਰਹੀ ਗੁੰਡਾਗਰਦੀ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਰਾਜਸੀ ਰੰਗਤ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਸ ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਟਵੀਟ ਕਰਦਿਆਂ ਕਿਹਾ,' ਗਊ ਹੱਤਿਆ ਦੇ ਨਾਂ ਉੱਤੇ ਕੀਤੀ ਜਾ ਰਹੀ ਗੁੰਡਾਗਰਦੀ ਦੇ ਦੋਸ਼ੀਆਂ ਵਿਰੁੱਧ ਸੂਬਾ ਸਰਕਾਰਾਂ ਸਖ਼ਤ ਕਾਰਵਾਈ ਕਰਨ।' ਉਨ੍ਹਾਂ ਸਰਬ ਪਾਰਟੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਊ ਨੂੰ ਮਾਂ ਦੀ ਤਰ੍ਹਾਂ ਸਨਮਾਨ ਦਿੱਤਾ ਜਾਂਦਾ ਹੈ, ਇਸ ਕਰਕੇ ਇਹ ਬੇਹੱਦ ਸੰਵੇਦਨਸ਼ੀਲ ਮੁੱਦਾ ਹੈ। ਪਰ ਸਾਨੂੰ ਸਮਝਣਾ ਚਾਹੀਦਾ ਹੈ ਕਿ ਗਊ ਰੱਖਿਆ ਲਈ ਕਾਨੂੰਨ ਹੈ ਅਤੇ ਕਾਨੂੰਨ ਦੀ ਉਲੰਘਣਾ ਕਰਨਾ ਇਸ ਦਾ ਬਦਲ ਨਹੀਂ ਹੈ। ਉਨ੍ਹਾਂ ਕਿਹਾ ਕਿ ਕੁੱਝ ਸਮਾਜ ਵਿਰੋਧੀ ਅਨਸਰ ਗਊ ਰੱਖਿਆ ਨੂੰ ਅਰਾਜਕਤਾ ਫੈਲਾਉਣ ਲਈ ਇੱਕ ਹਥਿਆਰ ਵਜੋਂ ਵਰਤ ਰਹੇ ਹਨ। ਕੁੱਝ ਲੋਕ ਜੋ ਸਮਾਜ ਦੀ ਸਾਂਝ ਨੂੰ ਤੋੜਨਾ ਚਾਹੁੰਦੇ ਹਨ , ਉਹ ਵੀ ਇਸ ਤੋਂ ਲਾਹਾ ਲੈਣ ਲਈ



ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਦੇਸ਼ ਦਾ ਅਕਸ ਖ਼ਰਾਬ ਹੁੰਦਾ ਹੈ।

ਪ੍ਰਧਾਨ ਮੰਤਰੀ ਨੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਵੀ ਵਿਰੋਧੀ ਧਿਰਾਂ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਤ੍ਰਿਣਾਮੂਲ ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ ਉੱਤੇ ਟੇਢੇ ਢੰਗ ਦੇ ਨਾਲ ਹੱਲਾ ਬੋਲਦਿਆਂ ਕਿਹਾ ਕਿ ਜੋ ਲੋਕ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਨੂੰ ਰਾਜਸੀ ਸਾਜਿਸ਼ ਦੱਸਦੇ ਹਨ, ਵਿਰੁੱਧ ਰਾਜਸੀ ਪਾਰਟੀਆਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ। ਇਸ ਦੌਰਾਨ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸੰਸਦੀ ਮਾਮਲਿਆਂ ਦੇ ਮੰਤਰੀ ਅਨੰਤ ਕੁਮਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਹੈ ਕਿ ਭਾਰਤ ਛੱਡੋ ਅੰਦੋਲਨ ਦੀ 9 ਅਗਸਤ ਨੂੰ 75 ਵੀਂ ਵਰ੍ਹੇਗੰਢ ਆ ਰਹੀ ਹੈ। ਸਾਰੀਆਂ ਪਾਰਟੀਆਂ ਨੂੰ ਇਸ ਨੂੰ ਮਨਾਉਣਾ ਚਾਹੀਦਾ ਹੈ।

ਮੋਦੀ ਨੇ ਕਿਹਾ ਹੈ ਕਿ ਲੋਕਤੰਤਰੀ ਸੰਸਥਾਵਾਂ ਨੂੰ ਬਚਾਉਣ ਸੰਸਦ ਦੀ ਕਾਰਵਾਈ ਨਿਰਵਿਘਨ ਚਲਾਉਣੀ ਜ਼ਰੂਰੀ ਹੈ। ਉਨ੍ਹਾਂ ਜੀਐੱਸਟੀ ਨੂੰ ਲਾਗੂ ਕਰਨ ਲਈ ਸੂਬਾ ਸਰਕਾਰਾਂ ਦਾ ਧੰਨਵਾਦ ਵੀ ਕੀਤਾ। ਸਰਬ ਪਾਰਟੀ ਮੀਟਿੰਗ ਵਿੱਚ ਕਾਂਗਰਸ ਦੇ ਗੁਲਾਮ ਨਬੀ ਆਜ਼ਾਦ, ਐੱਨਸੀਪੀ ਦੇ ਸ਼ਰਦ ਪਵਾਰ, ਸੀ ਪੀ ਆਈ (ਐੱਮ) ਦੇ ਸੀਤਾ ਰਾਮ ਯੇਚੁਰੀ, ਸੀਪੀਆਈ ਦੇ ਡੀ ਰਾਜਾ, ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ, ਨੈਸ਼ਨਲ ਕਾਨਫਰੰਸ ਦੇ ਫਾਰੂਖ਼ ਅਬਦੁੱਲਾ ਆਦਿ ਪ੍ਰਮੁੱਖ ਆਗੂ ਸ਼ਾਮਲ ਹੋਏ।


33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

**ਅਮਰ ਕੋਰਸ®**

**ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ**

**ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ**

**Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ**

**ਜ਼ਰੂਰੀ ਨੋਟ** : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ — ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

**ਅਮਰ ਦਵਾਖਾਨਾ (ਰਜਿ.)**

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



**Capital Services, ਸੈਕਰਾਮੈਂਟੋ**

**ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!**
**ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates**

**IRP Plates for 48 States- Same day Plates**

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
**(Approved by CA DMV )**

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜ਼ਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us

ਦੇਸ਼ ਦੁਆਬਾ

# ਸੰਸਦੀ ਲੋਕਤੰਤਰੀ ਵਿਵਸਥਾ 'ਤੇ ਸਵਾਲ

ਬਸਪਾ ਪ੍ਰਧਾਨ ਮਾਇਆਵਤੀ ਨੇ ਕੱਲ੍ਹ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਉਹ ਸਹਾਰਨਪੁਰ ਵਿਚ ਵਾਪਰੇ ਕਾਂਡ ਅਤੇ ਇਸ ਤੋਂ ਪਹਿਲਾਂ ਦਲਿਤਾਂ ਤੇ ਹੋਏ ਫਿਰਕੂ ਹਮਲਿਆਂ ਦੇ ਖਿਲਾਫ ਰਾਜ ਸਭਾ ਵਿਚ ਆਪਣੀ ਤਕਰੀਰ ਵਿਸਥਾਰ ਨਾਲ ਰੱਖਣਾ ਚਾਹੁੰਦੀ ਸੀ ਪਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਹੋ-ਹੱਲਾ ਕਰਕੇ ਉਹਨਾਂ ਦੇ ਇਸ ਭਾਸ਼ਣ ਨੂੰ ਅੱਧ ਵਿਚਕਾਰ ਹੀ ਰੁਕਵਾ ਦਿੱਤਾ। ਇਸ ਤੋਂ ਕੁਝ ਦੇਰ ਬਾਅਦ ਉਹਨਾਂ ਨੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ।

ਦਰਅਸਲ ਇਹ ਸਮੱਸਿਆ ਇਕੱਲੀ ਮਾਇਆਵਤੀ ਦੀ ਨਹੀਂ, ਬਲਕਿ ਹੋਰ ਵੀ ਬਹੁਤ ਸਾਰੇ ਸਾਂਸਦੀ ਹੈ। ਭਾਰਤ ਦੀ ਰਾਜ ਸਭਾ ਵਿਚ 250 ਤੋਂ ਵਧ ਮੈਂਬਰ ਹਨ ਅਤੇ ਲੋਕ ਸਭਾ ਵਿਚ ਮੈਂਬਰਾਂ ਦੀ ਗਿਣਤੀ 585 ਤੇ ਪਹੁੰਚ ਗਈ ਹੈ। ਇੰਨੀ ਵੱਡੀ ਗਿਣਤੀ ਵਾਲੇ ਸਦਨ ਦੇ ਕੰਮਕਾਜ ਨੂੰ ਚਲਾਉਣਾ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਲਈ ਵੀ ਮੁਸ਼ਕਿਲ ਹੋ ਜਾਂਦਾ ਹੈ। ਭਾਰਤੀ ਸੰਸਦ ਨੂੰ ਮੁਲਕ ਦੀ ਪੰਚਾਇਤ ਵਾਂਗ ਵਿਕਸਤ ਕੀਤਾ ਗਿਆ ਸੀ ਪਰ ਹੁਣ ਇਹ ਸੰਸਦ ਸੱਤਾਧਾਰੀ ਪਾਰਟੀ ਦੀ ਧੌਂਸ ਦਾ ਅਖਾੜਾ ਬਣ ਗਈ ਹੈ। ਸੰਸਦ ਵਿਚ ਉਹਨਾਂ ਮਸਲਿਆਂ ਤੇ ਗੰਭੀਰਤਾ ਨਾਲ ਵਿਚਾਰ ਨਹੀਂ ਹੁੰਦਾ, ਜਿਹਨਾਂ ਤੇ ਵਿਚਾਰ ਕਰਨ ਦੀ ਲੋੜ ਹੈ। ਸੱਤਾਧਾਰੀ ਪਾਰਟੀ ਜਾਂ ਸੱਤਾਧਾਰੀ ਗੱਠਜੋੜ ਦਾ ਸਦਨ ਵਿਚ ਬਹੁਮਤ ਹੋਣ ਕਾਰਨ ਉਹ ਵਿਰੋਧੀ ਮੈਂਬਰਾਂ ਨੂੰ ਜ਼ਿਆਦਾ ਵਕਤ ਨਹੀਂ ਦਿੰਦੇ। ਇਹ ਠੀਕ ਹੈ ਕਿ ਸਦਨ ਵਿਚ ਸਾਰਿਆਂ ਨੂੰ ਬੋਲਣ ਦਾ ਮੌਕਾ ਦੇਣਾ ਸਪੀਕਰ ਦੀ ਜ਼ਿੰਮੇਵਾਰੀ ਹੈ ਪਰ ਇੰਨੇ ਵੱਡੇ ਸਦਨ ਦੀ ਸਮੱਸਿਆ ਤਾਂ ਇਹ ਹੈ ਕਿ ਇਹ ਜ਼ਿਆਦਾਤਰ ਹੰਗਾਮਿਆਂ ਦੀ ਭੇਂਟ ਹੀ ਚੜ੍ਹਦਾ ਹੈ। ਸੰਸਦ ਦਾ ਜ਼ਿਆਦਾ ਸਮਾਂ ਹੰਗਾਮੇ ਕਰਨ ਅਤੇ ਬਹੁਤ ਘੱਟ ਵਕਤ ਕੰਮ ਕਰਨ ਵਿਚ ਲੰਘਦਾ ਹੈ। ਇਸ ਕਰਕੇ ਸੱਤਾ ਤੇ ਕਾਬਜ ਪਾਰਟੀ ਜਾਂ ਗੱਠਜੋੜ ਆਪਣੇ ਮਤਿਆਂ, ਨਵੇਂ ਕਾਨੂੰਨਾਂ ਨੂੰ ਪਹਿਲਾਂ ਹੀ ਤਿਆਰ ਕਰ ਲੈਂਦਾ ਹੈ ਅਤੇ ਲੋਕ ਸਭਾ ਅਤੇ ਰਾਜ ਸਭਾ ਵਿਚ ਤਾਂ ਸਿਰਫ ਰਸਮ ਮਾਤਰ ਸੰਵਿਧਾਨਕ ਪ੍ਰਕਿਰਿਆ ਪੂਰੀ ਕੀਤੀ ਜਾਂਦੀ ਹੈ। ਜ਼ਿਆਦਾਤਰ ਫੈਸਲੇ ਕਾਰਜਪਾਲਿਕਾ ਹੀ ਲੈਂਦੀ ਹੈ, ਜੋ ਕਿ ਨਿਰੰਤਰ ਨਿਗਰਾਨੀ ਰੱਖਣ ਵਾਲੀ ਸਰਕਾਰ ਮੰਨੀ ਜਾਂਦੀ ਹੈ। ਭਾਰਤੀ ਸੰਸਦ ਵਿਚ ਕੁਝ ਛੋਟੀਆਂ ਪਾਰਟੀਆਂ ਜਿਹਨਾਂ ਦੇ ਇਕ-ਦੋ ਮੈਂਬਰ ਹਨ, ਉਹਨਾਂ ਨੂੰ ਤਾਂ ਕਦੀ ਆਪਣੇ ਵਿਚਾਰ ਰੱਖਣ ਦਾ ਮੌਕਾ ਹੀ ਨਹੀਂ ਮਿਲਦਾ। ਬਹੁਤ ਸਾਰੇ ਸਾਂਸਦਾਂ ਨੂੰ ਆਪਣੇ ਸਵਾਲ ਉਠਾਉਣ ਦਾ ਮੌਕਾ ਨਹੀਂ ਮਿਲਦਾ। ਇਸ ਕਰਕੇ ਹੀ ਸੰਸਦ ਵਿਚ ਹੰਗਾਮੇ ਹੁੰਦੇ ਹਨ। ਇਸ ਵਿਵਸਥਾ ਤੇ ਹੁਣ ਮੁੜ ਪੜਚੋਲ ਕਰਨ ਦੀ ਲੋੜ ਹੈ ਅਤੇ ਸਾਰੇ ਮੈਂਬਰਾਂ ਨੂੰ ਸਦਨ ਵਿਚ ਬੋਲਣ ਦਾ ਪੂਰਾ ਹੱਕ ਅਤੇ ਪੂਰਾ ਸਮਾਂ ਮਿਲਣਾ ਚਾਹੀਦਾ ਹੈ ਤਾਂ ਜੋ ਸਾਰੇ ਮੁਲਕ ਦੇ ਵਿਚਾਰ ਖੁੱਲ੍ਹ ਕੇ ਸਾਹਮਣੇ ਆ ਸਕਣ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਸੰਵਿਧਾਨ ਅਨੁਸਾਰ ਨਹੀ ਹੁੰਦੀਆਂ ਰਾਜਪਾਲਾਂ ਦੀਆਂ ਨਿਯੁਕਤੀਆਂ

ਏ.ਜੀ. ਨੂਰਾਨੀ

ਭਾਰਤ ਵਿੱਚ ਉਹ ਹਰੇਕ ਸਿਆਸੀ ਪਾਰਟੀ, ਜਿਹੜੀ ਕੇਂਦਰ ਵਿੱਚ ਸੱਤਾ 'ਚ ਆ ਜਾਂਦੀ ਹੈ, ਆਪਣੇ ਕਾਰਜਕਾਲ ਦੌਰਾਨ ਬਹੁਤੇ ਰਾਜਾਂ ਅੰਦਰ ਆਪਣੀ ਪਸੰਦ ਦੇ ਰਾਜਪਾਲ ਨਿਯੁਕਤ ਕਰ ਦਿੰਦੀ ਹੈ। ਇਹ ਰਾਜਪਾਲ ਸੱਤਾਧਾਰੀ ਪਾਰਟੀ ਦੇ ਆਗੂ ਜਾਂ ਸੇਵਾਮੁਕਤ ਉੱਚ ਅਫ਼ਸਰ ਜਾਂ ਹਥਿਆਰਬੰਦ ਫ਼ੌਜਾਂ ਤੇ ਪੁਲੀਸ ਬਲਾਂ ਦੇ ਸਾਬਕਾ ਮੁਖੀ ਹੁੰਦੇ ਹਨ। ਮੋਦੀ ਸਰਕਾਰ ਇਸ ਪੱਖੋਂ ਇੱਕ ਕਦਮ ਅੱਗੇ ਹੀ ਹੈ। ਇਸ ਨੇ ਵਿਰੋਧੀ ਪਾਰਟੀਆਂ ਦੀ ਸੱਤਾ ਵਾਲੇ ਰਾਜਾਂ ਵਿੱਚ ਅਜਿਹੇ ਰਾਜਪਾਲ ਨਿਯੁਕਤ ਕੀਤੇ, ਜਿਹੜੇ ਆਪੋ-ਆਪਣੇ ਮੁੱਖ ਮੰਤਰੀਆਂ ਲਈ ਸਿਰਦਰਦੀ ਬਣੇ ਹੋਏ ਹਨ। ਇਹ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਦੀਆਂ ਨਿਯੁਕਤੀਆਂ ਹੀ ਮੁੱਖ ਮੰਤਰੀਆਂ ਨਾਲ ਅਸਹਿਯੋਗ ਕਰਨ ਤੇ ਝਗੜੇ ਕਰਦੇ ਰਹਿਣ ਲਈ ਕੀਤੀਆਂ ਹੋਣ। ਤਾਜ਼ਾ ਮਿਸਾਲ ਪੱਛਮੀ ਬੰਗਾਲ ਦੇ ਰਾਜਪਾਲ ਕੇਸ਼ਾਰੀ ਨਾਥ ਤ੍ਰਿਪਾਠੀ ਦੀ ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਨੇ ਆਪਣਾ ਅਕਸ ਉੱਤਰ ਪ੍ਰਦੇਸ਼ ਵਿਧਾਨ ਸਭਾ ਦਾ ਸਪੀਕਰ ਹੁੰਦਿਆਂ ਅਤੇ ਭਾਜਪਾ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਨਜ਼ਦੀਕੀ ਹੁੰਦਿਆਂ ਆਪਣੀ ਪਛਾਣ ਪੱਖਪਾਤੀ ਤੇ ਘੁਮੰਡੀ ਆਗੂ ਵਜੋਂ ਬਣਾਇਆ ਹੋਇਆ ਸੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉਨ੍ਹਾਂ ਉੱਪਰ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ 4 ਜੁਲਾਈ ਨੂੰ ਫੋਨ ਉੱਪਰ ਇੱਕ ਜ਼ਿਲ੍ਹੇ ਅੰਦਰ ਫੈਲੀ ਅਰਾਜਕਤਾ ਬਾਰੇ ਜਾਣਕਾਰੀ ਲੈਣ ਸਮੇਂ ਉਨ੍ਹਾਂ (ਮਮਤਾ) ਨੂੰ 'ਧਮਕਾਇਆ' ਸੀ। ਵਰਨਣਯੋਗ ਹੈ ਕਿ ਮਮਤਾ ਨੇ ਰਾਜਪਾਲ ਵੱਲੋਂ ਫੋਨ ਉੱਪਰ ਗੱਲਬਾਤ ਸਮੇਂ ਵਰਤੀ ਗਈ ਇਤਰਾਜ਼ਯੋਗ 'ਸ਼ਬਦਾਵਲੀ' ਦਾ ਗੰਭੀਰ ਨੋਟਿਸ ਲੈਂਦਿਆਂ ਇਸ ਪਿੱਛੇ ਮੋਦੀ ਸਰਕਾਰ ਦੀ ਸ਼ਹਿ ਹੋਣ ਦਾ ਦੋਸ਼ ਵੀ ਲਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਪੱਛਮੀ ਬੰਗਾਲ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਲਾਉਣ ਦੀ ਸਾਜ਼ਿਸ਼ ਘੜ ਰਹੀ ਹੈ, ਜਿਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਏਗਾ।



ਕੇਂਦਰ ਸਰਕਾਰ ਵੱਲੋਂ ਰਾਜਪਾਲ ਨਿਯੁਕਤ ਕਰਨ ਦੀ ਪ੍ਰਕਿਰਿਆ ਸੰਘੀ ਢਾਂਚੇ ਵਿੱਚ ਵਿਗਾੜ ਪੈਦਾ ਕਰ ਰਹੀ ਹੈ। ਭਾਰਤ ਵਿੱਚ ਰਾਜਪਾਲ, ਕੇਂਦਰ ਸਰਕਾਰ ਦੇ ਪੂਰੀ ਤਰ੍ਹਾਂ ਅਧਿਕਾਰ ਖੇਤਰ ਵਿੱਚ ਹੋਣ ਕਾਰਨ ਅਹੁਦਿਆਂ 'ਤੇ 'ਸੁਰੱਖਿਅਤ' ਨਹੀ ਹੁੰਦੇ। ਉਨ੍ਹਾਂ ਨੂੰ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਬਦਲਿਆ ਅਤੇ ਬਗੈਰ ਕਿਸੇ ਕਾਰਨ ਬਰਖ਼ਾਸਤ ਵੀ ਕੀਤਾ ਜਾ ਸਕਦਾ ਹੈ। ਪਹਿਲਾਂ ਸੰਵਿਧਾਨਕ ਖਰੜੇ ਵਿੱਚ ਰਾਜਪਾਲ ਦੀ ਚੋਣ, ਰਾਜ ਵੱਲੋਂ ਕੀਤੇ ਜਾਣ ਦੀ ਵਿਵਸਥਾ ਸੀ। ਇਸ ਵਿੱਚ 1948 ਦੌਰਾਨ ਸੋਧ ਕਰਕੇ ਦੋ ਬਦਲਵੇਂ ਤਰੀਕੇ ਸੁਝਾਏ ਗਏ। ਇਹ ਸਨ: ਵਿਧਾਨ ਸਭਾ ਵੱਲੋਂ ਚੁਣੇ ਚਾਰ ਉਮੀਦਵਾਰਾਂ ਦੇ ਪੈਨਲ ਵਿੱਚੋਂ ਕਿਸੇ ਇੱਕ ਦੀ ਰਾਜਪਾਲ ਵੱਲੋਂ ਨਿਯੁਕਤੀ ਕਰਨਾ ਜਾਂ ਰਾਜ ਦੇ ਲੋਕਾਂ ਰਾਹੀਂ ਸਿੱਧੀ ਚੋਣ। ਸੰਵਿਧਾਨਕ ਅਸੈਂਬਲੀ ਨੇ ਰਾਸ਼ਟਰਪਤੀ ਰਾਹੀਂ ਚੋਣ ਨੂੰ ਇਸ ਵਿਵਸਥਾ ਤਹਿਤ ਤਰਜੀਹ ਦਿੱਤੀ ਕਿ ਰਾਜਪਾਲ ਨੂੰ ਸੂਬਾਈ ਕੈਬਨਿਟ ਦੀ ਸਲਾਹ ਨਾਲ ਚੱਲਣਾ ਚਾਹੀਦਾ ਹੈ। ਸੰਵਿਧਾਨ ਦੇ ਰਚਣਹਾਰਿਆਂ ਨੇ ਰਾਜਪਾਲ ਦੀ ਨਿਰਪੱਖਤਾ ਤੇ ਆਜ਼ਾਦੀ ਉੱਪਰ ਵਧੇਰੇ ਜ਼ੋਰ ਦਿੱਤਾ। ਬਹਿਸ ਵਿੱਚ ਹਿੱਸਾ ਲੈਣ ਵਾਲੇ ਸਾਰੇ ਆਗੂਆਂ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਰਾਸ਼ਟਰਪਤੀ ਦੁਆਰਾ ਰਾਜਪਾਲ ਦੀ ਨਿਯੁਕਤੀ ਕੀਤੇ ਜਾਣ ਤੋਂ ਪਹਿਲਾਂ ਸਬੰਧਿਤ ਰਾਜ ਦੇ ਮੁੱਖ ਮੰਤਰੀ ਦੀ ਸਹਿਮਤੀ ਜ਼ਰੂਰੀ ਹੋਣੀ ਚਾਹੀਦੀ ਹੈ। ਉਦੋਂ ਨਹਿਰੂ ਨੇ ਕਿਹਾ ਸੀ, "ਰਾਜਪਾਲ ਸਬੰਧਿਤ ਰਾਜ ਦੀ ਸਰਕਾਰ ਨੂੰ ਹਰ ਹਾਲਤ ਪ੍ਰਵਾਨ ਹੋਣਾ ਚਾਹੀਦਾ ਹੈ।" ਪਰ ਜਦੋਂ ਇਹ ਵਿਵਸਥਾ ਅਮਲੀ ਤੌਰ 'ਤੇ ਲਾਗੂ ਕੀਤੀ ਗਈ ਤਾਂ ਰਾਜਪਾਲ ਨਾਲ ਜੁੜੀ ਸੁਰੱਖਿਆ ਖ਼ਤਮ ਹੁੰਦੀ ਚਲੀ ਗਈ। ਰਾਜਪਾਲਾਂ ਦੀ ਨਿਯੁਕਤੀ ਲਈ ਸਬੰਧਿਤ ਮੁੱਖ ਮੰਤਰੀਆਂ ਨਾਲ ਸਲਾਹ-ਮਸ਼ਵਰੇ ਹੋਣੋਂ ਹਟ ਗਏ। ਰਾਜਪਾਲਾਂ ਦਾ ਕਾਰ-ਵਿਹਾਰ, ਸੰਸਦੀ ਪ੍ਰਣਾਲੀ ਵਿੱਚ ਸੰਵਿਧਾਨ ਮੁਖੀਆਂ, ਜਿਸ ਤਹਿਤ ਮੁੱਖ ਮੰਤਰੀ ਦੀ ਸਲਾਹ ਮੰਨਣੀ ਜ਼ਰੂਰੀ ਸੀ, ਵਾਲਾ ਨਾ ਹੋ ਕੇ ਕੇਂਦਰ ਸਰਕਾਰ ਦੇ ਏਜੰਟ ਵਾਲਾ ਬਣ ਕੇ ਰਹਿ ਗਿਆ।

ਸੁਪਰੀਮ ਕੋਰਟ ਵੱਲੋਂ 1974 ਵਿੱਚ ਇਸ ਸਬੰਧੀ ਦਿੱਤੇ ਗਏ ਨਿਰਣੇ ਵਿੱਚ ਸਚਾਈ ਸਪੱਸ਼ਟ ਝਲਕ ਰਹੀ ਹੈ। ਸੁਪਰੀਮ ਕੋਰਟ ਨੇ ਕਿਹਾ ਸੀ, ''ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ, ਜਿਸ ਦਾ ਭਾਵ ਹੈ ਕਿ ਇਹ ਭਾਰਤ ਸਰਕਾਰ ਦੁਆਰਾ ਚੁੱਕਿਆ ਕਦਮ ਹੁੰਦਾ ਹੈ, ਪਰ ਇਹ ਤਾਂ ਕੇਵਲ ਨਿਯੁਕਤੀ ਦਾ ਇੱਕ ਢੰਗ ਹੈ ਅਤੇ ਇਹ ਪ੍ਰਕਿਰਿਆ ਰਾਜਪਾਲ ਨੂੰ ਇੱਕ ਮੁਲਾਜ਼ਮ ਜਾਂ ਭਾਰਤ ਸਰਕਾਰ ਦਾ ਨੌਕਰ ਨਹੀਂ ਬਣਾਉਂਦੀ। ਰਾਸ਼ਟਰਪਤੀ ਵੱਲੋਂ ਨਿਯੁਕਤ ਕੀਤਾ ਗਿਆ ਹਰੇਕ ਵਿਅਕਤੀ ਜ਼ਰੂਰੀ ਨਹੀਂ ਕਿ ਉਹ ਭਾਰਤ ਸਰਕਾਰ ਦਾ ਮੁਲਾਜ਼ਮ ਹੋਵੇ। ਇਹ ਅਜਿਹਾ ਮਾਮਲਾ ਵੀ ਨਹੀਂ ਕਿ ਰਾਜਪਾਲ, ਰਾਸ਼ਟਰਪਤੀ ਦੀ ਇੱਛਾ ਤਕ ਹੀ ਅਹੁਦੇ 'ਤੇ ਬਿਰਾਜਮਾਨ ਰਹੇਗਾ। ਇਹ ਸੰਵਿਧਾਨਕ ਪ੍ਰਕਿਰਿਆ ਹੈ, ਜਿਹੜੀ ਰਾਜਪਾਲ ਦਾ ਕਾਰਜਕਾਲ ਨਿਰਧਾਰਤ ਕਰਦੀ ਹੈ ਅਤੇ ਇਹ ਭਾਰਤ ਸਰਕਾਰ ਨੂੰ ਰਾਜਪਾਲ ਦਾ ਰੁਜ਼ਗਾਰਦਾਤਾ ਨਹੀਂ ਬਣਾਉਂਦੀ।''

ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਰਾਸ਼ਟਰਪਤੀ ਦਾ ਰੁਤਬਾ ਭਾਰਤ ਸਰਕਾਰ ਦੇ ਮਾਤਹਿਤ ਜਾਂ ਜੀ-ਹਜ਼ੂਰੀਏ ਵਾਲਾ ਨਹੀਂ। ਉਹ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੋਧਿਆ ਜਾ ਸਕਣਯੋਗ ਵੀ ਨਹੀਂ ਅਤੇ ਨਾ ਹੀ ਆਪਣੇ ਕੰਮ-ਕਾਜ ਤੇ ਫਰਜ਼ਾਂ ਸਬੰਧੀ ਸਰਕਾਰ ਨੂੰ ਜੁਆਬਦੇਹ ਹੈ। ਉਹ ਇੱਕ ਆਜ਼ਾਦਾਨਾ ਸੰਵਿਧਾਨਕ ਦਫ਼ਤਰ ਹੈ ਅਤੇ ਉਸ ਉੱਪਰ ਭਾਰਤ ਸਰਕਾਰ ਕੰਟਰੋਲ ਨਹੀਂ ਕਰ ਸਕਦੀ। ਉਹ ਸੰਵਿਧਾਨਕ ਤੌਰ 'ਤੇ ਰਾਜ ਦਾ ਮੁਖੀ ਹੈ, ਜਿਸ ਰਾਹੀਂ ਰਾਜ ਦੀਆਂ

**(ਬਾਕੀ ਸਫਾ 20 ਤੇ)**

# ਆਉਣ ਵਾਲੀ ਪੀੜ੍ਹੀ ਲਈ ਘਾਤਕ ਸਾਬਤ ਹੋਣਗੇ ਨਸ਼ੇ

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਸ਼ਰਾਬ, ਬੀਅਰ ਤੋਂ ਇਲਾਵਾ ਡਰੱਗਜ਼ ਦੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਪੁਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ,ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਖਿਲਜੀ ਖਾਨਦਾਨ ਵਿਚੋਂ ਦਿੱਲੀ ਦਾ ਇਕ ਰਾਜਾ ਬਣਿਆ ਸੀ ਜਿਸ ਨੇ ਦੇਸ਼ ਵਿੱਚ ਪੂਰਨ ਸ਼ਰਾਬਬੰਦੀ ਲਾਗੂ ਕੀਤੀ ਸੀ ਪਹਿਲਾਂ ਉਸ ਨੇ ਖੁਦ ਸ਼ਰਾਬ ਪੀਣੀ ਬੰਦ ਕੀਤੀ ਫਿਰ ਮਹਿਲਾਂ ਵਿੱਚ ਸ਼ਰਾਬ ਦੀਆਂ ਮਹਿਫਲਾਂ ਵਿੱਚ ਵਰਤਿਆ ਜਾਣ ਵਾਲਾ ਸਾਮਾਨ, ਸੋਨੇ-ਚਾਂਦੀ ਦੇ ਬਰਤਨ ਆਦਿ, ਤੋੜ ਭੰਨ ਕੇ ਵੇਚ ਕੇ ਪੈਸਾ ਖਜ਼ਾਨੇ ਵਿਚ ਜਮ੍ਹਾਂ ਕਰਵਾਇਆ, ਸ਼ਰਾਬ ਬਣਾਉਣ ਵਾਲੇ ਅਤੇ ਪੀਣ ਵਾਲੇ ਨੂੰ ਖੂਹ ਵਿੱਚ ਸੁੱਟ ਕੇ ਉਪਰੋਂ ਖੂਹ ਬੰਦ ਕਰ ਦੇਣ ਦਾ ਸਖਤ ਕਾਨੂੰਨ ਬਣਾਇਆ ਸੀ ਪਰ ਅਫਸੋਸ ਕਿ ਅੱਜ ਇਸ ਤਰਾਂ ਦਾ ਕੋਈ ਕਾਨੂੰਨ ਨਹੀਂ ਹੈ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਂਕ ਤੇ ਆਦਤ ਬਣ ਜਾਂਦਾ ਹੈ ।

ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ।



ਪ੍ਰਮੋਦ ਧੀਰ
91-98550-31081

ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ, ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਨਸ਼ਾ ਛੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ,ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੈਪਟਨ ਸਰਕਾਰ ਵੱਲੋਂ ਸਰਕਾਰੀ ਖ਼ਜ਼ਾਨਾ ਭਰਨ ਲਈ ਇਕ ਹਜ਼ਾਰ ਕਰੋੜ ਵਸੂਲਣ ਦੀ ਤਜਵੀਜ਼

**ਚੰਡੀਗੜ੍ਹ (ਬਿਊਰੋ)–** ਕੈਪਟਨ ਸਰਕਾਰ ਨੇ ਸੂਬੇ ਨੂੰ ਮਾੜੀ ਮਾਲੀ ਹਾਲਤ 'ਚੋਂ ਕੱਢਣ ਅਤੇ ਮਾਲੀ ਸਾਧਨ ਜੁਟਾਉਣ ਲਈ ਸਿਧਾਂਤਕ ਤੌਰ 'ਤੇ ਕਰੀਬ ਇਕ ਹਜ਼ਾਰ ਕਰੋੜ ਰੁਪਏ ਦੇ ਟੈਕਸ ਲਾਉਣ ਦਾ ਫੈਸਲਾ ਕਰ ਲਿਆ ਹੈ। ਇਸ 'ਤੇ ਅੰਤਿਮ ਮੋਹਰ ਪੰਜਾਬ ਵਜ਼ਾਰਤ ਦੀ 25 ਜੁਲਾਈ ਨੂੰ ਹੋ ਰਹੀ ਮੀਟਿੰਗ ਵਿਚ ਲਾਉਣ ਦੀ ਤਿਆਰੀ ਹੈ। ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਵਿਚ ਖ਼ਜ਼ਾਨੇ ਦੀ ਹਾਲਤ ਬਹੁਤ ਮਾੜੀ ਹੋ ਗਈ ਸੀ ਤੇ ਓਵਰ ਡਰਾਫਟ ਇਸ ਕਦਰ ਵਧ ਗਿਆ ਸੀ ਕਿ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਪੰਜਾਬ ਸਰਕਾਰ ਦੇ ਲੈਣ-ਦੇਣ 'ਤੇ ਪਾਬੰਦੀ ਲਾ ਦਿਤੀ ਸੀ। ਰਿਜ਼ਰਵ ਬੈਂਕ ਦੀ ਪਾਬੰਦੀ ਸਮੇਂ ਕੈਪਟਨ ਸਰਕਾਰ ਨੂੰ ਸੱਤਾ ਸੰਭਾਲਿਆਂ ਕੁਝ ਦਿਨ ਹੀ ਹੋਏ ਸਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰੀਬ ਤਿੰਨ ਘੰਟੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਹਾਜ਼ਰੀ ਵਿਚ ਵਿੱਤ ਸਮੇਤ ਇਕ ਦਰਜਨ ਤੋਂ ਵੱਧ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮਾਲੀ ਸਾਧਨ ਜੁਟਾਉਣ ਲਈ ਮੀਟਿੰਗ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਮੀਟਿੰਗ ਵਿਚ ਪ੍ਰੋਫੈਸ਼ਨਲ ਟੈਕਸ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਬਿਜਲੀ ਡਿਊਟੀ ਦੋ ਫੀਸਦੀ ਵਧਾਉਣ ਨੂੰ ਵੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ, ਜਿਸ ਨਾਲ ਬਿਜਲੀ ਦਰਾਂ ਵਧਣ ਦੇ ਆਸਾਰ ਹਨ। ਟਰਾਂਸਪੋਰਟ ਸਬੰਧੀ ਟੈਕਸ ਵੀ ਹਰਿਆਣਾ ਸਰਕਾਰ ਦੇ ਪੈਟਰਨ 'ਤੇ ਵਸੂਲਣ ਦੀ ਤਜਵੀਜ਼ ਹੈ, ਜਿਸ ਨਾਲ ਸਰਕਾਰ ਦੀ ਆਮਦਨ ਹੋਰ ਵਧੇਗੀ। ਅਸ਼ਟਾਮ ਡਿਊਟੀਆਂ ਦੇ ਬਕਾਏ ਵਸੂਲਣ 'ਤੇ ਵੀ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ। ਇਸ ਤਰ੍ਹਾਂ ਸਰਕਾਰ ਨੂੰ ਇਕ ਹਜ਼ਾਰ ਕਰੋੜ ਰੁਪਏ ਮਿਲਣ ਦੀ ਆਸ ਹੈ।

ਇਸ ਨਾਲ ਸਰਕਾਰ ਦਾ ਕੁਝ ਕੰਮ-ਕਾਜ ਚਲਣ ਲੱਗ ਪਵੇਗਾ। ਇਸ ਤੋਂ ਪਹਿਲਾਂ ਰੇਤੇ ਦੀਆਂ ਖੱਡਾਂ ਅਤੇ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਤੋਂ ਵੀ ਸਰਕਾਰ ਦੀ ਆਮਦਨ ਵਿਚ ਵਾਧਾ ਹੋਇਆ ਹੈ, ਪਰ ਇਹ ਵਾਧਾ ਸਰਕਾਰ ਦਾ ਕੰਮ-ਕਾਜ ਚਲਾਉਣ ਲਈ ਕਾਫ਼ੀ ਨਹੀਂ ਸੀ। ਇਸ ਕਾਰਨ ਸਰਕਾਰ ਨੂੰ ਟੈਕਸ ਲਾਉਣ ਦੀ ਤਜਵੀਜ਼ ਬਣਾਉਣੀ ਪਈ ਹੈ। ਮੁੱਖ ਮੰਤਰੀ ਨੇ ਇਕ ਦਿਨ ਪਹਿਲਾਂ ਹੀ ਕਿਹਾ ਸੀ ਕਿ ਸਰਕਾਰ ਮਾਲੀ ਸਾਧਨ ਜੁਟਾਉਣ ਲਈ ਕੁਝ ਕਦਮ ਚੁੱਕ ਰਹੀ ਹੈ। ਉਸ ਅਨੁਸਾਰ ਅੱਜ ਤਜਵੀਜ਼ ਤਿਆਰ ਕਰ ਲਈ ਗਈ ਹੈ, ਜਿਸ 'ਤੇ ਵਜ਼ਾਰਤ ਦੀ ਅਗਲੀ ਮੀਟਿੰਗ ਵਿਚ ਮੋਹਰ ਲੱਗਣ ਦੀ ਸੰਭਾਵਨਾ ਹੈ।



**ਮੌਜੂਦਾ ਉਦਯੋਗਾਂ ਨੂੰ ਸੁਰਜੀਤ ਕਰਨ 'ਤੇ ਜ਼ੋਰ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਦੀ ਨਵੀਂ ਸਨਅਤੀ ਨੀਤੀ ਵਿਚ ਮੌਜੂਦਾ ਉਦਯੋਗਾਂ ਨੂੰ ਸੁਰਜੀਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ, ਜਿਸ ਵਿਚ 'ਵਪਾਰ ਪਹਿਲਾਂ' ਦੀ ਫਿਲਾਸਫੀ ਨੂੰ ਹੁਲਾਰਾ ਦੇਣ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ। ਅੱਜ ਇਥੇ ਨਵੀਂ ਨੀਤੀ ਦੇ ਖਰੜੇ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਪਹਿਲਾਂ ਬਣੀ ਧਾਰਨਾ ਵਿਚ ਤਬਦੀਲੀ ਲਿਆਉਣ ਲਈ ਸਰਲੀਕਰਨ 'ਤੇ ਧਿਆਨ ਕੇਂਦਰਤ ਕਰਨ ਲਈ ਕਿਹਾ। ਉਨ੍ਹਾਂ ਆਖਿਆ ਕਿ ਉਦਯੋਗਿਕ ਅਤੇ ਵਪਾਰਕ ਘਰਾਣਿਆਂ ਨਾਲ ਭਾਈਵਾਲਾਂ ਵਾਲਾ ਸਲੂਕ ਕੀਤਾ ਜਾਣਾ ਚਾਹੀਦਾ ਤੇ ਉਨ੍ਹਾਂ ਪ੍ਰਤੀ ਸ਼ੱਕੀ ਪਹੁੰਚ ਨਹੀਂ ਹੋਣੀ ਚਾਹੀਦੀ।

ਵਪਾਰ ਲਈ ਸੁਵਿਧਾ ਦੇਣ ਵਾਸਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਜ਼ਰੂਰਤ ਉੱਤੇ ਵੀ ਚਰਚਾ ਹੋਈ ਅਤੇ ਇਸ ਮਕਸਦ ਲਈ ਪੰਜਾਬ ਰਾਜ ਉਦਯੋਗਿਕ ਬੁਨਿਆਦੀ ਢਾਂਚਾ ਕਾਰਪੋਰੇਸ਼ਨ ਸਥਾਪਤ ਕਰਨ ਦੀ ਤਜਵੀਜ਼ ਆਈ। ਬਿਜਲੀ ਸੈਕਟਰ ਦਾ ਪੱਧਰ ਉੱਚਾ ਚੁੱਕਣ ਤੋਂ ਇਲਾਵਾ ਨਵੀਂ ਨੀਤੀ ਵਿਚ ਚਾਰ ਸਨਅਤੀ ਪਾਰਕ ਅਤੇ 10 ਸਨਅਤੀ ਅਸਟੇਟ ਵਿਕਸਤ ਕਰਨ ਲਈ ਵੀ ਰੂਪ-ਰੇਖਾ ਪੇਸ਼ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੰਜ ਸਾਲਾਂ ਵਿਚ ਵਿਕਾਸ ਦੇ ਸੱਤ ਅਹਿਮ ਥੰਮ੍ਹਾਂ ਵਿਚ ਪੰਜ ਲੱਖ ਕਰੋੜ ਰੁਪਏ ਦੇ ਕੁੱਲ ਪੂੰਜੀ ਨਿਵੇਸ਼ ਦਾ ਟੀਚਾ ਰੱਖਿਆ ਹੈ। ਕਾਲਜਾਂ ਵਿਚ 50 ਉਦਮੀ ਹੁਨਰ ਵਿਕਾਸ ਕੇਂਦਰ ਸਥਾਪਤ ਕਰਨ ਦੀ ਵੀ ਤਜਵੀਜ਼ ਹੈ।

ਅਧਿਕਾਰੀਆਂ ਨੇ ਸੁਝਾਅ ਦਿੱਤੇ ਕਿ ਸਭ ਤਰ੍ਹਾਂ ਦੇ ਵਿਕਾਸ ਦੀਆਂ ਜ਼ਰੂਰਤਾਂ ਲਈ ਇਕਹਿਰਾ ਤਕਨਾਲੋਜੀ ਮੰਚ ਤਿਆਰ ਕੀਤਾ ਜਾਵੇ। ਮੀਟਿੰਗ ਵਿਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ, ਰਾਣਾ ਗੁਰਜੀਤ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਪ੍ਰਮੁੱਖ ਸਕੱਤਰ ਵਿੱਤ ਅਨਿਰੁਧ ਤਿਵਾੜੀ, ਪ੍ਰਮੁੱਖ ਸਕੱਤਰ ਮਕਾਨ ਤੇ ਸ਼ਹਿਰੀ ਵਿਕਾਸ ਵਿੰਨੀ ਮਹਾਜਨ, ਵਿੱਤ ਕਮਿਸ਼ਨਰ ਕਰ ਅਨੁਰਾਗ ਅਗਰਵਾਲ, ਵਿੱਤ ਕਮਿਸ਼ਨਰ ਵਿਕਾਸ ਐਮ.ਪੀ. ਸਿੰਘ, ਪ੍ਰਮੁੱਖ ਸਕੱਤਰ ਊਰਜਾ ਏ. ਵੇਣੂ ਪ੍ਰਸਾਦ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਉਪ ਰਾਸ਼ਟਰਪਤੀ ਚੋਣ: ਗਾਂਧੀ ਤੇ ਨਾਇਡੂ ਵੱਲੋਂ ਨਾਮਜ਼ਦਗੀ ਦਾਖ਼ਲ

**ਨਵੀਂ ਦਿੱਲੀ–** ਵਿਰੋਧੀ ਧਿਰ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਗੋਪਾਲਕ੍ਰਿਸ਼ਨ ਗਾਂਧੀ ਅਤੇ ਸੱਤਾਧਾਰੀ ਐਨਡੀਏ ਦੇ ਉਮੀਦਵਾਰ ਐਮ. ਵੈਂਕਈਆ ਨਾਇਡੂ ਨੇ ਅੱਜ ਨਾਮਜ਼ਦਗੀ ਕਾਗਜ਼ ਦਾਖ਼ਲ ਕਰ ਦਿੱਤੇ ਹਨ। ਸ੍ਰੀ ਗਾਂਧੀ ਨੇ ਮੁੰਬਈ ਧਮਾਕੇ ਦੇ ਦੋਸ਼ੀ ਯਾਕੂਬ ਮੈਮਨ ਨੂੰ ਫਾਂਸੀ ਦੇ ਤਖ਼ਤੇ ਤੋਂ ਬਚਾਉਣ ਦੇ ਆਪਣੇ ਯਤਨਾਂ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਮੌਤ ਦੀ ਸਜ਼ਾ ਮੱਧ ਯੁੱਗੀ ਵਰਤਾਰਾ ਹੈ ਤੇ ਇਹ ਗਲਤ ਹੈ। ਮੈਮਨ ਦੀ ਤਰਸ ਦੇ ਆਧਾਰ 'ਤੇ ਅਰਜ਼ੀ ਦਾ ਸਮਰਥਨ ਕਾਰਨ ਸੱਤਾਧਾਰੀ ਧਿਰ ਦੀ ਆਲੋਚਨਾ ਦਾ ਸਾਹਮਣਾ ਕਰ ਰਹੇ ਸ੍ਰੀ ਗਾਂਧੀ ਨੇ ਕਿਹਾ ਕਿ ਉਸ ਨੇ ਅਜਿਹਾ ਮਹਾਤਮਾ ਗਾਂਧੀ ਤੇ ਬਾਬਾ ਸਾਹਿਬ ਅੰਬੇਦਕਰ, ਜੋ ਮੌਤ ਦੀ ਸਜ਼ਾ ਦੇ ਖ਼ਿਲਾਫ਼ ਸਨ ਤੇ ਇਸ ਨੂੰ ਖ਼ਤਮ ਕਰਨਾ ਚਾਹੁੰਦੇ ਸਨ, ਤੋਂ ਪ੍ਰੇਰਿਤ ਹੋ ਕੀਤਾ ਸੀ।

ਉਨ੍ਹਾਂ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਦੇ ਸੀਨੀਅਰ ਆਗੂਆਂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੀ ਮੌਜੂਦਗੀ ਵਿੱਚ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ।





ਇਸ ਮੌਕੇ ਜੇਡੀ (ਯੂ) ਆਗੂ ਸ਼ਰਦ ਯਾਦਵ, ਸੀਪੀਆਈ(ਐਮ) ਦੇ ਸੀਤਾਰਾਮ ਯੇਚੁਰੀ, ਸੀਪੀਆਈ ਦੇ ਡੀ. ਰਾਜਾ. ਐਨਸੀਪੀ ਦੇ ਤਾਰਿਕ ਅਨਵਰ, ਐਨਸੀ ਦੇ ਫਾਰੂਕ ਅਬਦੁੱਲਾ ਅਤੇ ਡੀਐਮਕੇ ਦੇ ਕੰਨੀਮੋੜੀ ਵੀ ਹਾਜ਼ਰ ਸਨ। ਸ੍ਰੀ ਗਾਂਧੀ ਨੇ ਕਿਹਾ, 'ਮੈਂ ਕਿਸੇ ਸਿਆਸੀ ਦਲ ਦਾ ਨਹੀਂ ਬਲਕਿ ਦੇਸ਼ ਦੇ ਆਮ ਨਾਗਰਿਕਾਂ ਦਾ ਨੁਮਾਇੰਦਾ ਹਾਂ ਅਤੇ ਸਿਆਸਤ ਤੇ ਜਨਤਾ ਦਰਮਿਆਨ ਪਾੜੇ ਨੂੰ ਪੂਰਨ ਲਈ ਯਤਨ ਕਰਾਂਗਾ।'

ਐਨਡੀਏ ਦੇ ਉਮੀਦਵਾਰ ਨਾਇਡੂ ਨੇ ਕਿਹਾ ਕਿ ਉਹ ਹੁਣ ਭਾਜਪਾ ਨਾਲ ਸਬੰਧਤ ਨਹੀਂ ਹਨ ਅਤੇ ਜੇਕਰ ਉਹ ਚੁਣੇ ਗਏ ਤਾਂ ਜਮਹੂਰੀ ਸੰਸਥਾਵਾਂ ਨੂੰ ਮਜ਼ਬੂਤ ਕਰਨਗੇ। ਉਹ ਸੰਸਦੀ ਕੰਪਲੈਕਸ ਵਿੱਚ ਨਾਮਜ਼ਦਗੀ ਦਾਖ਼ਲ ਕਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸੀਨੀਅਰ ਆਗੂ ਐਲ ਕੇ ਅਡਵਾਨੀ ਨਾਲ ਆਏ ਸਨ। ਉਨ੍ਹਾਂ ਕਿਹਾ ਕਿ ਉਮੀਦਵਾਰ ਬਣਨਾ ਉਨ੍ਹਾਂ ਲਈ 'ਮਾਣ' ਵਾਲੀ ਗੱਲ ਹੈ ਅਤੇ ਜੇਕਰ ਉਹ ਜਿੱਤ ਗਏ ਤਾਂ ਇਸ ਅਹੁਦੇ ਦੀ ਮਾਣ ਮਰਿਆਦਾ ਨੂੰ ਬਰਕਰਾਰ ਰੱਖਣਗੇ।


# ਭਾਰਤ ਦੇ 14ਵੇਂ ਰਾਸ਼ਟਰਪਤੀ ਚੋਣ ਵਿੱਚ 99 ਫ਼ੀਸਦੀ ਵੋਟਿੰਗ ਹੋਈ

**ਨਵੀਂ ਦਿੱਲੀ–** ਭਾਰਤ ਦੇ 14ਵੇਂ ਰਾਸ਼ਟਰਪਤੀ ਦੀ ਚੋਣ ਲਈ ਤਕਰੀਬਨ 99 ਫ਼ੀਸਦ ਵੋਟਾਂ ਪਈਆਂ। ਅਰੁਣਾਚਲ ਪ੍ਰਦੇਸ਼, ਛੱਤੀਸਗੜ੍ਹ, ਅਸਾਮ, ਗੁਜਰਾਤ, ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼, ਝਾਰਖੰਡ, ਨਾਗਾਲੈਂਡ, ਉੱਤਰਾਖੰਡ ਅਤੇ ਪੁਡੂਚੇਰੀ ਵਿੱਚ 100 ਫ਼ੀਸਦ ਵੋਟਾਂ ਪਈਆਂ ਹਨ।

ਲੋਕ ਸਭਾ ਦੇ ਸਕੱਤਰ ਜਨਰਲ ਅਨੂਪ ਮਿਸ਼ਰਾ, ਜੋ ਇਸ ਚੋਣ ਲਈ ਰਿਟਰਨਿੰਗ ਅਫ਼ਸਰ ਵੀ ਸਨ, ਨੇ ਦੱਸਿਆ ਕਿ ਸੰਸਦ ਭਵਨ ਵਿੱਚ ਵੋਟ ਫ਼ੀਸਦ 99 ਫ਼ੀਸਦ ਰਹੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਐਮਪੀ ਛੇਦੀ ਪਾਸਵਾਨ ਕੋਲ ਵੋਟ ਦਾ ਅਧਿਕਾਰ ਨਹੀਂ ਹੈ। ਦਿੱਲੀ ਵਿੱਚ 717 ਸੰਸਦ ਮੈਂਬਰਾਂ ਨੇ ਵੋਟ ਪਾਉਣੀ ਸੀ ਪਰ ਕੇਵਲ 714 ਮੈਂਬਰਾਂ ਨੇ ਹੀ ਆਪਣੇ ਅਧਿਕਾਰ ਦੀ ਵਰਤੋਂ ਕੀਤੀ। ਤ੍ਰਿਣਮੂਲ ਕਾਂਗਰਸ ਦੇ ਤਪਸ ਪਾਲ, ਬੀਜੇਡੀ ਦੇ ਰਾਮ ਚੰਦਰ ਹੰਸਦਕ ਅਤੇ ਪੀਐਮਕੇ ਦੇ ਅੰਬੂਮਨੀ ਰਾਮਾਦੌਸ ਨੇ ਵੋਟ ਨਹੀਂ ਪਾਈ। ਜਦੋਂ ਕਿ 54 ਸੰਸਦ ਮੈਂਬਰਾਂ ਨੇ ਸੂਬਾਈ ਰਾਜਧਾਨੀਆਂ ਵਿੱਚ ਵੋਟ ਪਾਉਣ ਲਈ ਆਗਿਆ ਲਈ ਹੋਈ ਸੀ, ਜਿਨ੍ਹਾਂ ਵਿੱਚ ਗੋਆ ਦੇ ਮੁੱਖ ਮੰਤਰੀ ਮਨੋਹਰ ਪਰੀਕਰ, ਉਨ੍ਹਾਂ ਦੇ ਯੂਪੀ ਦੇ ਹਮਰੁਤਬਾ ਯੋਗੀ ਅਦਿੱਤਿਆਨਾਥ, ਉਨ੍ਹਾਂ ਦੇ ਡਿਪਟੀ ਕੇਸ਼ਵ ਪ੍ਰਸਾਦ ਮੌਰੀਆ ਅਤੇ ਕੇਂਦਰੀ ਮੰਤਰੀ ਉਮਾ ਭਾਰਤੀ ਸ਼ਾਮਲ ਸਨ। ਭਾਜਪਾ ਮੁਖੀ ਅਮਿਤ ਸ਼ਾਹ, ਜੋ ਗੁਜਰਾਤ ਤੋਂ ਵਿਧਾਇਕ ਹਨ, ਨੇ ਵੀ ਦਿੱਲੀ ਵਿੱਚ ਵੋਟ ਪਾਉਣ ਦੀ ਆਗਿਆ ਲਈ ਸੀ। ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਕੋਲਕਾਤਾ ਵਿੱਚ ਵੋਟਾਂ ਪਾਈਆਂ। ਸ੍ਰੀ ਮਿਸ਼ਰਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਭ ਤੋਂ ਪਹਿਲਾਂ ਵੋਟ ਪਾਈ।

**ਪੰਜਾਬ: 116 ਵਿਧਾਇਕਾਂ ਨੇ ਪਾਈ ਵੋਟ**

ਚੰਡੀਗੜ੍ਹ- ਪੰਜਾਬ ਦੇ 116 ਵਿਧਾਇਕਾਂ ਨੇ ਅੱਜ ਰਾਸ਼ਟਰਪਤੀ ਦੀ ਚੋਣ 'ਚ ਹਿੱਸਾ ਲੈਂਦਿਆਂ ਵੋਟ ਪਾਈ। ਆਮ ਆਦਮੀ ਪਾਰਟੀ ਦੇ ਵਿਧਾਇਕ ਐਚ.ਐਸ. ਫੂਲਕਾ ਵੋਟ ਪਾਉਣ ਨਹੀਂ ਆਏ। ਇਸ ਜਮਹੂਰੀ ਪ੍ਰਕਿਰਿਆ ਵਿੱਚ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਵਿਧਾਇਕਾਂ ਨੇ ਹਿੱਸਾ ਲਿਆ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਵੋਟ ਰੱਦ ਹੋਣ ਬਾਰੇ ਅਫ਼ਵਾਹਾਂ ਦਾ ਦੌਰ ਚੱਲਿਆ। ਰਾਜ ਦੇ ਮੁੱਖ ਚੋਣ ਅਫ਼ਸਰ ਵੀ.ਕੇ. ਸਿੰਘ ਨੇ ਕਿਹਾ ਕਿ ਵੋਟਾਂ ਦਰੁਸਤ ਜਾਂ ਰੱਦ ਹੋਣ ਦਾ ਫੈਸਲਾ ਚੋਣ ਕਮਿਸ਼ਨ ਦੇ ਪੱਧਰ 'ਤੇ ਕੀਤਾ ਜਾਣਾ ਹੈ। ਚੋਣ ਦਫ਼ਤਰ ਵੱਲੋਂ ਇਨ੍ਹਾਂ ਦੋ ਵਿਧਾਇਕਾਂ ਦੀਆਂ ਵੋਟਾਂ ਬਾਰੇ ਚੋਣ ਕਮਿਸ਼ਨ ਨੂੰ ਰਿਪੋਰਟ ਭੇਜ ਦਿੱਤੀ ਹੈ। ਸੂਤਰਾਂ ਮੁਤਾਬਕ ਸਾਬਕਾ ਵਿੱਤ ਮੰਤਰੀ ਦੇ ਦੂਜੀ ਵਾਰ ਬੈਲੇਟ ਪੇਪਰ ਮੰਗਣ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਉਮੀਦਵਾਰ ਦੀ ਚੋਣ ਕਰਨ ਸਮੇਂ ਸ੍ਰੀ ਢੀਂਡਸਾ ਤੋਂ ਕੋਈ ਗਲਤੀ ਹੋਈ ਹੈ। ਇਸੇ ਤਰ੍ਹਾਂ ਸਿਮਰਜੀਤ ਸਿੰਘ ਬੈਂਸ ਨੇ ਨਿਸ਼ਾਨ ਲਗਾਉਣ ਬਾਅਦ ਬੈਲੇਟ ਪੇਪਰ ਜਿਸ ਢੰਗ ਨਾਲ ਫੜਿਆ ਸੀ ਉਸ ਤੋਂ ਵੋਟ ਦੀ ਗੁਪਤਤਾ ਭੰਗ ਹੋਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਚੋਣ ਅਧਿਕਾਰੀਆਂ ਨੇ ਸ੍ਰੀ ਬੈਂਸ ਵੱਲੋਂ ਵੋਟ ਪਾਉਣ ਦੇ ਅਮਲ ਦੀ ਵੀਡੀਓ ਨੂੰ ਮੁੜ ਤੋਂ ਚਲਾ ਕੇ ਦੇਖਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਵੀਡੀਓ ਵਿੱਚ ਤਾਂ ਕਿਸੇ ਤਰ੍ਹਾਂ ਦੀ ਅਣਗਹਿਲੀ ਸਾਹਮਣੇ ਨਹੀਂ ਆਈ ਪਰ ਫਿਰ ਵੀ ਮਾਮਲਾ ਚੋਣ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਹੈ।



ਵਿਧਾਨ ਸਭਾ 'ਚ ਵੋਟਾਂ ਪਾਉਣ ਦਾ ਅਮਲ ਸਵੇਰੇ 10 ਵਜੇ ਸ਼ੁਰੂ ਹੋਇਆ ਅਤੇ ਬਾਅਦ ਦੁਪਹਿਰ 1 ਵਜੇ ਤਕ ਸਾਰੀਆਂ ਵੋਟਾਂ ਭੁਗਤ ਗਈਆਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀਆਂ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੋਟ ਪਾਉਣ ਲਈ ਪਹੁੰਚੇ।

ਕਾਂਗਰਸ ਵੱਲੋਂ ਬ੍ਰਹਮ ਮਹਿੰਦਰਾ ਤੇ ਨਵਤੇਜ ਸਿੰਘ ਚੀਮਾ ਨੂੰ ਸ੍ਰੀਮਤੀ ਮੀਰਾ ਕੁਮਾਰ ਦਾ ਚੋਣ ਏਜੰਟ ਬਣਾਇਆ ਗਿਆ ਸੀ ਜਦੋਂ ਕਿ ਭਾਜਪਾ ਵੱਲੋਂ ਦਿਨੇਸ਼ ਸਿੰਘ ਬੱਬੂ ਨੂੰ ਸ੍ਰੀ ਰਾਮ ਨਾਥ ਕੋਵਿੰਦ ਦਾ ਚੋਣ ਏਜੰਟ ਬਣਾਇਆ ਗਿਆ ਸੀ। ਆਮ ਆਦਮੀ ਪਾਰਟੀ ਨੇ ਕਾਂਗਰਸੀ ਉਮੀਦਵਾਰ ਦੇ ਸਮਰਥਨ ਦਾ ਐਲਾਨ ਕੀਤਾ ਸੀ ਪਰ ਇਸ ਦੇ ਕੁੱਝ ਵਿਧਾਇਕਾਂ ਵੱਲੋਂ ਭਾਜਪਾ ਦੇ ਉਮੀਦਵਾਰ ਨੂੰ ਵੋਟ ਪਾਏ ਜਾਣ ਦਾ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ। ਲੋਕ ਇਨਸਾਫ਼ ਪਾਰਟੀ ਦੇ ਦੋਹੇਂ ਵਿਧਾਇਕਾਂ ਨੇ ਭਾਜਪਾ ਉਮੀਦਵਾਰ ਦੀ ਹਮਾਇਤ ਦਾ ਐਲਾਨ ਕੀਤਾ ਹੋਇਆ ਸੀ।

# ਕਿਸਾਨ ਜਥੇਬੰਦੀਆਂ ਵੱਲੋਂ 9 ਅਗਸਤ ਨੂੰ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਦਾ ਐਲਾਨ

**ਚੰਡੀਗੜ੍ਹ–** ਪੰਜਾਬ ਦੀਆਂ ਚਾਰ ਕਿਸਾਨੀ ਜਥੇਬੰਦੀਆਂ ਨੇ ਇਕਸੁਰ ਹੁੰਦਿਆਂ 9 ਅਗਸਤ ਨੂੰ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। 9 ਅਗਸਤ ਦੇ ਜੇਲ੍ਹ ਭਰੋ ਅੰਦਲੋਨ ਤੋਂ ਪਹਿਲਾਂ ਚਾਰੇ ਕਿਸਾਨ ਜਥੇਬੰਦੀਆਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ 'ਚ 31 ਜੁਲਾਈ ਨੂੰ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ ਬਾਹਰ ਧਰਨੇ ਦੇਣਗੀਆਂ। ਜ਼ਿਲ੍ਹਾ ਹੈਡਕੁਆਟਰਾਂ 'ਤੇ ਧਰਨੇ ਪ੍ਰਦਰਸ਼ਨ ਦੌਰਾਨ ਕਿਸਾਨ ਜਥੇਬੰਦੀਆਂ ਪੰਜ ਕਿਸਾਨੀ ਮੁੱਦਿਆਂ 'ਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪਣਗੀਆਂ। ਕਿਸਾਨਾਂ ਦੀਆਂ ਮੰਗਾਂ ਵਿੱਚ ਡਾ. ਸੁਆਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਾਉਣਾ, ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਾਉਣਾ, ਆਵਾਰਾ ਪਸ਼ੂਆਂ ਅਤੇ ਜਾਨਵਰਾਂ ਦੀ ਸਮੱਸਿਆ ਦਾ ਸਰਕਾਰ ਵੱਲੋਂ ਢੁਕਵਾਂ ਹੱਲ, ਖੇਤੀ ਨਾਲ ਸਬੰਧਤ ਮਸ਼ੀਨਰੀ ਅਤੇ ਕੀੜੇ ਮਾਰ ਦਵਾਈਆਂ ਨੂੰ ਜੀਐਸਟੀ ਤੋਂ ਬਾਹਰ ਰੱਖਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦਾ ਸਰਕਾਰ ਵੱਲੋਂ ਨਿਪਟਾਰਾ ਕਰਨਾ ਸ਼ਾਮਲ ਹਨ। ਇਸਦੇ ਨਾਲ ਹੀ ਭਾਰਤੀ ਕਿਸਾਨ ਯੂਨੀਅਨ (ਕਾਦੀਆਂ), ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ), ਪੱਗੜੀ ਸੰਭਾਲ ਜੱਟਾ ਅਤੇ ਦੁਆਬਾ ਸੰਘਰਸ਼ ਕਮੇਟੀ ਨੇ ਅੱਜ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਸਾਂਝੇ ਫਰੰਟ ਦਾ ਗਠਨ ਕੀਤਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਜੇਲ੍ਹ ਭਰੋ ਅੰਦੋਲਨ ਨੂੰ ਦੇਸ਼ ਵਿਆਪੀ ਬਣਾਉਣ ਵਾਸਤੇ ਹੋਰਨਾਂ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਚਲ ਰਹੀ ਹੈ ਤਾਂ ਜੋ 9 ਅਗਸਤ ਨੂੰ ਇਕ ਸਾਂਝੇ ਮੰਚ ਅਧੀਨ ਦੇਸ਼ ਵਿਆਪੀ ਅੰਦੋਲਨ ਕੀਤਾ ਜਾ ਸਕੇ।

ਪੰਜਾਬ 'ਚ ਇਹ ਚਾਰੇ ਕਿਸਾਨ ਜਥੇਬੰਦੀਆਂ ਸਾਂਝੇ ਫਰੰਟ 'ਪੰਜਾਬ ਕਿਸਾਨ ਸੰਗਠਨ' ਅਧੀਨ ਪੰਜ ਕਿਸਾਨੀ ਮੁੱਦਿਆਂ 'ਤੇ ਪੰਜਾਬ 'ਚ ਆਰ-ਪਾਰ ਦੀ ਲੜਾਈ ਲੜਨਗੀਆਂ।

ਭਾਰਤੀ ਕਿਸਾਨ ਯੂਨੀਅਨ (ਕਾਦੀਆਂ), ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ), ਪੱਗੜੀ ਸੰਭਾਲ ਜੱਟਾ ਅਤੇ ਦੁਆਬਾ ਸੰਘਰਸ਼ ਕਮੇਟੀ ਦੀ ਅੱਜ ਇਥੇ ਹੋਈ ਮੀਟਿੰਗ 'ਚ ਅਗਲੇ ਸੰਘਰਸ਼ ਵਾਸਤੇ ਛੇ ਮੈਂਬਰੀ ਤਾਲਮੇਟੀ ਕਮੇਟੀ ਦਾ ਗਠਨ ਕੀਤਾ ਗਿਆ। ਜੋ ਕਿਸਾਨ ਜਥੇਬੰਦੀਆਂ ਦੇ ਸਾਂਝੇ ਫਰੰਟ ਦਾ ਸੰਚਾਲਨ ਕਰੇਗੀ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਪ੍ਰਧਾਨ ਜਗਜੀਤ ਸਿੰਘ ਦਹਿਲੇਵਾਲ, ਜਨਰਲ ਸਕੱਤਰ ਭੋਗ ਸਿੰਘ ਮਾਨਸਾ ਆਦਿ ਨੇ ਕਿਹਾ ਕਿ 9 ਅਗਸਤ ਨੂੰ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ 25 ਜੁਲਾਈ ਨੂੰ ਦਿੱਲੀ 'ਚ ਕੌਮੀ ਪੱਧਰ ਦੀ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਅੰਦੋਲਨ ਨੂੰ ਦੇਸ਼ ਵਿਆਪੀ ਬਣਾਉਣ ਵਾਸਤੇ ਰਣਤੀਨੀ ਘੜੀ ਜਾਵੇਗੀ। ਕਿਸਾਨ ਆਗੂਆਂ ਨੇ ਦੱਸਿਆ ਕਿ ਕੌਮੀ ਪੱਧਰ 'ਤੇ ਸਰਕਾਰ ਖ਼ਿਲਾਫ਼ ਸੰਘਰਸ਼ ਲਈ ਇਕ ਮੰਚ ਤਿਆਰ ਕੀਤਾ ਜਾ ਰਿਹਾ ਹੈ।

# ਯੂਕੇ ਦੀ ਪਹਿਲੀ ਸਿੱਖ ਐਮਪੀ ਪ੍ਰੀਤ ਕੌਰ ਗਿੱਲ ਅਹਿਮ ਸੰਸਦੀ ਪੈਨਲ ਵਿੱਚ ਸ਼ਾਮਲ

**ਲੰਡਨ–** ਬ੍ਰਿਟੇਨ ਦੀ ਪਹਿਲੀ ਮਹਿਲਾ ਸਿੱਖ ਐਮਪੀ ਪ੍ਰੀਤ ਕੌਰ ਗਿੱਲ ਇੰਗਲੈਂਡ ਦੀ ਸੰਸਦ ਵਿੱਚ ਪ੍ਰਭਾਵਸ਼ਾਲੀ ਸਰਬ-ਪਾਰਟੀ ਕਮੇਟੀ ਵਿੱਚ ਚੁਣੀ ਗਈ ਹੈ। ਇਹ ਕਮੇਟੀ ਗ੍ਰਹਿ ਦਫ਼ਤਰ ਦੇ ਕੰਮ-ਕਾਜ ਦੀ ਨਿਗਰਾਨੀ ਕਰਦੀ ਹੈ।

ਗ਼ੌਰਤਲਬ ਹੈ ਕਿ 8 ਜੂਨ ਨੂੰ ਆਮ ਚੋਣਾਂ ਵਿੱਚ ਲੇਬਰ ਪਾਰਟੀ ਵੱਲੋਂ ਐਜਬਾਸਟਨ ਸੀਟ ਤੋਂ ਜਿੱਤੀ ਪ੍ਰੀਤ ਗਿੱਲ ਯੂਕੇ ਸੰਸਦ ਵਿੱਚ ਗ੍ਰਹਿ ਮਾਮਲਿਆਂ ਬਾਰੇ ਵਿਸ਼ੇਸ਼ ਕਮੇਟੀ ਵਿੱਚ ਚੁਣੀ ਗਈ ਹੈ। ਇਸ ਕਮੇਟੀ ਵਿੱਚ 10 ਹੋਰ ਬ੍ਰਿਟਿਸ਼ ਐਮਪੀ ਵੀ ਸ਼ਾਮਲ ਹਨ।

44 ਸਾਲਾ ਪ੍ਰੀਤ ਨੇ ਕਿਹਾ, 'ਇਸ ਚੋਣ ਤੋਂ ਪਹਿਲਾਂ ਸਾਡੇ ਕੋਲ ਕੋਈ ਸਿੱਖ ਕਾਨੂੰਨਸਾਜ਼ ਨਹੀਂ ਸੀ। ਇਸ ਤਰ੍ਹਾਂ ਸਿੱਖਾਂ ਦੀ ਨੁਮਾਇੰਦਗੀ ਨਹੀਂ ਸੀ ਅਤੇ ਸਾਡੇ ਕੋਲ ਕੋਈ ਮਹਿਲਾ ਸਿੱਖ ਪ੍ਰਤੀਨਿਧ ਵੀ ਨਹੀਂ ਸੀ।' ਦੱਸਣਯੋਗ ਹੈ ਕਿ ਹਾਊਸ ਆਫ ਕਾਮਨਜ਼ ਵਿੱਚ ਗ੍ਰਹਿ ਮਾਮਲਿਆਂ ਬਾਰੇ ਵਿਸ਼ੇਸ਼ ਕਮੇਟੀ ਦੇ ਕੀਥ ਵਾਜ਼ ਮੁਖੀ ਰਹੇ ਹਨ, ਜੋ ਸਭ ਤੋਂ ਲੰਬਾ ਸਮਾਂ ਸੇਵਾਵਾਂ ਨਿਭਾਉਣ



ਵਾਲਾ ਭਾਰਤੀ ਮੂਲ ਦਾ ਐਮਪੀ ਹੈ। ਉਨ੍ਹਾਂ ਨੇ ਇਸ ਅਹੁਦੇ ਤੋਂ ਪਿਛਲੇ ਸਾਲ ਅਸਤੀਫ਼ਾ ਦੇ ਦਿੱਤਾ ਸੀ। ਇਸ ਅਹੁਦੇ ਉਤੇ ਹੁਣ ਲੇਬਰ ਪਾਰਟੀ ਦੀ ਐਮਪੀ ਯਵੈਟੇ ਕੂਪਰ ਬਿਰਾਜਮਾਨ ਹੈ, ਜੋ ਪਿਛਲੇ ਹਫ਼ਤੇ ਨਿਰਵਿਰੋਧ ਚੁਣੀ ਗਈ ਸੀ।

ਦੱਸਣਯੋਗ ਹੈ ਕਿ ਪ੍ਰੀਤ ਗਿੱਲ ਬ੍ਰਿਟਿਸ਼ ਸਿੱਖਾਂ ਲਈ ਸਰਬ ਪਾਰਟੀ ਸੰਸਦੀ ਗਰੁੱਪ (ਏਪੀਪੀਜੀ) ਦੀ ਮੁਖੀ ਵੀ ਚੁਣੀ ਗਈ ਹੈ। ਸਿੱਖ ਫੈਡਰੇਸ਼ਨ (ਯੂਕੇ) ਦੇ ਮੁਖੀ ਭਾਈ ਅਮਰੀਕ ਸਿੰਘ ਨੇ ਕਿਹਾ, 'ਏਪੀਪੀਜੀ ਨੇ ਇਸ ਹਫ਼ਤੇ ਸ਼ਾਨਦਾਰ ਸ਼ੁਰੂਆਤ ਕੀਤੀ। ਸਾਨੂੰ ਪੂਰਾ ਭਰੋਸਾ ਹੈ ਕਿ ਪ੍ਰੀਤ ਗਿੱਲ ਸਿੱਖ ਭਾਈਚਾਰੇ ਦੇ ਅਹਿਮ ਮਸਲਿਆਂ ਦੇ ਠੋਸ ਹੱਲ ਲਈ ਏਪੀਪੀਜੀ ਦੀ ਸੁਚੱਜੀ ਅਗਵਾਈ ਕਰੇਗੀ।'

ਇਸ ਦੌਰਾਨ ਭਾਰਤੀ ਮੂਲ ਦੇ ਸੀਨੀਅਰ ਲੇਬਰ ਐਮਪੀ ਵਿਰੇਂਦਰ ਸ਼ਰਮਾ (70) ਨੂੰ ਇੰਡੋ-ਬ੍ਰਿਟਿਸ਼ ਸਰਬ ਪਾਰਟੀ ਸੰਸਦੀ ਗਰੁੱਪ ਦਾ ਮੁੜ ਚੇਅਰਮੈਨ ਚੁਣ ਲਿਆ ਗਿਆ। ਭਾਰਤੀ ਮੂਲ ਦੀ ਲੇਬਰ ਐਮਪੀ ਸੀਮਾ ਮਲਹੋਤਰਾ ਇਸ ਗਰੁੱਪ ਦੀ ਉਪ-ਚੇਅਰਪਰਸਨ ਚੁਣੀ ਗਈ ਹੈ।

# 'ਆਪ' ਵੱਲੋਂ ਸੂਬਾ ਅਹੁਦੇਦਾਰਾਂ ਦੀ ਪਲੇਠੀ ਸੂਚੀ ਜਾਰੀ

**ਚੰਡੀਗੜ੍ਹ–** ਆਮ ਆਦਮੀ ਪਾਰਟੀ ਨੇ ਅੱਜ ਸੂਬਾ ਅਹੁਦੇਦਾਰਾਂ ਦੀ ਪਲੇਠੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਤੋਂ ਬਿਨਾਂ ਜ਼ੋਨ ਪ੍ਰਧਾਨਾਂ ਅਤੇ ਅਨੁਸ਼ਾਸਨੀ ਕਮੇਟੀ ਦੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਸੂਚੀ 'ਚ ਔਰਤਾਂ ਨੂੰ ਨਾਂਮਾਤਰ ਪ੍ਰਤੀਨਿਧਤਾ ਦਿੰਦਿਆਂ ਕੇਵਲ ਦੋ ਮਹਿਲਾਵਾਂ ਹੀ ਸ਼ਾਮਲ ਕੀਤੀਆਂ ਗਈਆਂ ਹਨ ਜਦਕਿ ਅਸੈਂਬਲੀ ਚੋਣ ਹਾਰਨ ਵਾਲੇ ਵੱਡੀ ਗਿਣਤੀ ਪਾਰਟੀ ਅਹੁਦੇਦਾਰਾਂ ਨੂੰ ਐਡਜਸਟ ਕੀਤਾ ਗਿਆ ਹੈ। 'ਆਪ ਪੰਜਾਬ ਦੇ ਉਪ ਪ੍ਰਧਾਨ ਅਮਨ ਅਰੋੜਾ ਨੇ ਦਾਅਵਾ ਕੀਤਾ ਹੈ ਕਿ ਅਹੁਦੇਦਾਰਾਂ ਦੀ ਚੋਣ ਆਮ ਵਰਕਰਾਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਕੀਤੀ ਗਈ ਹੈ। ਸੰਸਦ ਮੈਂਬਰ ਭਗਵੰਤ ਮਾਨ ਨੂੰ 'ਆਪ' ਪੰਜਾਬ ਦੀ ਕਮਾਨ ਸੰਭਾਲੇ ਜਾਣ ਤੋਂ ਬਾਅਦ ਜਥੇਬੰਦਕ ਢਾਂਚੇ ਦਾ ਪੁਨਰਗਠਨ ਸ਼ੁਰੂ ਹੋ ਗਿਆ ਹੈ। ਪਾਰਟੀ ਵੱਲੋਂ ਅਗਲੇ ਦਿਨੀਂ ਦੂਜੀ ਸੂਚੀ ਵੀ ਜਾਰੀ ਕੀਤੀ ਜਾਵੇਗੀ।

ਪਾਰਟੀ ਵੱਲੋਂ ਪੰਜਾਬ ਨੂੰ ਤਿੰਨ ਜ਼ੋਨਾਂ ਵਿਚ ਵੰਡਿਆ ਗਿਆ ਹੈ। ਮਾਲਵੇ ਖੇਤਰ ਦੀ ਕਮਾਨ ਤਿੰਨ ਜਰਨੈਲਾਂ ਨੂੰ ਸੌਂਪੀ ਗਈ ਹੈ। ਮਾਝਾ ਜ਼ੋਨ ਦਾ ਪ੍ਰਧਾਨ ਕੰਵਰਪ੍ਰੀਤ ਕਾਕੀ ਨੂੰ ਨਿਯੁਕਤ ਕੀਤਾ ਗਿਆ ਹੈ। ਮਾਝੇ ਵਿੱਚ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ ਅਤੇ ਤਰਨ ਤਾਰਨ ਜ਼ਿਲ੍ਹੇ ਸ਼ਾਮਲ ਕੀਤੇ ਗਏ ਹਨ। ਦੋਆਬਾ ਖੇਤਰ ਦੇ ਚਾਰ ਜ਼ਿਲ੍ਹਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਪਰਮਜੀਤ ਸਚਦੇਵਾ ਨੂੰ ਦਿੱਤੀ ਗਈ ਹੈ। ਮਾਲਵਾ ਜ਼ੋਨ ਇੱਕ ਵਿੱਚ ਫ਼ਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ ਅਤੇ ਮਾਨਸਾ ਨੂੰ ਸ਼ਾਮਲ ਕਰ ਕੇ ਅਨਿਲ ਠਾਕੁਰ ਨੂੰ ਪ੍ਰਧਾਨ ਲਾਇਆ ਗਿਆ ਹੈ ਜਦੋਂ ਕਿ ਜ਼ੋਨ ਦੋ ਵਿੱਚ ਫ਼ਰੀਦਕੋਟ, ਮੋਗਾ, ਲੁਧਿਆਣਾ ਅਤੇ ਫ਼ਤਹਿਗੜ੍ਹ ਸਾਹਿਬ ਨੂੰ ਰੱਖ ਕੇ ਪ੍ਰਧਾਨ ਦੀ ਜ਼ਿੰਮੇਵਾਰੀ ਗੁਰਦਿੱਤ ਸੇਖੋਂ ਨੂੰ ਸੌਂਪੀ ਗਈ ਹੈ। ਬਰਨਾਲਾ, ਸੰਗਰੂਰ, ਪਟਿਆਲਾ, ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਮਾਲਵਾ ਜ਼ੋਨ ਤਿੰਨ ਵਿੱਚ ਸ਼ਾਮਲ ਕੀਤਾ ਗਿਆ ਹੈ। ਦਲਬੀਰ ਢਿੱਲੋਂ ਨੂੰ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਅਨੁਸ਼ਾਸਨੀ ਕਮੇਟੀ ਵਿੱਚ ਡਾ. ਇੰਦਰਬੀਰ ਨਿੱਝਰ, ਜਸਬੀਰ ਸਿੰਘ ਬੀਰ, ਕਰਨਲ ਭਲਿੰਦਰ ਸਿੰਘ, ਬ੍ਰਿਗੇਡੀਅਰ ਰਾਜ ਕੁਮਾਰ ਅਤੇ ਰਾਜ ਲਾਲੀ ਗਿੱਲ ਨੂੰ ਲਿਆ ਗਿਆ ਹੈ। ਸਾਰੇ ਸੰਸਦ ਮੈਂਬਰ ਅਤੇ ਵਿਧਾਇਕ ਸੂਬਾ ਕਾਰਜਕਾਰਨੀ ਦੇ ਮੈਂਬਰ ਹੋਣਗੇ।ਸੂਬਾ ਬਾਡੀ ਵਿੱਚ ਸਕੱਤਰ ਦੀ ਜ਼ਿੰਮੇਵਾਰੀ ਗੁਲਸ਼ਨ ਛਾਬੜਾ ਨੂੰ ਸੌਂਪੀ ਗਈ ਹੈ। ਆਰਗੇਨਾਈਜ਼ੇਸ਼ਨ ਬਿਲਡਿੰਗ ਟੀਮ ਇੰਚਾਰਜ ਦਾ ਅਹੁਦਾ ਨਵਾਂ ਰਚਿਆ ਗਿਆ ਹੈ ਅਤੇ ਇਸ 'ਤੇ ਗੈਰੀ ਬੜਿੰਗ ਨੂੰ ਨਿਯੁਕਤ ਕੀਤਾ ਗਿਆ ਹੈ। ਸੁਖਵਿੰਦਰ ਸਿੰਘ ਖ਼ਜ਼ਾਨਚੀ ਲਾਏ ਗਏ ਹਨ। ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਹਾਲ ਦੀ ਘੜੀ ਖ਼ਾਲੀ ਛੱਡ ਦਿੱਤਾ ਗਿ ਆ ਹੈ। ਸੱਤ ਮੀਤ ਪ੍ਰਧਾਨਾਂ ਵਿੱਚ ਡਾਕਟਰ ਬਲਬੀਰ ਸਿੰਘ, ਚਰਨਜੀਤ ਸਿੰਘ, ਬਲਦੇਵ ਸਿੰਘ ਆਜ਼ਾਦ, ਆਸ਼ੂਤੋਸ਼ ਟੰਡਨ, ਕੁਲਦੀਪ ਧਾਲੀਵਾਲ, ਕਰਨਬੀਰ ਟਿਵਾਣਾ ਅਤੇ ਹਰੀ ਸਿੰਘ ਟੋਹੜਾ ਦੇ ਨਾਂ ਸ਼ਾਮਲ ਹਨ। ਸੁਖਦੀਪ ਸਿੰਘ ਅੱਪਰਾ, ਜਸਬੀਰ ਸਿੰਘ ਰਾਜਾ ਗਿੱਲ, ਅਹਿਬਾਬ ਸਿੰਘ ਗਰੇਵਾਲ, ਡਾ. ਰਵਜੋਤ, ਮੁਨੀਸ਼ ਧੀਰ, ਜਰਨੈਲ ਸਿੰਘ ਮੰਨੂ, ਨਵਜੋਤ ਸਿੰਘ ਜਰਗ, ਕੁਲਜੀਤ ਸਿੰਘ, ਸੰਤੋਖ ਸਿੰਘ ਸਲਾਣਾ, ਹਰਿੰਦਰ ਸਿੰਘ, ਮਨਜੀਤ ਸਿੰਘ ਸਿੱਧੂ, ਭੁਪਿੰਦਰ ਸਿੰਘ ਬਿੱਟੂ, ਪਲਵਿੰਦਰ ਕੌਰ, ਦਲਬੀਰ ਸਿੰਘ ਤੁੰਗ, ਲਖਵੀਰ ਸਿੰਘ, ਭੁਪਿੰਦਰ ਗੋਰਾ, ਪਰਦੀਪ ਮਲਹੋਤਰਾ, ਬਲਵਿੰਦਰ ਸਿੰਘ ਚੌਂਦਾ ਅਤੇ ਅਜੈ ਸ਼ਰਮਾ ਨੂੰ ਜਨਰਲ ਸਕੱਤਰ ਬਣਾਇਆ ਗਿਆ ਹੈ।

# ਕੈਪਟਨ ਦੇ ਰੁਖ਼ ਤੋਂ ਸਾਬਕਾ ਅਕਾਲੀ ਮੰਤਰੀ ਹੋਏ ਬਾਗ਼ੋ ਬਾਗ

**ਬਠਿੰਡਾ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਬਦਲਾਖੋਰੀ ਦੇ ਮਾਮਲੇ 'ਤੇ ਲਏ ਸਟੈਂਡ ਤੋਂ ਸਾਬਕਾ ਅਕਾਲੀ ਮੰਤਰੀ ਸੰਤੁਸ਼ਟ ਹਨ ਜਦਕਿ ਕਾਂਗਰਸੀ ਲੀਡਰ ਅੰਦਰੋਂ-ਅੰਦਰੀ ਇਸ ਗੱਲ ਤੋਂ ਔਖੇ ਹਨ। ਮੁੱਖ ਮੰਤਰੀ ਨੇ ਸਾਫ਼ ਐਲਾਨ ਕੀਤਾ ਹੈ ਕਿ ਬਦਲੇ ਦੀ ਸਿਆਸਤ ਨਹੀਂ ਕੀਤੀ ਜਾਵੇਗੀ। ਚਾਰ ਮਹੀਨਿਆਂ ਦੀ ਕਾਰਗੁਜ਼ਾਰੀ 'ਤੇ ਸਾਬਕਾ ਅਕਾਲੀ ਵਜ਼ੀਰਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਗਈ ਹੈ ਪਰ ਸਿਆਸੀ ਬਦਲਾਖੋਰੀ ਨਾ ਕਰਨ ਦੇ ਮਾਮਲੇ 'ਤੇ ਕੈਪਟਨ ਪਹਿਰਾ ਦੇ ਰਹੇ ਹਨ, ਜੋ ਚੰਗਾ ਕਦਮ ਹੈ। ਸਾਰਿਆਂ ਨੇ ਏਨਾ ਜ਼ਰੂਰ ਕਿਹਾ ਕਿ ਸਿਆਸੀ ਬਦਲਾਖੋਰੀ ਹੇਠਲੇ ਪੱਧਰ 'ਤੇ ਸ਼ੁਰੂ ਹੋ ਚੁੱਕੀ ਹੈ।

ਸਾਬਕਾ ਅਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਪ੍ਰਤੀਕਰਮ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਬਦਲਾਖੋਰੀ ਕੀਤੇ ਜਾਣ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਪਰ ਹੇਠਲੇ ਕਾਂਗਰਸੀ ਆਗੂ ਸਰਪੰਚਾਂ ਨੂੰ ਤੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚਾਰ ਮਹੀ-ਨਿਆਂ 'ਚ ਸਰਕਾਰ ਕੋਈ ਕਾਰਗੁਜ਼ਾਰੀ ਨਹੀਂ ਦਿਖਾ ਸਕੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਬਦਲਾਖੋਰੀ ਨਹੀਂ ਕੀਤੀ ਜਾ ਰਹੀ, ਜੋ ਚੰਗਾ ਕਦਮ ਹੈ ਪਰ ਹੇਠਲੇ ਪੱਧਰ 'ਤੇ ਵਿਧਾਇਕ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਕੋਈ ਬਦਲਾਖੋਰੀ ਨਹੀਂ ਹੋਈ ਹੈ। ਕੈਪਟਨ ਅਮਰਿੰਦਰ ਵੱਲੋਂ ਬਦਲਾਖੋਰੀ ਦੇ ਮਾਮਲੇ 'ਤੇ ਲਏ ਸਟੈਂਡ ਦਾ ਆਉਂਦੇ ਦਿਨਾਂ ਵਿੱਚ ਅਸਲ ਪਤਾ ਲੱਗੇਗਾ। ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਪੱਧਰ 'ਤੇ ਕੋਈ ਬਦਲਾਖੋਰੀ ਨਹੀਂ ਹੋ ਰਹੀ ਹੈ ਪਰ ਹੇਠਲੇ ਪੱਧਰ 'ਤੇ ਮੁਲਾਜ਼ਮਾਂ ਦੇ ਤਬਾਦਲੇ ਕਰਵਾਏ ਜਾ ਰਹੇ ਹਨ ਤੇ ਵਿਰੋਧੀਆਂ ਨੂੰ ਦਬਾਇਆ ਜਾ ਰਿਹਾ ਹੈ।

ਸਾਬਕਾ ਮੰਤਰੀ ਅਜੀਤ ਸਿੰਘ ਕੋਹਾੜ ਨੇ ਕਿਹਾ ਕਿ ਕੈਪਟਨ ਨੇ ਬਦਲਾਖੋਰੀ ਦੇ ਮਾਮਲੇ 'ਤੇ ਚੁੱਪ ਵੱਟੀ ਹੋਈ ਹੈ ਜਦਕਿ ਹੇਠਾਂ ਹਾਹਾਕਾਰ ਮੱਚੀ ਹੋਈ ਹੈ। ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਦਾ ਪ੍ਰਤੀਕਰਮ ਸੀ ਕਿ ਸੁਣਨ ਵਿੱਚ ਆਇਆ ਹੈ ਕਿ ਉਪਰੋਂ ਮੁੱਖ ਮੰਤਰੀ ਦੀਆਂ ਬਦਲਾਲਊ ਨੀਤੀ ਵਾਲੀਆਂ ਕੋਈ ਹਦਾਇਤਾਂ ਨਹੀਂ ਹਨ, ਜੋ ਇੱਕ ਚੰਗਾ ਕਦਮ ਹੈ ਪਰ ਹੇਠਲੇ ਪੱਧਰ 'ਤੇ ਸਭ ਕੁਝ ਹੋ ਰਿਹਾ ਹੈ। ਦੂਜੇ ਪਾਸੇ ਜਦੋਂ ਕਈ ਕਾਂਗਰਸੀ ਆਗੂਆਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ 'ਕੀ ਦੱਸੀਏ, ਆਪਣਾ ਹੀ ਪੇਟ ਨੰਗਾ ਹੁੰਦੈ'। ਕਾਂਗਰਸੀ ਵਿਧਾਇਕ ਕਾਫ਼ੀ ਔਖੇ ਹਨ ਕਿ ਅਕਾਲੀ ਲੀਡਰ ਉਨ੍ਹਾਂ ਨੂੰ ਟਿੱਚਰਾਂ ਕਰ ਕੇ ਲੰਘਦੇ ਹਨ।

ਦੱਸਣਯੋਗ ਹੈ ਕਿ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਵੀ ਆਖਿਆ ਹੈ ਕਿ ਕਿਸੇ ਵਿਅਕਤੀ ਵਿਸ਼ੇਸ਼ ਖ਼ਿਲਾਫ਼ ਕਾਰਵਾਈ ਨਹੀਂ ਹੋਵੇਗੀ। ਇਸ ਦੌਰਾਨ ਭਾਵੇਂ ਨਵਜੋਤ ਸਿੱਧੂ ਨੂੰ ਹੁਣ ਸਰਕਾਰ ਨੇ ਥੋੜ੍ਹਾ ਤੱਤਾ ਚੱਲਣ ਤੋਂ ਵਰਜਿਆ ਹੈ ਪਰ ਕਾਂਗਰਸੀ ਲੀਡਰਾਂ ਵਿੱਚ ਹੁਣ ਸਿੱਧੂ ਦੀ ਪੈਂਠ ਉਵੇਂ ਬਣਨ ਲੱਗੀ ਹੈ, ਜਿਵੇਂ ਪਿਛਲੀ ਹਕੂਮਤ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਬਣੀ ਸੀ।







# ਨਹੀਂ ਚੱਲੇਗਾ ਦਸ ਪ੍ਰਤੀਸ਼ਤ ਸਵਰਨਾਂ ਦਾ ਰਾਜ- ਲਾਲੂ ਯਾਦਵ

## ਜਾਤੀ ਜਨਗਣਨਾ ਰਿਪੋਰਟ ਦੇ ਪ੍ਰਕਾਸ਼ਨ ਲਈ ਆਖਰੀ ਦਮ ਤੱਕ ਲੜਾਂਗੇ, ਜਨਸੰਖਿਆ ਮੁਤਾਬਕ ਲਵਾਂਗੇ ਰਿਜ਼ਰਵੇਸ਼ਨ

**ਪਟਨਾ-** ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੇ ਦੋਸ਼ ਲਗਾਇਆ ਅਤੇ ਕਿਹਾ ਕਿ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਜਾਤੀ ਜਨਗਣਨਾ ਰਿਪੋਰਟ ਦੇਖ ਕੇ ਘਬਰਾ ਗਈ ਅਤੇ ਇਸਨੂੰ ਦਬਾਅ ਦਿੱਤਾ ਗਿਆ ਪਰ ਉਹਨਾਂ ਦੀ ਪਾਰਟੀ ਇਸ ਰਿਪੋਰਟ ਨੂੰ ਦੇਖ ਕੇ ਘਬਰਾ ਗਈ ਅਤੇ ਇਸਨੂੰ ਦਬਾਅ ਦਿੱਤਾ ਗਿਆ ਹੈ ਪਰ ਉਹਨਾਂ ਦੀ ਪਾਰਟੀ ਇਸ ਰਿਪੋਰਟ ਨੂੰ ਪ੍ਰਕਾਸ਼ਿਤ ਕਰਾਉਣ ਦੇ ਲਈ ਆਖਰੀ ਦਮ ਤੱਕ ਲੜਾਈ ਲੜੇਗੀ ਅਤੇ ਇਸੇ ਨੂੰ ਲੈ ਕੇ 27 ਜੁਲਾਈ ਨੂੰ ਬਿਹਾਰ ਬੰਦ ਦਾ ਸੱਦਾ ਦਿੱਤਾ ਗਿਆ ਹੈ। ਯਾਦਵ ਨੇ ਇੱਥੇ ਆਪਣੇ ਦਸ ਸਰਕੂਲਰ ਰੋਡ ਸਥਿਤ ਸਰਕਾਰੀ ਰਿਹਾਇਸ਼ ਤੇ ਆਯੋਜਿਤ ਪੱਤਰਕਾਰ ਸੰਮੇਲਨ ਵਿਚ ਕਿਹਾ ਕਿ ਅੰਗਰੇਜ਼ਾਂ ਨੇ ਸਾਲ 1931 ਵਿਚ ਪਹਿਲੀ ਵਾਰ ਜਾਤੀ ਜਨਗਣਨਾ ਕਰਵਾਈ ਸੀ ਅਤੇ ਉਸਦੀ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ। ਉਹੀ ਜਨਗਣਨਾ ਅੱਜ ਤੱਕ ਚੱਲੀ ਆ ਰਹੀ ਹੈ ਅਤੇ ਉਸੇ ਆਧਾਰ 'ਤੇ ਅਨੁਸੂਚਿਤ ਜਾਤੀ-ਜਨਜਾਤੀ ਅਤੇ ਹੋਰ ਪੱਛੜੇ ਵਰਗਾਂ ਨੂੰ ਰਿਜ਼ਰਵੇਸ਼ਨ ਮਿਲਦੀ ਆ ਰਹੀ ਹੈ। ਲਾਲੂ ਨੇ



ਕਿਹਾ ਕਿ ਪੱਛੜੀ ਜਾਤੀ ਦੇ ਲੋਕਾਂ ਦੀ ਜਨਸੰਖਿਆ ਦੇਸ਼ ਵਿਚ 70 ਤੋਂ 80 ਪ੍ਰਤੀਸ਼ਤ ਹੈ। ਜਦਕਿ ਅਨੁਸੂਚਿਤ ਜਾਤੀ-ਜਨਜਾਤੀ ਦੀ 30 ਪ੍ਰਤੀਸ਼ਤ। ਜਦਕਿ ਸ਼ਾਸਨ 10 ਪ੍ਰਤੀਸ਼ਤ ਆਮ ਜਾਤੀ ਦੇ ਲੋਕਾਂ ਦ ਹੈ। ਇਹ ਨਹੀਂ ਚੱਲਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਜਨਗਣਨਾ ਦੀ ਰਿਪੋਰਟ ਦੇ ਆਧਾਰ ਤੇ ਹੀ ਮੰਡਲ ਕਮਿਸ਼ਨ ਦੀ ਰਿਪੋਰਟ ਵੀ ਲਾਗੂ ਕੀਤੀ ਗਈ ਸੀ। ਰਾਸ਼ਟਰੀ ਲੋਕ ਦਲ ਦੇ ਪ੍ਰਧਾਨ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਕੇਂਦਰ ਵਿਚ ਜੋ ਵੀ ਸਰਕਾਰਾਂ ਰਹੀਆਂ ਅਨੁਸੂਚਿਤ ਜਾਤੀ-ਜਨਜਾਤੀ ਅਤੇ ਹੋਰ ਪੱਛੜੇ ਵਰਗਾਂ ਦੀ ਆਬਾਦੀ ਦੀ ਜਾਣਕਾਰੀ ਲਏ ਬਿਨਾਂ ਹੀ ਬਜਟ ਤਿਆਰ ਕਰਦੀਆਂ ਰਹੀਆਂ।

ਜਨਸੰਖਿਆ ਦੀ ਜਾਣਕਾਰੀ ਨਾ ਰਹਿਣ ਦੇ ਕਾਰਨ ਜਿੱਥੇ ਗਰੀਬ ਅਤੇ ਗਰੀਬ ਹੁੰਦੇ ਗਏ, ਉਥੇ ਹੀ ਅਮੀਰ ਅੱਗੇ ਵਧਦੇ ਚਲੇ ਗਏ। ਉਹਨਾਂ ਨੇ ਕਿਹਾ ਕਿ ਜਿਹਨਾਂ ਦੀ ਜਨਸੰਖਿਆ ਘੱਟ ਹੈ, ਉਥੇ ਅੱਜ ਅਜਿਹੇ ਲੋਕਾਂ ਦੇ ਮੋਢੇ ਤੇ ਬੈਠ ਕੇ ਰਾਜ ਕਰ ਰਹੇ ਹਨ। ਹੁਣ ਇਹ ਚੱਲਣ ਵਾਲਾ ਨਹੀਂ ਹੈ। ਜਾਤੀ ਗਿਣਤੀ ਦੇ ਮੁਤਾਬਕ ਬਜਟ ਹੋਣਾ ਚਾਹੀਦਾ ਹੈ।

# ਸਰਕਾਰੀ ਮੁਲਾਜ਼ਮਾਂ ਨੂੰ 58 ਸਾਲ ਦੀ ਉਮਰ ਵਿੱਚ ਸੇਵਾਮੁਕਤ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਸਰਕਾਰੀ ਮੁਲਾਜ਼ਮਾਂ ਨੂੰ 58 ਸਾਲ ਦੀ ਉਮਰ ਵਿੱਚ ਸੇਵਾਮੁਕਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਬਾਰੇ ਨੋਟੀਫਿਕੇਸ਼ਨ ਦੋ ਹਫ਼ਤਿਆਂ ਵਿੱਚ ਜਾਰੀ ਕਰ ਦਿੱਤਾ ਜਾਵੇਗਾ। ਮਾਲੀਏ ਤੇ ਖਰਚ ਵਿਚਾਲੇ ਵਧਿਆ ਪਾੜਾ ਘਟਾਉਣ ਲਈ ਪੰਜਾਬ ਸਰਕਾਰ ਨੂੰ ਸਾਧਨ ਜੁਟਾਉਣੇ ਪੈਣਗੇ, ਇਸ ਲਈ ਕੁਝ ਟੈਕਸ ਲਾਉਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਤੇ ਇਸ ਬਾਰੇ 25 ਜੁਲਾਈ ਨੂੰ ਹੋ ਰਹੀ ਵਜ਼ਾਰਤ ਦੀ ਮੀਟਿੰਗ ਵਿੱਚ ਵੀ ਚਰਚਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਟਰੱਕ ਯੂਨੀਅਨਾਂ ਤੋੜਨ ਦਾ ਫ਼ੈਸਲਾ ਵਾਪਸ ਨਹੀਂ ਲਿਆ ਜਾਵੇਗਾ।

ਅੱਜ ਇੱਥੇ ਰਾਸ਼ਟਰਪਤੀ ਦੀ ਚੋਣ ਲਈ ਵੋਟ ਪਾਉਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ 60 ਤੋਂ ਘਟਾ ਕੇ 58 ਸਾਲ ਕਰਨ ਲਈ ਵਿਚਾਰ ਕੀਤੀ ਜਾ ਰਹੀ ਹੈ। ਇਸ ਤਜਵੀਜ਼ ਨਾਲ ਦੋ ਸਾਲ ਦੀ ਐਕਸਟੈਨਸ਼ਨ 'ਤੇ ਚੱਲ ਰਹੇ ਮੁਲਾਜ਼ਮਾਂ ਦੇ ਸਿਰ 'ਤੇ ਤਲਵਾਰ ਲਟਕ ਗਈ ਹੈ। ਇਹ ਫ਼ੈਸਲਾ ਲਾਗੂ ਕਰ ਕੇ ਸਰਕਾਰ ਆਪਣੇ ਖਰਚੇ ਘਟਾਉਣਾ ਚਾਹੁੰਦੀ ਹੈ ਪਰ ਉਸ ਨੂੰ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਨੂੰ ਬਕਾਏ ਦੇਣ ਲਈ ਲਗਪਗ 1700 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪਵੇਗਾ।

**ਟਰੱਕ ਯੂਨੀਅਨਾਂ ਬਾਰੇ ਫ਼ੈਸਲਾ ਵਾਪਸ ਨਹੀਂ ਹੋਵੇਗਾ**

ਮੁੱਖ ਮੰਤਰੀ ਕੈਪਟਨ ਨੇ ਟਰੱਕ ਯੂਨੀਅਨਾਂ 'ਤੇ ਪਾਬੰਦੀ ਲਾਉਣ ਦਾ ਫ਼ੈਸਲਾ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਸਬੰਧਤ ਧਿਰਾਂ ਦੇ ਵਿਚਾਰ ਸੁਣੇ ਜਾਣਗੇ। ਟਰੱਕਾਂ ਵਾਲਿਆਂ ਦੇ ਹਿੱਤ ਸੁਰੱਖਿਅਤ ਕੀਤੇ ਜਾਣਗੇ ਅਤੇ ਭਾੜਾ ਤੇ ਹੋਰ ਦਰਾਂ ਨਿਰਧਾਰਿਤ ਕਰਨ ਤੋਂ ਪਹਿਲਾਂ ਯੂਨੀਅਨਾਂ ਦੇ ਵਿਚਾਰ ਲਏ ਜਾਣਗੇ।

**ਐਸਵਾਈਐਲ 'ਤੇ ਸਾਰੀਆਂ ਧਿਰਾਂ ਇਕੱਠੀਆਂ ਹੋਣ: ਬਾਦਲ**

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੋਟ ਪਾਉਣ ਤੋਂ ਪਹਿਲਾਂ ਲਿੰਕ ਨਹਿਰ ਦੇ ਮੁੱਦੇ ਬਾਰੇ ਕਿਹਾ ਕਿ ਸਾਰੀਆਂ ਰਾਜਸੀ ਪਾਰਟੀਆਂ ਨੂੰ ਮਤਭੇਦ ਭੁਲਾ ਕੇ ਇਕੱਠੇ ਹੋਣਾ ਚਾਹੀਦਾ ਹੈ। ਸੂਬੇ ਕੋਲ ਕਿਸੇ ਨੂੰ ਦੇਣ ਲਈ ਪਾਣੀ ਨਹੀਂ ਹੈ। ਇਹ ਪੁੱਛੇ ਜਾਣ 'ਤੇ ਅਕਾਲੀ ਪਾਰਟੀ ਇਸ ਮੁੱਦੇ 'ਤੇ ਕੀ ਕਾਰਵਾਈ ਕਰੇਗੀ, ਉਨ੍ਹਾਂ ਕਿਹਾ ਕਿ ਅਦਾਲਤ ਦਾ ਫ਼ੈਸਲਾ ਆ ਜਾਣ ਦਿਓ, ਉਸ ਤੋਂ ਬਾਅਦ ਹੀ ਫ਼ੈਸਲਾ ਕੀਤਾ ਜਾਵੇਗਾ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ-ਏਰੀਆ ਦਾ ਪ੍ਰੋਗਰਾਮ ਸੰਦਲੀ ਆਥਣ ਹੁਣ 23 ਜੁਲਾਈ ਨੂੰ ਹੋਵੇਗਾ

**ਨੀਵਾਰਕ (ਬਿਊਰੋ)-** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ-ਏਰੀਆ ਦਾ ਪ੍ਰੋਗਰਾਮ ਸੰਦਲੀ ਆਥਣ ਦੀ ਤਾਰੀਖ ਵਿਚ ਤਬਦੀਲੀ ਕਰ ਦਿੱਤੀ ਗਈ ਹੈ। ਇਹ ਪ੍ਰੋਗਰਾਮ ਹੁਣ 23 ਜੁਲਾਈ 2017 ਨੂੰ ਸ਼ਾਮੀ 6 ਵਜੇ ਮਹਿਰਾਨ ਰੈਸਟੋਰੈਂਟ ਨੀਵਾਰਕ ਵਿਖੇ ਪਹਿਲਾਂ ਵਾਲੇ ਨਿਰਧਾਰਿਤ ਵਕਤ ਤੇ ਹੀ ਹੋਵੇਗਾ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਪ੍ਰਧਾਨ ਸੁਖਵਿੰਦਰ ਕੰਬੋਜ ਕਾਰਜਕਾਰਨੀ ਅਤੇ ਸਮੂਹ ਮੈਂਬਰਾਂ ਤੋਂ ਇਲਾਵਾ ਨੀਲਮ ਸੈਣੀ ਨਾਲ 510-502-0551 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰਨਾਥ ਹਮਲੇ ਸਬੰਧੀ ਪੀਡੀਪੀ ਵਿਧਾਇਕ ਦਾ ਡਰਾਈਵਰ ਗ੍ਰਿਫ਼ਤਾਰ

**ਸ੍ਰੀਨਗਰ-** ਅਮਰਨਾਥ ਯਾਤਰੀਆਂ ਉਤੇ ਹੋਏ ਹਮਲੇ ਸਬੰਧੀ ਜਾਰੀ ਜਾਂਚ ਦੌਰਾਨ ਜੰਮੂ-ਕਸ਼ਮੀਰ ਪੁਲੀਸ ਨੇ ਹਾਕਮ ਪੀਡੀਪੀ ਦੇ ਇਕ ਵਿਧਾਇਕ ਨਾਲ ਡਰਾਈਵਰ ਵਜੋਂ ਸੇਵਾ ਕਰਨ ਵਾਲੇ ਇਕ ਪੁਲੀਸ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਸੂਤਰਾਂ ਮੁਤਾਬਕ ਫੜੇ ਗਏ ਪੁਲੀਸ ਮੁਲਾਜ਼ਮ ਦੀ ਸ਼ਨਾਖ਼ਤ ਤੌਸੀਫ਼ ਅਹਿਮਦ ਵਜੋਂ ਹੋਈ ਹੈ, ਜੋ ਜੰਮੂ-ਕਸ਼ਮੀਰ ਪੁਲੀਸ ਦੇ ਸੁਰੱਖਿਆ ਵਿੰਗ ਨਾਲ ਸਬੰਧਤ ਹੈ।

ਉਹ ਵਾਚੀ ਵਿਧਾਨ ਸਭਾ ਹਲਕੇ ਤੋਂ ਪੀਡੀਪੀ ਦੇ ਵਿਧਾਇਕ ਐਜਾਜ਼ ਅਹਿਮਦ ਮੀਰ ਨਾਲ ਤਾਇਨਾਤ ਸੀ। ਉਸ ਨੂੰ ਪੁਲੀਸ ਨੇ ਦੋ ਦਿਨ ਪਹਿਲਾਂ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਸੀ, ਪਰ ਦਹਿਸ਼ਤਗਰਦੀ-ਰੋਕੂ ਜਾਂਚ ਦੇ ਹਿੱਸੇ ਵਜੋਂ ਉਸ ਨੂੰ ਬੀਤੇ ਦਿਨ ਬਾਕਾਇਦਾ ਗ੍ਰਿਫ਼ਤਾਰ ਕਰ ਲਿਆ ਗਿਆ। ਗ਼ੌਰਤਲਬ ਹੈ ਕਿ ਵਾਚੀ ਹਲਕਾ ਦੱਖਣੀ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਵਿੱਚ ਪੈਂਦਾ ਹੈ ਤੇ ਅਮਰਨਾਥ ਗੁਫਾ ਵੀ ਦੱਖਣੀ ਕਸ਼ਮੀਰ ਵਿੱਚ ਹੀ ਸਥਿਤ ਹੈ। ਅਮਰਨਾਥ ਯਾਤਰੀਆਂ 'ਤੇ ਹਮਲਾ ਬੀਤੇ ਸੋਮਵਾਰ ਦੀ ਰਾਤ ਦੱਖਣੀ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਵਿੱਚ ਹੋਇਆ ਸੀ, ਜਿਸ ਵਿੱਚ ਸੱਤ ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ 21 ਜਣੇ ਹੋਰ ਜ਼ਖ਼ਮੀ ਹੋਏ ਸਨ।

ਪੁਲੀਸ ਸੂਤਰਾਂ ਨੇ ਦੱਸਿਆ ਕਿ ਸਮਾਜ ਵਿੱਚ ਵਿਚਰਦਿਆਂ ਦਹਿਸ਼ਤਗਰਦਾਂ ਦੇ ਸੂਹੀਆਂ ਵਜੋਂ ਕੰਮ ਕਰਨ ਵਾਲੇ ਦੋ ਹੋਰ ਮਸ਼ਕੂਕਾਂ ਨੂੰ ਵੀ ਪੁਲੀਸ ਨੇ ਇਸ ਸਬੰਧ 'ਚ ਹਿਰਾਸਤ ਵਿੱਚ ਲਿਆ ਹੈ। ਇਹ ਫ਼ੌਰੀ ਤੌਰ 'ਤੇ ਸਾਫ਼ ਨਹੀਂ ਹੋਇਆ ਕਿ ਕੀ ਤੌਸੀਫ਼ ਦਾ ਅਮਰਨਾਥ ਯਾਤਰੀਆਂ 'ਤੇ ਹੋਏ ਹਮਲੇ ਨਾਲ ਕੋਈ ਸਿੱਧਾ ਸਬੰਧ ਹੈ ਜਾਂ ਨਹੀਂ। ਉਸ ਦੀ ਸ੍ਰੀ ਮੀਰ ਨਾਲ ਤਾਇਨਾਤੀ ਕਰੀਬ ਸੱਤ ਮਹੀਨੇ ਪਹਿਲਾਂ ਕੀਤੀ ਗਈ ਸੀ। ਇਕ ਪੁਲੀਸ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ ਕਿ ਇਸ ਸਬੰਧੀ ਸਥਿਤੀ ਛੇਤੀ ਹੀ ਸਾਫ਼ ਹੋ ਜਾਣ ਦੇ ਆਸਾਰ ਹਨ।

# ਜੀ ਐਸ ਟੀ ਨਾਲ ਘਟਣਗੀਆਂ ਕਾਰੋਬਾਰੀਆਂ ਦੀਆਂ ਮੁਸ਼ਕਲਾਂ: ਜੇਤਲੀ

**ਲੁਧਿਆਣਾ-** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਲਾਗੂ ਹੋਣ ਤੋਂ ਬਾਅਦ ਅੱਜ ਪਹਿਲੀ ਵਾਰ ਸਨਅਤੀ ਸ਼ਹਿਰ ਪੁੱਜੇ, ਜਿੱਥੇ ਉਨ੍ਹਾਂ ਦਾਅਵਾ ਕੀਤਾ ਕਿ ਜੀਐਸਟੀ ਲਾਗੂ ਹੋਣ ਤੋਂ ਬਾਅਦ ਵਪਾਰੀਆਂ ਤੇ ਕਾਰੋਬਾਰੀਆਂ ਨੂੰ ਜ਼ਰੂਰ ਫਾਇਦਾ ਪੁੱਜੇਗਾ। ਉਨ੍ਹਾਂ ਟੈਕਸ ਮਾਮਲੇ ਵਿੱਚ ਹੁਸ਼ਿਆਰੀ ਵਿਖਾਉਣ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਅਜਿਹੇ ਲੋਕ ਬਚ ਨਹੀਂ ਸਕਣਗੇ। ਵਿੱਤ ਮੰਤਰੀ ਅੱਜ ਸਨਅਤੀ ਸ਼ਹਿਰ ਦੇ ਦੁਗਰੀ ਸਥਿਤ ਸਤਪਾਲ ਮਿੱਤਲ ਸਕੂਲ ਵਿੱਚ 'ਸੱਤਿਆ ਭਾਰਤੀ ਅਭਿਆਨ' ਵਿੱਚ ਹਿੱਸਾ ਲੈਣ ਪੁੱਜੇ ਸਨ। ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਬਾਜਵਾ ਵੀ ਹਾਜ਼ਰ ਸਨ। ਭਾਰਤੀ ਫਾਊਂਡੇਸ਼ਨ ਦੇ ਰਾਕੇਸ਼ ਭਾਰਤੀ ਮਿੱਤਲ ਨੇ ਵਿੱਤ ਮੰਤਰੀ ਅਰੁਣ ਜੇਤਲੀ ਦਾ ਸਮਾਗਮ 'ਚ ਸਵਾਗਤ ਕੀਤਾ।



ਇਸ ਮੌਕੇ ਸ੍ਰੀ ਜੇਤਲੀ ਨੇ ਕਿਹਾ ਕਿ ਜੀਐਸਟੀ ਨਾਲ ਦੇਸ਼ ਨੂੰ ਮਜ਼ਬੂਤੀ ਮਿਲੇਗੀ, ਕਿਉਂਕਿ ਇਸ ਤਹਿਤ ਇਕਸਾਰ ਟੈਕਸ ਲੱਗਣਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਮਾਨਦਾਰ ਲੋਕ ਜੀਐਸਟੀ ਬਿਨਾਂ ਦੇਰੀ ਜਾਂ ਪ੍ਰੇਸ਼ਾਨੀ ਭਰ ਦੇਣਗੇ ਤੇ ਉਨ੍ਹਾਂ ਨੂੰ ਪੂਰੀ ਜ਼ਿੰਦਗੀ ਕਦੇ ਵੀ ਟੈਕਸ ਅਫ਼ਸਰ ਜਾਂ ਇੰਸਪੈਕਟਰ ਦਾ ਮੂੰਹ ਨਹੀ ਦੇਖਣਾ ਪਵੇਗਾ ਅਤੇ ਨਾ ਕਦੇ ਕੋਈ ਨੋਟਿਸ ਆਵੇਗਾ। ਉਨ੍ਹਾਂ ਹੁਸ਼ਿਆਰ ਦਿਖਾਉਣ ਵਾਲਿਆਂ ਨੂੰ ਚਿਤਵਾਨੀ ਦਿੱਤੀ ਕਿ ਅਜਿਹੇ ਲੋਕ ਕਾਰਵਾਈ ਲਈ ਤਿਆਰ ਰਹਿਣ। ਕੇਂਦਰੀ ਵਿੱਤ ਮੰਤਰੀ ਨੇ ਨਿੱਜੀ ਕੰਪਨੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਦੇਸ਼ ਦਾ ਮੁਹਾਂਦਰਾ ਸੰਵਾਰਨ ਅਤੇ ਦੇਸ਼ ਦੀ ਵਿਕਾਸ ਦੀ ਚਾਲ ਹੋਰ ਤੇਜ਼ ਕਰਨ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈਆਂ ਯੋਜਨਾਵਾਂ ਨਾਲ ਭਾਰਤ, ਵਿਸ਼ਵ ਦਾ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਦੇਸ਼ ਉਦੋਂ ਤੱਕ ਵਿਕਸਤ ਨਹੀਂ ਹੋ ਸਕਦਾ, ਜਦੋਂ ਤੱਕ ਉਥੇ ਸਥਾਪਿਤ ਕੰਪਨੀਆਂ ਤੇ ਦੇਸ਼ ਦੇ ਲੋਕ ਸਹਿਯੋਗ ਨਹੀਂ ਦਿੰਦੇ। ਉਨ੍ਹਾਂ ਭਾਰਤੀ ਫਾਊਂਡੇਸ਼ਨ ਅਤੇ ਭਾਰਤੀ ਐਂਟਰਪ੍ਰਾਈਜ਼ਜ਼ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ।

ਸ੍ਰੀ ਜੇਤਲੀ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਪ੍ਰਾਈਵੇਟ ਕੰਪਨੀਆਂ ਆਪਣੀ ਸਮਾਜਿਕ ਤੇ ਵਪਾਰਕ ਜ਼ਿੰਮੇਵਾਰੀ ਨੂੰ ਸਮਝਦਿਆਂ ਆਪਣੇ ਮੁਨਾਫ਼ੇ ਦਾ 2 ਫ਼ੀਸਦੀ ਹਿੱਸਾ ਦੇਸ਼ ਦੇ ਵਿਕਾਸ ਵਿੱਚ ਲਾਉਣ। ਇਸ ਨਾਲ ਸਾਲਾਨਾ 14-15 ਹਜ਼ਾਰ ਕਰੋੜ ਰੁਪਏ ਦੇਸ਼ ਦੇ ਵਿਕਾਸ 'ਤੇ ਲੱਗ ਸਕਦੇ ਹਨ। ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਵੇ। ਉਨ੍ਹਾਂ ਸੂਬੇ ਦੇ ਵਪਾਰਕ ਘਰਾਣਿਆਂ ਨੂੰ ਵੀ ਆਪਣਾ ਬਣਦਾ ਹਿੱਸਾ ਪਾਉਣ ਦੀ ਅਪੀਲ ਕੀਤੀ। ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ 'ਸਵੱਛ ਭਾਰਤ ਮਿਸ਼ਨ' ਤਹਿਤ ਭਾਰਤੀ ਫਾਊਂਡੇਸ਼ਨ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਇਸ ਮਗਰੋਂ ਸ੍ਰੀ ਜੇਤਲੀ ਨੇ ਦੁਗਰੀ ਤੇ ਦਾਣਾ ਮੰਡੀ ਵਿਚਾਲੇ ਭਾਜਪਾ ਦੇ ਨਵੇਂ ਭਵਨ ਅਤੇ ਦਫ਼ਤਰ ਦਾ ਨੀਂਹ ਪੱਥਰ ਰੱਖਿਆ।

ਇਸ ਮੌਕੇ ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ, ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਸਾਬਕਾ ਸੂਬਾ ਪ੍ਰਧਾਨ ਕਮਲ ਚੇਤਲੀ ਤੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਬਾਂਸਲ ਮੌਜੂਦ ਸਨ।

# ਸੈਲਫ਼ੀ ਲੈਂਦੀਆਂ ਚਚੇਰੀਆਂ ਭੈਣਾਂ ਨਹਿਰ 'ਚ ਡੁੱਬੀਆਂ

**ਕਾਹਨੂੰਵਾਨ-** ਇਥੋਂ ਨੇੜਲੇ ਪਿੰਡ ਸਠਿਆਲੀ ਦੀਆਂ ਚਚੇਰੀਆਂ ਭੈਣਾਂ ਪਿੰਡ ਨੇੜਿਓਂ ਲੰਘਦੀ ਅੱਪਰ ਬਾਰੀ ਦੁਆਬ ਨਹਿਰ ਦੇ ਕੰਢੇ ਸੈਲਫ਼ੀ ਲੈਂਦੀਆਂ ਪੈਰ ਤਿਲਕਣ ਕਾਰਨ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਈਆਂ। ਪੀੜਤ ਲੜਕੀਆਂ ਦੀ ਪਛਾਣ ਲਵਪ੍ਰੀਤ ਉਰਫ਼ ਮਾਹੀ ਅਤੇ ਨਿਸ਼ਾ ਵਜੋਂ ਹੋਈ ਹੈ। ਹਾਦਸੇ 'ਚ ਵਾਲ ਵਾਲ ਬਚੀ ਤੀਜੀ ਲੜਕੀ ਦੀ ਪਛਾਣ ਸੋਫ਼ੀਆ ਵਜੋਂ ਹੋਈ ਹੈ ਤੇ ਉਹ ਲਵਪ੍ਰੀਤ ਦੀ ਸਕੀ ਭੈਣ ਹੈ। ਜ਼ਿਲ੍ਹਾ ਪ੍ਰਸ਼ਾਸਨ ਤੇ ਫ਼ੌਜ ਵੱਲੋਂ ਵਿੱਢੇ ਬਚਾਅ ਕਾਰਜਾਂ ਦੇ ਬਾਵਜੂਦ ਅਜੇ ਤਕ ਲੜਕੀਆਂ ਦੀਆਂ ਲਾਸ਼ਾਂ ਨਹੀਂ ਮਿਲੀਆਂ।



ਲਵਪ੍ਰੀਤ ਤੇ ਸੋਫ਼ੀਆ ਦੇ ਪਿਤਾ ਬਲਵਿੰਦਰ ਸਿੰਘ ਅਤੇ ਨਿਸ਼ਾ ਦੇ ਪਿਤਾ ਰੂਪ ਲਾਲ ਨੇ ਦੱਸਿਆ ਕਿ ਰੋਜ਼ ਦੀ ਤਰ੍ਹਾਂ ਉਨ੍ਹਾਂ ਦੀਆਂ ਧੀਆਂ ਘਰੋਂ ਸਵੇਰ ਦੀ ਸੈਰ ਲਈ ਨਿਕਲੀਆਂ ਸਨ। ਇਸ ਦੌਰਾਨ ਉਹ ਸਠਿਆਲੀ ਅੱਪਰਬਾਰੀ ਦੁਆਬ ਨਹਿਰ ਦੀ ਸਭਰਾਓ ਬਰਾਂਚ ਦੇ ਹੈੱਡ ਵਰਕਸ ਕੋਲ ਨਹਿਰ ਕੰਢੇ ਮੋਬਾਈਲ ਫ਼ੋਨ ਉੱਤੇ ਸੈਲਫੀ ਲੈਣ ਲੱਗੀਆਂ। ਇੰਨੇ ਨੂੰ ਨਿਸ਼ਾ ਪੈਰ ਤਿਲਕਣ ਕਾਰਨ ਖਿਸਕੀ ਤੇ ਬਚਾਅ ਲਈ ਉਸ ਨੇ ਮਾਹੀ ਨੂੰ ਹੱਥ ਪਾ ਲਿਆ ਅਤੇ ਦੋਵੇਂ ਤੇਜ਼ ਪਾਣੀ ਦੇ ਵਹਾਅ ਵਿੱਚ ਜਾ ਡਿੱਗੀਆਂ। ਹਾਦਸੇ 'ਚੋਂ ਵਾਲ ਵਾਲ ਬਚੀ ਸੋਫੀਆ ਨੇ ਦੱਸਿਆ ਕਿ ਜੇਕਰ ਮਾਹੀ ਉਸ ਦਾ ਹੱਥ ਨਾ ਛੱਡਦੀ ਤਾਂ ਉਹ ਵੀ ਮੌਤ ਦੇ ਮੂੰਹ ਜਾ ਪੈਂਦੀ। ਸੋਫੀਆ ਨੇ ਤੁਰੰਤ ਹਾਦਸੇ ਦੀ ਜਾਣਕਾਰੀ ਆਪਣੇ ਪਰਿਵਾਰ ਨੂੰ ਦਿੱਤੀ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮੌਕੇ 'ਤੇ ਪੁੱਜ ਕੇ ਨਹਿਰ 'ਚ ਵੜ੍ਹਨ ਦਾ ਯਤਨ ਕੀਤਾ, ਪਰ ਪਾਣੀ ਦਾ ਪੱਧਰ ਵੱਧ ਹੋਣ ਤੇ ਤੇਜ਼ ਪਾਣੀ ਦੇ ਚੱਲਦਿਆਂ ਉਨ੍ਹਾਂ ਦੀ ਕੋਈ ਪੇਸ਼ ਨਾ ਚੱਲੀ। ਸੂਚਨਾ ਮਿਲਦੇ ਹੀ ਥਾਣਾ ਕਾਹਨੂੰਵਾਨ ਦੇ ਮੁਖੀ ਹਰਜੀਤ ਸਿੰਘ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਾਇਬ ਤਹਿਸੀਲਦਾਰ ਜੀਪੀ ਸਿੰਘ ਜੰਮੂ ਮੌਕੇ ਉੱਤੇ ਪਹੁੰਚ ਗਏ। ਨੇੜਲੀ ਫ਼ੌਜੀ ਸਾਉਣੀ ਤਿਬੜੀ 'ਚੋਂ ਮੇਜਰ ਮਊਰੇਸ਼ ਦੀ ਅਗਵਾਈ ਵਿੱਚ ਫ਼ੌਜ ਦੀ ਗੋਤਾਖੋਰ ਟੁਕੜੀ ਵੀ ਬਚਾਅ ਕਾਰਜ ਵਿੱਚ ਰੁਝ ਗਈ, ਪਰ ਅਜੇ ਤਕ ਲੜਕੀਆਂ ਦੀਆਂ ਲਾਸ਼ਾਂ ਬਰਾਮਦ ਨਹੀਂ ਹੋ ਸਕੀਆਂ।

# ਕਸ਼ਮੀਰ ਵਿਚ ਗੜਬੜ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ: ਮਹਿਬੂਬਾ ਮੁਫਤੀ

**ਨਵੀਂ ਦਿੱਲੀ-** ਜੰਮੂ-ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕੇਂਦਰੀ ਗ੍ਰਿਹ ਮੰਤਰੀ ਨਾਲ ਮੁਲਾਕਾਤ ਕਰ ਕੇ ਸੂਬੇ ਦੀ ਅਮਨ-ਕਾਨੂੰਨ ਦੀ ਹਾਲਤ, ਖ਼ਾਸਕਰ ਅਮਰਨਾਥ ਯਾਤਰੀਆਂ ਦੀ ਸੁਰੱਖਿਆ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਨਾਲ ਹੀ ਉਨ੍ਹਾਂ ਸੂਬੇ ਵਿੱਚ ਗੜਬੜ ਪੈਦਾ ਕਰਨ ਲਈ 'ਵਿਦੇਸ਼ੀ ਤਾਕਤਾਂ' ਨੂੰ ਵੀ ਦੋਸ਼ੀ ਠਹਿਰਾਇਆ ਹੈ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਕਰੀਬ ਇਕ ਘੰਟਾ ਚੱਲੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਗ੍ਰਿਹ ਮੰਤਰੀ ਨੂੰ ਕਸ਼ਮੀਰ ਵਾਦੀ 'ਚ ਅਮਨ ਬਹਾਲੀ ਲਈ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਵੀ ਦਿੱਤੀ। ਅਮਰਨਾਥ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਚੁੱਕੇ ਗਏ ਕਦਮਾਂ ਉਤੇ ਵੀ ਵਿਚਾਰ ਕੀਤੀ ਗਈ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਬੀਬੀ ਮਹਿਬੂਬਾ ਨੇ ਕਿਹਾ, ''ਕਸ਼ਮੀਰ ਦਾ ਮੁੱਦਾ ਅਮਨ-ਕਾਨੂੰਨ ਦਾ ਮਸਲਾ ਨਹੀਂ ਹੈ। ਇਹ ਵਿਦੇਸ਼ੀ ਤਾਕਤਾਂ ਕਾਰਨ ਹੋ ਰਿਹਾ ਹੈ। ਮੌਜੂਦਾ ਲੜਾਈ ਵਿਦੇਸ਼ੀ ਤਾਕਤਾਂ ਦਾ ਕੀਤਾ ਕਰਾਇਆ ਹੈ ਅਤੇ ਅਫ਼ਸੋਸ ਨਾਲ ਹੁਣ ਚੀਨ ਵੀ ਮਾਮਲੇ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ।''



ਉਨ੍ਹਾਂ ਕਿਹਾ ਕਿ ਉਨ੍ਹਾਂ ਗ੍ਰਿਹ ਮੰਤਰੀ ਨਾਲ ਅਮਰਨਾਥ ਯਾਤਰੀਆਂ ਉਤੇ ਹਮਲੇ ਸਬੰਧੀ ਵੀ ਵਿਚਾਰਾਂ ਕੀਤੀਆਂ। ਉਨ੍ਹਾਂ ਦੋਸ਼ ਲਾਇਆ, ''ਇਹ ਹਮਲਾ ਮੁਲਕ ਵਿੱਚ ਫ਼ਿਰਕੂ ਤਣਾਅ ਪੈਦਾ ਕਰਨ ਲਈ ਕਰਵਾਇਆ ਗਿਆ।'' ਗ਼ੌਰਤਲਬ ਹੈ ਕਿ ਬੀਤੇ ਸੋਮਵਾਰ ਨੂੰ ਅਮ-ਰਨਾਥ ਗੁਫਾ ਦੇ ਦਰਸ਼ਨ ਕਰ ਕੇ ਪਰਤ ਰਹੇ ਸ਼ਰਧਾਲੂਆਂ ਦੀ ਇਕ ਬੱਸ ਉਤੇ ਦਹਿਸ਼ਤਗਰਦਾਂ ਵੱਲੋਂ ਅਨੰਤਨਾਗ ਜ਼ਿਲ੍ਹੇ ਵਿੱਚ ਕੀਤੇ ਗਏ ਹਮਲੇ 'ਚ ਸੱਤ ਮੌਤਾਂ ਹੋਈਆਂ ਸਨ। ਬੀਤੇ ਸਾਲ ਜੁਲਾਈ ਵਿੱਚ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੇ ਸਲਾਮਤੀ ਦਸਤਿਆਂ ਹੱਥੋਂ ਮਾਰੇ ਜਾਣ ਤੋਂ ਬਾਅਦ ਵਾਦੀ ਦੇ ਹਾਲਾਤ ਬੁਰੀ ਤਰ੍ਹਾਂ ਵਿਗੜੇ ਹੋਏ ਹਨ। ਵਾਦੀ 'ਚ ਥੋੜ੍ਹੀ ਦੇਰ ਲਈ ਆਈ ਸ਼ਾਂਤੀ ਬੀਤੀ 9 ਅਪਰੈਲ ਨੂੰ ਸ੍ਰੀਨਗਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਕਾਰਨ ਮੁੜ ਭੰਗ ਹੋ ਗਈ ਸੀ। ਬੀਬੀ ਮਹਿਬੂਬਾ ਨੇ ਕਿਹਾ ਕਿ ਜੰਮੂ-ਕਸ਼ਮੀਰ ਹਕੂਮਤ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਸੰਵਿਧਾਨ ਦੀ ਧਾਰਾ 370 ਨਾਲ ਛੇੜਛਾੜ ਨਾ ਕੀਤੀ ਜਾਵੇ ਕਿਉਂਕਿ ਇਸ ਨਾਲ ਸੂਬੇ ਦੇ ਵਾਸੀ ਜਜ਼ਬਾਤੀ ਤੌਰ 'ਤੇ ਜੁੜੇ ਹੋਏ ਹਨ। ਉਨ੍ਹਾਂ ਕਿਹਾ, ''ਮੈਂ ਖ਼ੁਸ਼ ਹਾਂ ਕਿ ਰਾਸ਼ਟਰਪਤੀ ਨੇ ਆਪਣੇ ਹੁਕਮਾਂ ਵਿੱਚ ਦੁਹਰਾਇਆ ਹੈ ਕਿ ਸੂਬੇ ਦੇ ਵਿਸ਼ੇਸ਼ ਰੁਤਬੇ ਨੂੰ ਘਟਾਇਆ ਨਹੀਂ ਜਾਵੇਗਾ।''

# ਸਿਆਸਤ ਅਤੇ ਅਫ਼ਸਰਸ਼ਾਹੀ ਦੀ ਭੇਂਟ ਚੜ੍ਹ ਰਹੀਆਂ ਪਿੰਡ ਪੰਚਾਇਤਾਂ



ਗੁਰਮੀਤ ਸਿੰਘ ਪਲਾਹੀ
91-98158-02070

**ਪੰਜਾਬ ਵਿੱਚ ਪਿੰਡ ਪੰਚਾਇਤਾਂ ਦੇ ਬਹੁ-ਗਿਣਤੀ ਸਰਪੰਚਾਂ ਵੱਲੋਂ ਸਧਾਰਨ ਮੀਟਿੰਗਾਂ ਨਹੀਂ ਕੀਤੀਆਂ ਜਾਂਦੀਆਂ, ਸਗੋਂ ਘਰੋ ਘਰੀ ''ਆਪਣੇ'' ਪੰਚਾਂ ਦੇ ਘਰੀਂ ਜਾਕੇ ਮਤੇ ਪਾਸ ਕਰਵਾ ਲਏ ਜਾਂਦੇ ਹਨ, ਇਸ ਸਬੰਧੀ ਉਹਨਾ ਨੂੰ ਪੇਂਡੂ ਅਫ਼ਸਰਸ਼ਾਹੀ ਅਤੇ ਨੌਕਰਸ਼ਾਹੀ ਦੀ ਹਮਾਇਤ ਪ੍ਰਾਪਤ ਹੁੰਦੀ ਹੈ। ਪਿੰਡਾਂ ਦੀ ਜਰਨਲ ਇਜਲਾਸ ਬੁਲਾਉਣਾ ਤਾਂ ਇੱਕ ਸੁਪਨਾ ਹੀ ਬਣ ਗਿਆ ਹੈ, ਕਿਉਂਕਿ ਕੋਈ ਵੀ ਸਰਪੰਚ, ਅਪਣੇ ਸਿਆਸੀ ਆਕਾ ਦੀ ਸ਼ਹਿ 'ਚ, ਕਿਸੇ ਵੀ ਕਿਸਮ ਦਾ ਕਿੰਤੂ-ਪ੍ਰੰਤੂ ਅਤੇ ਨਾਹ-ਪੱਖੀ ਪ੍ਰਸ਼ਨ ਸਹਿ ਹੀ ਨਹੀਂ ਸਕਦਾ।**

ਇਹਨਾ ਦਿਨਾਂ 'ਚ ਸਿਆਸੀ ਹਲਕਿਆਂ 'ਚ ਇਸ ਗੱਲ ਦੀ ਚਰਚਾ ਹੈ ਕਿ ਜ਼ਿਲਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਅਤੇ ਪਿੰਡ ਪੰਚਾਇਤਾਂ ਦੀਆਂ ਚੋਣਾਂ ਅਗਲੇ ਵਰ੍ਹੇ ਇਕੋ ਵੇਲੇ ਕਰਾਉਣ ਉਤੇ ਸਰਕਾਰ ਵਿਚਾਰ ਕਰ ਰਹੀ ਹੈ। ਜ਼ਿਲਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਅਤੇ ਪਿੰਡ ਪੰਚਾਇਤਾਂ ਦੀਆਂ ਚੋਣਾਂ ਦੀ ਮਿਆਦ ਸਾਲ 2018 ਵਿੱਚ ਪੁੱਗ ਜਾਣੀ ਹੈ। ਮੌਜੂਦਾ ਪੰਜਾਬ ਸਰਕਾਰ ਨੇ ਇਹਨਾ ਚੋਣਾਂ 'ਚ ਔਰਤਾ ਨੂੰ 50% ਨੁਮਾਇੰਦਗੀ ਦੇਣ ਦਾ ਫ਼ੈਸਲਾ ਕੀਤਾ ਹੈ। ਸਾਲ 2013 ਵਿੱਚ ਜ਼ਿਲਾ ਪ੍ਰੀਸ਼ਦ, ਪੰਚਾਇਤ ਸੰਮਤੀ ਚੋਣਾਂ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਚੋਣ ਨਿਸ਼ਾਨ ਉਤੇ ਲੜੀਆਂ ਗਈਆਂ ਸਨ ਜਦਕਿ ਪਿੰਡ ਪੰਚਾਇਤਾਂ ਦੀਆਂ ਚੋਣਾਂ ਪਾਰਟੀ ਚੋਣ ਨਿਸ਼ਾਨ ਉਤੇ ਨਹੀਂ ਸਨ ਲੜੀਆਂ ਗਈਆਂ, ਪਰ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਸਰਪੰਚ-ਪੰਚ ਚੁਨਣ ਲਈ ਪੂਰੀ ਸਰਗਰਮੀ ਦਿਖਾਈ ਸੀ ਅਤੇ ਚੋਣਾਂ ਬਾਅਦ ਸਿਆਸੀ ਪਾਰਟੀਆਂ ਵਲੋਂ ਆਪੋ ਆਪਣੇ ਹੱਕ ਦੇ ਚੁਣੇ ਸਰਪੰਚਾਂ, ਦੀ ਗਿਣਤੀ ਦੇ ਵੇਰਵੇ ਦੱਸੇ ਸਨ। ਅਸਲ ਵਿੱਚ ਪਿੰਡਾਂ ਵਿੱਚ ਆਪਣੀ ਪੈਂਠ ਬਨਾਉਣ ਲਈ ਸਿਆਸੀ ਪਾਰਟੀਆਂ ਸਰਪੰਚਾਂ, ਪੰਚਾਂ ਰਾਹੀਂ ਯਤਨ ਕਰਦੀਆਂ ਹਨ ਅਤੇ ਗ੍ਰਾਂਟਾਂ ਦੇ ਗੱਫੇ ਦੇਕੇ, ਅਗਲੀ ਵੇਰ ਸਰਕਾਰ ਬਨਣ 'ਤੇ ਪਿੰਡਾਂ ਦੇ ਵਿਕਾਸ, ਨੌਜਵਾਨਾਂ ਲਈ ਨੌਕਰੀਆਂ ਆਦਿ ਦੇ ਲਾਰੇ ਲਾ ਕੇ ਉਹਨਾ ਨੂੰ ਆਪਣੇ ਹੱਕ 'ਚ ਕਰਦੀਆਂ ਹਨ। ਸਰਕਾਰ ਵਲੋਂ ਜ਼ਿਲਾ ਪ੍ਰੀਸ਼ਦਾਂ, ਬਲਾਕ ਸਮੰਤੀਆਂ, ਪਿੰਡ ਪੰਚਾਇਤਾਂ ਦੀਆਂ ਚੋਣਾਂ ਇਕੋ ਸਮੇਂ ਕਰਾਉਣ ਦਾ ਫੈਸਲਾ ਕੀ ਪਿੰਡਾਂ 'ਚ ਪਹਿਲਾਂ ਹੀ ਤਿੱਖੀ ਹੋ ਚੁੱਕੀ ਗੁੱਟ ਬੰਦੀ ਅਤੇ ਸਿਆਸੀ ਦਖਲ ਨੂੰ ਹੋਰ ਵੀ ਵਧਾ ਤਾਂ ਨਹੀਂ ਦੇਵੇਗਾ? ਧੜੇਬੰਦੀ ਦਾ ਸ਼ਿਕਾਰ ਹੋਏ ਬਹੁਤੇ ਪਿੰਡ ਪਹਿਲਾਂ ਹੀ ਨਫ਼ਰਤ, ਆਪਸੀ ਲੜਾਈਆਂ, ਫ਼ਜੂਲ ਦੇ ਝਗੜਿਆਂ, ਥਾਣੇ ਕਚਿਹਰੀਆਂ ਦੇ ਚੱਕਰਾਂ 'ਚ ਆਪਸੀ ਭਾਈਚਾਰੇ 'ਚ ਡੂੰਘੀ ਸੱਟ ਖਾ ਚੁੱਕੇ ਹਨ। ਧੜੇਬੰਦੀ, ਆਪਸੀ ਕਾਟੋ-ਕਲੇਸ਼ ਅਤੇ ਸਿਆਸੀ ਸ਼ਹਿ ਕਾਰਨ ਪੰਜਾਬ ਦੇ ਪਿੰਡਾਂ ਦਾ ਵਿਕਾਸ ਪਹਿਲਾਂ ਹੀ ਬਹੁਤੀ ਹੱਦ ਤੱਕ ਰੁਕਿਆ ਹੋਇਆ ਹੈ।

ਆਜ਼ਾਦੀ ਤੋਂ ਬਾਅਦ ਬਣੀਆਂ ਪਿੰਡ ਪੰਚਾਇਤਾਂ ਆਮਤੌਰ ਤੇ ਸਿਆਸੀ, ਅਫ਼ਸਰਸ਼ਾਹੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੰਮ ਕਰਦੀਆਂ ਸਨ ਅਤੇ ਲੰਮਾ ਸਮਾਂ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਹੀ ਨਹੀਂ ਸਨ ਜਾਂਦੀਆਂ। ਪਰ ਸਾਲ 1992 'ਚ ਦੇਸ਼ ਦੇ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਅਨੁਸਾਰ ਪੰਚਾਇਤ ਚੋਣਾਂ ਨਿਯਮਤ ਤੌਰ 'ਤੇ ਕਰਾਉਣ ਦਾ ਕਾਨੂੰਨ ਬਣਿਆ ਅਤੇ ਪੰਚਾਇਤਾਂ ਨੂੰ ਦੇਸ਼ 'ਚ ਮੁੱਖ ਤੌਰ 'ਤੇ ਕੰਮ ਕਰਦੇ 29 ਵਿਭਾਗਾਂ ਦੇ ਮੁੱਖ ਕੰਮਾਂ ਦਾ ਅਧਿਕਾਰ ਦੇਣ ਦੀ ਗੱਲ ਵੀ ਕੀਤੀ ਗਈ, ਪਰ ''ਲੋਕਾਂ ਨੂੰ ਸ਼ਕਤੀ' ਦੇਣ ਦਾ ਇਹ ਨਾਹਰਾ ਅਸਲੀਅਤ ਧਾਰਨ ਨਾ ਕਰ ਸਕਿਆ ਅਤੇ ਨਾ ਹੀ ਸਥਾਨਕ ਸਰਕਾਰ ਦਾ ਦਰਜਾ ਗ੍ਰਹਿਣ ਕਰ ਸਕਿਆ, ਜਿਵੇਂ ਕਿ ਭਾਰਤੀ ਸਿਆਸੀ ਦ੍ਰਿਸ਼ ਵਿੱਚ ਮਹਾਤਮਾ ਗਾਂਧੀ ਨੇ ਪੰਚਾਇਤੀ ਰਾਜ ਦਾ ਸੁਪਨਾ ਸਿਰਜਨ ਵੇਲੇ ਚਿਤਵਿਆ ਸੀ। ਭਾਰਤ ਵਿੱਚ ਪਿੰਡਾਂ ਨੂੰ ਉਥੋਂ ਦੇ ਵਸਨੀਕਾਂ ਵਲੋਂ ਆਪੇ ਚਲਾਉਣ ਦੇ ''ਗ੍ਰਾਮ ਸਵਾਰਾਜ'' ਦੀ ਥਾਂ ਸਰਕਾਰ ਨੇ ਇਸ ਨੂੰ ਆਪਣਾ ਹੱਥ-ਠੋਕਾ ਬਨਾਉਣ ਵਾਲੀ ਇੱਕ ਸੰਸਥਾ ਬਣਾ ਲਿਆ, ਜਿਸ ਨੂੰ ਭਾਰਤੀ ਨੌਕਰਸ਼ਾਹੀ ਆਪਣੇ ਢੰਗ ਨਾਲ ਚਲਾਉਂਦੀ ਹੈ। ਤਦੇ ਪੰਚਾਇਤ (ਪਿੰਡ ਪੱਧਰ ਉਤੇ), ਬਲਾਕ ਸੰਮਤੀ (ਬਲਾਕ ਪੱਧਰ ਉਤੇ) ਅਤੇ ਜ਼ਿਲਾ ਪ੍ਰੀਸ਼ਦ ਜ਼ਿਲਾ ਪੱਧਰ ਉਤੇ ਲੋਕਾਂ ਦੀ ਇੱਕ ਆਪਣੀ ਸੰਸਥਾ ਨਹੀਂ, ਸਰਕਾਰੀ ਪ੍ਰਬੰਧ ਅਧੀਨ ਕੰਮ ਕਰਦੀ ਇੱਕ ਸੰਸਥਾ ਵਜੋਂ ਕੰਮ ਕਰਦੀ ਦਿਸਦੀ ਹੈ, ਜਿਹਨਾ ਕੋਲ ਅਥਾਹ ਸ਼ਕਤੀਆਂ ਹੋਣ ਦੇ ਬਾਵਜੂਦ ਵੀ ਕੋਈ ਵੀ ਸ਼ਕਤੀ ਆਪਣੀ ਨਹੀਂ, ਜਿਹਨਾ ਦੇ ਹੱਥ ਪੈਸੇ ਪੱਖੋਂ ਵੀ ਅਤੇ ਅਧਿਕਾਰਾਂ ਤੇ ਸ਼ਕਤੀਆਂ ਪੱਖੋਂ ਵੀ ਬੁਰੀ ਤਰ੍ਹਾਂ ਬੱਝੇ ਹੋਏ ਨਜ਼ਰ ਆਉਂਦੇ ਹਨ।

ਆਮ ਤੌਰ 'ਤੇ ਪੰਚਾਇਤ ਦੀ ਆਮਦਨ ਦਾ ਮੁੱਖ ਸਾਧਨ ਆਪਣੀਆਂ ਸ਼ਾਮਲਾਟ ਜ਼ਮੀਨ ਤੋਂ ਆਉਣ ਵਾਲਾ ਰੈਵਿਨਿਊ (ਹਾਲਾ) ਹੈ, ਜਿਸ ਦਾ 20ਗ ਬਲਾਕ ਸੰਮਤੀ ਲੈ ਜਾਂਦੀ ਹੈ। ਬਾਕੀ ਨਾਲ ਅਤੇ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਹੋਰ ਗ੍ਰਾਂਟਾਂ ਅਤੇ ਸਥਾਨਕ ਲੋਕਾਂ ਦੇ ਵਲੋਂ ਦਿਤੇ ਦਾਨ ਨਾਲ ਪੰਚਾਇਤ ਵਲੋਂ ਆਪਣੇ ਵਿਕਾਸ ਕਾਰਜ ਕਰਨੇ ਹੁੰਦੇ ਹਨ। ਪੰਜਾਬ ਦੀ ਸਿਰਫ 1,70,033 ਏਕੜ ਸ਼ਾਮਲਾਟ ਜ਼ਮੀਨ ਪਿਛਲੇ ਸਾਲ ਹਾਲੇ ਉਤੇ ਦਿੱਤੀ ਗਈ, ਪਰ ਮਿਲੀ ਭੁਗਤ ਨਾਲ ਹਜ਼ਾਰਾਂ ਏਕੜ ਸ਼ਾਮਲਾਟ ਜ਼ਮੀਨ ਉਤੇ ਮੋਹਤਬਰ ਲੋਕਾਂ ਕਬਜ਼ੇ ਕੀਤੇ ਹੋਏ ਹਨ, ਜਿਸਦਾ ਪੰਚਾਇਤ ਨੂੰ ਕੋਈ ਰੈਵਿਨਿਊ ਨਹੀਂ ਮਿਲਦਾ। ਸ਼ਾਮਲਾਟ ਦੇਹ/ਪੰਚਾਇਤ ਦੇਹ ਜ਼ਮੀਨ ਅਤੇ ਜੁਮਲਾ ਮਾਲਕਾਨ ਜ਼ਮੀਨ ਉਤੇ ਵਰ੍ਹਿਆਂ ਤੋਂ ਹੀ ਪਿੰਡਾਂ ਦੇ ਕੁਝ ਪਰਿਵਾਰਾਂ ਧੱਕੇ ਨਾਲ ਕਬਜ਼ੇ ਕੀਤੇ ਹੋਏ ਹਨ, ਕੁਝ ਪ੍ਰਾਈਵੇਟ ਸੰਸਥਾਵਾਂ ਬਿਨਾਂ ਪੰਚਾਇਤਾਂ ਦੀ ਮਨਜ਼ੂਰੀ ਤੋਂ ਇਹਨਾ ਜ਼ਮੀਨਾਂ ਉਤੇ ਕਬਜ਼ੇ ਕਰੀ ਬੈਠੀਆਂ ਹਨ, ਹਜ਼ਾਰਾਂ ਦੀ ਗਿਣਤੀ 'ਚ ਮੁਕੱਦਮੇ ਜ਼ਿਲਾ ਪੰਚਾਇਤ ਤੇ ਵਿਕਾਸ ਅਫ਼ਸਰਾਂ, ਕਮਿਸ਼ਨਰ ਪੰਚਾਇਤਾਂ ਦੀ ਅਦਾਲਤਾਂ ਵਿੱਚ ਲਟਕਦੇ ਰਹਿੰਦੇ ਹਨ। ਪੰਚਾਇਤਾਂ ਉਤੇ ਕਾਬਜ ਰਸੂਖਵਾਨ ਲੋਕ ਪੰਚਾਇਤੀ ਜ਼ਮੀਨ ਦੀ ਬੋਲੀ ਉਤੇ ਆਪਣੇ ਚਿਹੇਤਿਆਂ ਦੇ ਨਾਮ ਸਥਾਨਕ ਅਫਸਰਾਂ ਦੇ ਨਾਲ ਰਲਕੇ ਵਰ੍ਹਿਆਂ ਤੋਂ ਆਪਣੇ ਨਾਵਾਂ ਉਤੇ ਘੱਟ ਕੀਮਤਾਂ ਉਤੇ ਬੋਲੀ ਤੋੜਦੇ ਹਨ ਅਤੇ ਪੰਚਾਇਤਾਂ ਨੂੰ ਵੱਡੀ ਧਨ ਰਾਸ਼ੀ ਦਾ ਨੁਕਸਾਨ ਪਹੁੰਚਾਉਂਦੇ ਹਨ। ਪੰਚਾਇਤਾਂ ਦੀ ਜ਼ਮੀਨਾਂ ਉਤੇ ਤਾਂ ਇਸ ਕਦਰ ਕੁਝ ਲੋਕਾਂ ਨੇ ਪੰਚਾਇਤ ਸਕੱਤਰਾਂ, ਸਥਾਨਕ ਬਲਾਕ ਪੰਚਾਇਤ ਅਫਸਰਾਂ, ਪਟਵਾਰੀਆਂ ਦੀ ਮਿਲੀ-ਭੁਗਤ ਨਾਲ ਕਬਜ਼ੇ ਕੀਤੇ ਹੋਏ ਹਨ ਕਿ ਕਾਗਜਾਂ-ਪੱਤਰਾਂ ਵਿੱਚ ਤਾਂ ਸੈਂਕੜੇ ਏਕੜ ਥਾਂ ਪੰਚਾਇਤ ਦੇ ਨਾਮ ਬੋਲਦੀ ਹੈ, ਪਰ ਅਸਲ ਅਰਥਾਂ 'ਚ ਪੰਚਾਇਤ ਕੋਲ ਬਹੁਤ ਘੱਟ ਥਾਂ ਦੀ ਮਲਕੀਅਤੀ ਹੈ। ਤਦੇ ਆਰਥਿਕ ਲਾਭ, ਨਿੱਜੀ ਹਿੱਤਾਂ ਦੀ ਪੂਰਤੀ ਲਈ ਇਹ ਰਸੂਖਵਾਨ ਲੋਕ ਪਿੰਡਾਂ 'ਚ ਧੜੇ ਖੜੇ ਕਰਦੇ, ਹਾਕਮਾਂ ਨਾਲ ਗੱਠ ਜੋੜ ਕਰਦੇ, ਪੰਚਾਇਤਾਂ ਦੇ ਅਸਲ ਮਨੋਰਥਾਂ ਨੂੰ ਛਿੱਕੇ ਟੰਗਦੇ ਹਨ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਤਾਂ ਰਸੂਖਵਾਨ ਲੋਕਾਂ ਵਲੋਂ ਛੱਪੜਾਂ, ਪਿੰਡਾਂ ਦੀਆਂ ਫਿਰਨੀਆਂ, ਅਤੇ ਹੋਰ ਸਾਂਝੇ ਥਾਵਾਂ ਉਤੇ ਸ਼ਰੇਆਮ ਕਬਜ਼ੇ ਕੀਤੇ ਹੋਏ ਹਨ। ਪੰਜਾਬ 'ਚ ਵੱਖੋ-ਵੱਖਰੇ ਸਮਿਆਂ ਉਤੇ ਬਣੀਆਂ ਸਰਕਾਰਾਂ ਵਲੋਂ ਇਹਨਾ ਕਬਜ਼ਿਆਂ ਨੂੰ ਛੁਡਾਉਣ ਲਈ ਹੁਕਮ ਜਾਰੀ ਹੁੰਦੇ ਹਨ, ਪਰ ਸਿਆਸੀ ਪਹੁੰਚ ਵਾਲੇ ਰਸੂਖਵਾਨ ਲੋਕ ਨਾਂ ਜ਼ਮੀਨਾਂ ਤੋਂ ਕਬਜ਼ੇ ਛੱਡਦੇ ਹਨ, ਨਾ ਰੈਵੀਨਿਊ ਦਿੰਦੇ ਹਨ, ਸਗੋਂ ਉਲਟਾ ਪਿੰਡਾਂ 'ਚ ਧੜੇਬੰਦੀ ਪੈਦਾ ਕਰਕੇ ਪਿੰਡਾਂ ਦੇ ਵਿਕਾਸ ਅਤੇ ਅਮਨ ਸ਼ਾਂਤੀ ਦੇ ਰਾਹ 'ਚ ਸਿਆਸੀ ਪਾਰਟੀਆਂ ਦੇ ਸਹਿਯੋਗ ਨਾਲ ਰੁਕਾਵਟ ਬਣਦੇ ਹਨ। ਕਈ ਹਾਲਤਾਂ ਵਿੱਚ ਤਾਂ ਸਥਾਨਕ ਅਦਾਲਤਾਂ ਤੋਂ ਵਿਕਾਸ ਕਾਰਜਾਂ 'ਚ ਰੁਕਾਵਟ ਪਾਉਣ ਲਈ ਸਵਾਰਥੀ ਲੋਕਾਂ ਵਜੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਗਲਤ ਬਿਆਨਾਂ ਉਤੇ ਅਧਾਰਤ ਸਟੇਅ ਲੈ ਕੇ ਕੰਮ ਰੋਕ ਦਿਤੇ ਜਾਂਦੇ ਹਨ। ਇਹਨਾ ਸਾਰੀਆਂ ਹਾਲਤਾਂ ਵਿੱਚ ਕੰਮ ਕਰਨ ਵਾਲੀਆਂ ਪੰਚਾਇਤਾਂ ਦੇ ਸੂਝਵਾਨ ਨੁਮਾਇੰਦੇ ਬੇਬਸ ਹੋਏ ਦਿਸਦੇ ਹਨ। ਦੂਜੇ ਪਾਸੇ ਹਾਕਮ ਧਿਰ ਵੱਲੋਂ ਆਪਣੇ ਅਨੁਸਾਰ ਸ਼ਕਤੀ ਪਰਦਰਸ਼ਨ ਅਤੇ ਅਗਲੀਆਂ ਚੋਣਾਂ ਲਈ ਵੋਟ ਬੈਂਕ ਪੱਕਾ ਕਰਨ ਵਾਸਤੇ ਉਹਨਾ ਪੰਚਾਇਤਾਂ ਨੂੰ ਹੀ ਗ੍ਰਾਂਟਾਂ ਦਿਤੀਆਂ ਜਾਂਦੀਆਂ ਹਨ, ਜਿਹੜੀਆਂ ਉਹਨਾ ਦੀ ਹਾਂ 'ਚ ਹਾਂ ਭਰਦੀਆਂ ਹਨ।

ਇਹੋ ਜਿਹੀ ਹਾਲਤ 'ਚ ਪਿੰਡਾਂ ਦਾ ਸਰਬ-ਪੱਖੀ ਵਿਕਾਸ ਕਿਵੇਂ ਹੋ ਸਕਦਾ ਹੈ? ਉਂਜ ਵੀ ਪਿੰਡਾਂ ਦੇ ਵਿਕਾਸ ਦੇ ਨਾਮ ਉਤੇ, ਪਿੰਡਾਂ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਕੇ, ਕੁਝ ਸੜਕਾਂ ਅਤੇ ਇਮਾਰਤਾਂ ਦੀ ਉਸਾਰੀ ਕਰ ਦਿਤੀ ਜਾਂਦੀ ਹੈ, ਪਰ ਅਸਲ ਅਰਥਾਂ 'ਚ ਪਿੰਡਾਂ ਦੇ ਆਰਥਿਕ ਵਿਕਾਸ ਜਾਂ ਪਿੰਡਾਂ 'ਚ ਸਿੱਖਿਆ, ਸਿਹਤ ਸਹੂਲਤਾਂ, ਰੁਜ਼ਗਾਰ ਦੀ ਪ੍ਰਾਪਤੀ ਅਤੇ ਸਾਧਨ ਜਿਹੇ ਅਹਿਮ ਮਸਲਿਆਂ ਵੱਲ ਤਵੱਜੋ ਹੀ ਨਹੀਂ ਦਿਤੀ ਜਾਂਦੀ। ਇਹ ਸਭ ਕੁਝ ਉਦੋਂ ਤੋਂ ਤਾਂ ਵਧੇਰੇ ਚਰਚਾ 'ਚ ਆ ਰਿਹਾ ਹੈ, ਜਦੋਂ ਤੋਂ ਪਿੰਡਾਂ ਦੇ ਵਿਕਾਸ ਦੇ ਨਾਮ ਉਤੇ ਸਿਆਸੀ ਪਾਰਟੀਆਂ ਅਸਲ ਵਿਕਾਸ ਦੀ ਥਾਂ ਉਤੇ ਵੋਟ ਬੈਂਕ ਦੀ ਸਿਆਸਤ ਨਾਲ ਗ੍ਰਾਂਟਾਂ ਵੰਡਣ ਦੇ ਰਾਹ ਪਈਆਂ ਹੋਈਆਂ ਹਨ। ਪਿਛਲੇ ਸਾਲਾਂ ਵਿੱਚ ਨੀਲੇ ਕਾਰਡ ਸਿਰਫ ਉਹਨਾ ਲੋਕਾਂ ਨੂੰ ਹੀ ਦੇਣੇ, ਜੋ ਪਾਰਟੀ ਲਈ ਵੋਟਾਂ ਦੇਣ, ਕੋਈ ਵੀ ਆਰਥਿਕ ਸਹੂਲਤ ਉਹਨਾ ਲੋਕਾਂ ਨੂੰ ਹੀ ਵੰਡਣੀ, ਜੋ ਪਾਰਟੀ ਦੇ ਨਾਲ ਖੜੇ ਹੋਣ, ਲੜਾਈਆਂ ਝਗੜਿਆਂ 'ਚ ਉਹਨਾ ਲੋਕਾਂ ਦੇ ਨਾਲ ਹੀ ਨੇਤਾਵਾਂ ਵੱਲੋਂ ਖੜਨਾ, ਜੋ ਉਹਨਾ ਨੂੰ ਹੀ ਵੋਟ ਦੇਣ ਦਾ ਵਾਅਦਾ ਕਰੇ, ਪਿੰਡਾਂ 'ਚ ਪੰਚਾਇਤਾਂ ਦੇ ਅਸਲ ਮੰਤਵ ਨੂੰ ਤਹਿਸ਼-ਤਹਿਸ਼ ਕਰਨ ਵੱਲ ਪੁੱਟਿਆ ਗਿਆ ਵੱਡਾ ਕਦਮ ਸਾਬਤ ਹੋਇਆ ਹੈ, ਜਿਸ ਨੇ ਪੰਜਾਬ ਦੇ ਪੰਚਾਇਤੀ ਰਾਜ ਪ੍ਰਬੰਧ ਵਿੱਚ ਲੋਕਾਂ ਅਤੇ ਪੰਚਾਇਤਾਂ 'ਚ ਵੱਡਾ ਖੱਪਾ ਪੈਦਾ ਕੀਤਾ ਹੈ।

ਕਹਿਣ ਨੂੰ ਤਾਂ ਪਿੰਡ ਪੰਚਾਇਤਾਂ ਲਈ ਵੱਡੇ ਅਧਿਕਾਰ ਹਨ। ਪੰਚਾਇਤ ਸਿਹਤ, ਸਿੱਖਿਆ ਅਤੇ ਹੋਰ ਸਰਕਾਰੀ ਸੰਸਥਾਵਾਂ ਦਾ ਨਿਰੀਖਣ ਕਰ ਸਕਦੀ ਹੈ। ਸਰਕਾਰੀ ਮੁਲਾਜ਼ਮਾਂ ਦੀ ਹਾਜ਼ਰੀ ਵੇਖ ਸਕਦੀ ਹੈ। ਪਰ ਅਮਲੀ ਤੌਰ ਤੇ ਇੰਜ ਨਹੀਂ ਹੈ। ਪਿੰਡ ਦੀ ਗ੍ਰਾਮ ਸਭਾ ਜਿਸਦੇ ਸਮੂਹ ਵੋਟਰ ਮੈਂਬਰ ਹਨ, ਜਨਰਲ ਇਜਲਾਸ ਕਰਕੇ ਪੰਚਾਇਤ ਦਾ ਸਲਾਨਾ ਬਜ਼ਟ ਬਣਾ ਸਕਦੀ ਹੈ, ਕੋਈ ਵੀ ਮਤਾ ਪਾਸ ਕਰਕੇ ਨਜ਼ਾਇਜ ਕਬਜੇ ਰੋਕ ਸਕਦੀ ਹੈ, ਪਰ ਅਸਲ ਵਿੱਚ ਇੰਜ ਨਹੀਂ ਹੈ। ਪਿੰਡ ਦੀ ਪੰਚਾਇਤ/ਸਰਪੰਚ ਨੂੰ ਥਾਣੇ, ਕਚਿਹਰੀ, ਬਣਦਾ ਸਨਮਾਨ ਦੇਣ ਦੀ ਗੱਲ ਆਖੀ ਜਾਂਦੀ ਹੈ, ਪਰ ਥਾਣੇ, ਕਚਿਹਰੀ ਜਾਂ ਕਿਸੇ ਵੀ ਦਫ਼ਤਰ 'ਚ ਉਸਨੂੰ ਬੈਠਣ ਲਈ ਕੁਰਸੀ ਤੱਕ ਵੀ ਪੇਸ਼ ਨਹੀਂ ਦਿਤੀ ਜਾਂਦੀ। ਪਿੰਡ ਦੀ ਮਹਿਲਾ ਸਰਪੰਚ/ਪੰਚਾਂ ਦੀ ਚੋਣ ਹੁੰਦੀ ਹੈ। ਉਹ ਬਰਾਬਰ ਵੋਟਾਂ ਲੈ ਕੇ ਪੰਚ/ਸਰਪੰਚ ਬਣਦੀ ਹੈ। ਪਰ ਅਮਲੀ ਤੌਰ 'ਤੇ ਉਸਦੀ ਥਾਂ ਬਹੁਤੇ ਥਾਵੀਂ ਉਸਦਾ ਪਤੀ, ਭਰਾ, ਪੁੱਤ, ਸਹੁਰਾ ਤੱਕ ਸਰਪੰਚੀ ਕਰਦੇ ਹਨ, ਉਹ ਸਿਰਫ ਦਸਤਖਤ ਅੰਗੂਠਾ ਲਉਣ ਵਾਲੀ ਮੰਨੀ ਜਾਂਦੀ ਹੈ। ਲੜਾਈ ਝਗੜਿਆਂ ਦੇ ਮਾਮਲੇ 'ਚ ਚੁਣੀ ਹੋਈ ਪੰਚਾਇਤ/ਸਰਪੰਚ ਦੀ ਥਾਂ ਹਾਕਮ ਧਿਰ ਦੇ ਸਿਆਸੀ ਲੋਕਾਂ ਦੀ ਥਾਣੇ, ਕਚਿਹਰੀ ਪੁੱਛ-ਗਿੱਛ ਹੁੰਦੀ ਹੈ, ਚੁਣੇ ਹੋਏ ਨੁਮਾਇੰਦਿਆਂ ਨੂੰ ਕੋਈ ਪੁੱਛਦਾ ਹੀ ਨਹੀਂ।

ਪੰਚਾਇਤ ਤੇ ਸਰਪੰਚੀ ਦਾ ਕੰਮਕਾਰ ਦੇਖਣ ਵਾਲੇ ਪੰਚਾਇਤ ਸਕੱਤਰ ਅਤੇ ਬੀ ਡੀ ਪੀ ਓ ਉਪਰਲੀ ਅਫ਼ਸਰਸ਼ਾਹੀ ਤੇ ਸਿਆਸੀ ਲੋਕਾਂ ਦੇ ਇਸ਼ਾਰਿਆਂ ਉਤੇ ਪੰਚਾਇਤਾਂ ਸਰਪੰਚਾਂ ਨੂੰ ਅਣਡਿੱਠ ਕਰਦੇ ਹਨ ਅਤੇ ਉਹਨਾ ਦੀਆਂ ਸ਼ਕਤੀਆਂ ਦਾ ਆਪ ਇਸਤੇਮਾਲ ਕਰਦੇ ਹਨ। ਜਦੋਂ ਪੰਚਾਇਤ ਦਾ ਕਾਰਵਾਈ ਰਜਿਸਟਰ ਤੇ ਰਿਕਾਰਡ ਸਕੱਤਰ ਕੋਲ ਰਹੇਗਾ ਤੇ ਸਰਪੰਚ ਦੀ ਪੁੱਛ-ਗਿੱਛ ਕੀ ਰਹਿ ਜਾਵੇਗੀ। ਬਹੁਤੀ ਵੇਰ ਵੱਡੇ ਅਫ਼ਸਰਾਂ ਦੇ ਦਫ਼ਤਰ ਦੇ ਬਾਹਰ ਸਰਪੰਚ, ਚੁਣੇ ਨੁਮਾਇੰਦੇ ਘੰਟਿਆ-ਬੱਧੀ ਇੰਤਜਾਰ ਕਰਦੇ ਹਨ, ਤੇ ਅਫ਼ਸਰ ਵੱਡੇ ਹਾਕਮ ਸਿਆਸੀ ਕਾਰਕੁਨਾਂ ਨਾਲ ਮੀਟਿੰਗਾਂ ਕਰਦੇ, ਚਾਹਾਂ ਪੀਂਦੇ ਲੋਕ ਸੇਵਕ ਵਜੋਂ ਨਹੀਂ, ਹੈਕੜਬਾਨ ਅਫ਼ਸਰ ਵਜੋਂ ਵਿਚਰਦੇ ਦਿਸਦੇ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਪੰਚਾਇਤਾਂ/ਸਰਪੰਚਾਂ ਨੂੰ ਵੱਧ ਅਧਿਕਾਰਾਂ ਦੀ ਗੱਲ ਹਾਕਮਾਂ ਵੱਲੋਂ ਪ੍ਰਚਾਰੀ ਜਾਣੀ ਕੀ ਬੇਥਵੀ ਨਹੀਂ ਹੈ?

ਪੰਜਾਬ ਵਿੱਚ ਪਿੰਡ ਪੰਚਾਇਤਾਂ ਦੇ ਬਹੁ-ਗਿਣਤੀ ਸਰਪੰਚਾਂ ਵੱਲੋਂ ਸਧਾਰਨ ਮੀਟਿੰਗਾਂ ਨਹੀਂ ਕੀਤੀਆਂ ਜਾਂਦੀਆਂ, ਸਗੋਂ ਘਰੋ ਘਰੀ ''ਆਪਣੇ'' ਪੰਚਾਂ ਦੇ ਘਰੀਂ ਜਾਕੇ ਮਤੇ ਪਾਸ ਕਰਵਾ ਲਏ ਜਾਂਦੇ ਹਨ, ਇਸ ਸਬੰਧੀ ਉਹਨਾ ਨੂੰ ਪੇਂਡੂ ਅਫ਼ਸਰਸ਼ਾਹੀ ਅਤੇ ਨੌਕਰਸ਼ਾਹੀ ਦੀ ਹਮਾਇਤ ਪ੍ਰਾਪਤ ਹੁੰਦੀ ਹੈ। ਪਿੰਡਾਂ ਦੀ ਜਰਨਲ ਇਜਲਾਸ ਬੁਲਾਉਣਾ ਤਾਂ ਇੱਕ ਸੁਪਨਾ ਹੀ ਬਣ ਗਿਆ ਹੈ, ਕਿਉਂਕਿ ਕੋਈ ਵੀ ਸਰਪੰਚ, ਅਪਣੇ ਸਿਆਸੀ ਆਕਾ ਦੀ ਸ਼ਹਿ 'ਚ, ਕਿਸੇ ਵੀ ਕਿਸਮ ਦਾ ਕਿੰਤੂ-ਪ੍ਰੰਤੂ ਅਤੇ ਨਾਹ-ਪੱਖੀ ਪ੍ਰਸ਼ਨ ਸਹਿ ਹੀ ਨਹੀਂ ਸਕਦਾ। ਵਿਰੋਧੀ ਧਿਰ ਨਾਲ ਵਿਚਾਰ ਚਰਚਾ ਅਤੇ ਮਸਲਿਆਂ/ਝਗੜਿਆਂ ਦੇ ਹੱਕ ਲਈ ਪੰਚਾਇਤਾਂ ਦੀਆਂ ਬੈਠਕਾਂ ਘੱਟੋ-ਘੱਟ ਹੋ ਗਈਆਂ ਹਨ। ਕਾਗਜੀਂ-ਪੱਤਰੀਂ ਪੰਚਾਇਤ ਚਲਾਉਣ ਦੇ ਕਾਰਜ ਨੂੰ ਬੱਲ ਮਿਲ ਰਿਹਾ ਹੈ।

ਪੰਚਾਇਤਾਂ ਦੇ ਅਧਿਕਾਰਾਂ 'ਚ ਕਟੌਤੀ ਅਤੇ ਉਹਨਾਂ ਦੀ ਅਜ਼ਾਦਾਨਾ ਕੰਮ'ਚ ਰੁਕਾਵਟਾਂ, ਅਸਲ ਅਰਥਾਂ 'ਚ ਸਥਾਨਕ ਸਰਕਾਰ ''ਪੰਚਾਇਤਾਂ'' ਦੀ ਹੋਂਦ ਲਈ ਵੱਡਾ ਖਤਰਾ ਬਣ ਚੁੱਕੀਆਂ ਹਨ। ਦੇਸ਼ ਦੇ ਹੋਰ ਹਿੱਸਿਆਂ 'ਚ ਪੰਚਾਇਤਾਂ ਦੀ ਹਾਲਤ ਤਾਂ ਪਹਿਲਾਂ ਹੀ ਨਾਜ਼ੁਕ ਗਿਣੀ ਜਾਂਦੀ ਸੀ, ਹੁਣ ਤਾਂ ਪੰਜਾਬ ਦੀਆਂ ਪੇਂਡੂ ਪੰਚਾਇਤਾਂ ਵੀ ਸਿਆਸਤ ਅਤੇ ਅਫ਼ਸਰਸ਼ਾਹੀ ਦੀ ਭੇਂਟ ਚੜ੍ਹ ਰਹੀਆਂ ਦਿਸਦੀਆਂ ਹਨ।

## ਲੜਕੀਆਂ ਦਾ ਕਾਲਜ ਬਣਾਉਣ ਦੇ ਐਲਾਨ ਨੂੰ ਅਮਲ ਵਿਚ ਨਾ ਲਿਆਉਣ ਸਬੰਧੀ ਮੈਮੋਰੰਡਮ

**ਜਲੰਧਰ-** ਸਰਵ ਸਮਾਜ ਸੰਘਰਸ਼ ਕਮੇਟੀ, ਮੁੱਖ ਦਫਤਰ ਬੂਟਾ ਮੰਡੀ, ਨਕੋਦਰ ਰੋਡ ਜਲੰਧਰ, ਬਾਬਾ ਸਾਹਿਬ ਅੰਬੇਡਕਰ ਸੁਸਾਇਟੀਆਂ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਸ੍ਰੀ ਗੁਰੂ ਵਾਲਮੀਕ ਸਭਾਵਾਂ ਅਤੇ ਸਤਿਗੁਰੂ ਕਬੀਰ ਸਭਾਵਾਂ ਦੇ ਮੈਂਬਰਾਂ ਨੇ ਪੇਸ਼ ਹੋ ਕੇ ਜ਼ਿਲ੍ਹਾ ਜਲੰਧਰ ਦੇ ਦੌਰੇ ਸਮੇਂ ਕਮਿਸ਼ਨ ਨੂੰ ਇਕ ਮੈਮੋਰੰਡਮ ਪੇਸ਼ ਕੀਤਾ, ਜਿਸ ਵਿਚ ਉਹਨਾਂ ਨੇ ਬੇਨਤੀ ਕੀਤੀ ਕਿ ਪੰਜਾਬ ਸਰਕਾਰ ਦੇ ਸਮੇਂ-ਸਮੇਂ ਦੇ ਮੁੱਖ ਮੰਤਰੀਆਂ ਵੱਲੋਂ ਬੂਟਾ ਮੰਡੀ, ਜਲੰਧਰ ਵਿਖੇ ਡਾ. ਬੀ. ਆਰ. ਅੰਬੇਡਕਰ ਜੀ ਦੇ ਨਾਂ ’ਤੇ ਲੜਕੀਆਂ ਦਾ ਕਾਲਜ ਬਣਾਉਣ ਸਬੰਧੀ ਐਲਾਨ ਕੀਤਾ ਸੀ ਪਰ ਇਹ ਕਾਲਜ ਨਹੀਂ ਬਣ ਸਕਿਆ।

ਉਹਨਾਂ ਨੇ ਇਹ ਵੀ ਬੇਨਤੀ ਕੀਤੀ ਕਿ ਜਿਸ ਥਾਂ ਤੇ ਲੜਕੀਆਂ ਦਾ ਕਾਲਜ ਬਣਾਇਆ ਜਾਣਾ ਸੀ, ਉਸ ਥਾਂ ਤੇ ਸਬਜੀ ਮੰਡੀ ਬਣਾਉਣ ਦਾ ਐਲਾਨ ਕੀਤਾ ਗਿਆ ਅਤੇ ਇਸ ਕਰਕੇ ਇਲਾਕੇ ਦੇ ਲੋਕਾਂ ਵਿਚ ਭਾਰੀ ਰੋਸ ਹੈ, ਜਿਸ ਥਾਂ ਤੇ ਸਬਜੀ ਮੰਡੀ ਬਣਾਈ ਜਾ ਰਹੀ ਹੈ, ਆਸ ਪਾਸ ਦੀਆਂ ਰਿਹਾਇਸ਼ੀ ਕਾਲੋਨੀਆਂ ਦੇ ਲੋਕਾਂ ਦਾ ਜਿਊਣਾ ਦੁਸ਼ਵਾਰ ਹੋ ਜਾਵੇਗਾ ਅਤੇ ਟ੍ਰੈਫਿਕ ਦੀ ਭਾਰੀ ਸਮੱਸਿਆ ਵੀ ਆਵੇਗੀ।

ਉਹਨਾਂ ਨੇ ਇਹ ਵੀ ਬੇਨਤੀ ਕੀਤੀ ਕਿ ਇਸ ਸਬੰਧ ਵਿਚ ਜ਼ਿਲ੍ਹਾ ਜਲੰਧਰ ਦੇ ਸਮੂਹ ਐਮ. ਐਲ. ਏ. ਸਾਹਿਬਾਨ, ਮੈਂਬਰ ਪਾਰਲੀਮੈਂਟ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਮਤਾ ਲਿਆ ਚੁੱਕੇ ਹਨ ਕਿ ਇਸ ਇਲਾਕੇ ਦੀ ਬੇਸ਼ਕੀਮਤੀ ਜਮੀਨ ਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਨਾਂ ਤੇ ਲੜਕੀਆਂ ਦਾ ਕਾਲਜ ਬਣਾਇਆ ਜਾਵੇ ਤਾਂ ਜੋ ਇਲਾਕੇ ਦੇ ਸਮੂਹ ਵਿਦਿਆਰਥੀਆਂ ਨੂੰ ਭਰਪੂਰ ਫਾਇਦਾ ਮਿਲ ਸਕੇ। ਮਾਣਯੋਗ ਕਮਿਸ਼ਨ ਨੇ ਪ੍ਰਾਪਤ ਮੈਮੋਰੰਡਮ ਨੂੰ ਵਿਚਾਰਿਆ ਅਤੇ ਚਾਹੁੰਦਾ ਹੈ ਕਿ ਉਪਰੋਕਤ ਜਥੇਬੰਦੀਆਂ ਦੀ ਮੰਗ ਜਾਇਜ਼ ਹੈ।

ਕਮਿਸ਼ਨ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਇਸ ਇਲਾਕੇ ਵਿਚ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਜੀ ਖੁਦ ਆਏ ਸਨ। ਇਸ ਲਈ ਇਲਾਕੇ ਦੀ ਮਹੱਤਤਾ ਨੂੰ ਦੇਖਦੇ ਹੋਏ ਕਮਿਸ਼ਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਦੇ ਸਮੇਂ-ਸਮੇਂ ਦੇ ਮੁੱਖ ਮੰਤਰੀਆਂ ਵੱਲੋਂ ਬੂਟਾ ਮੰਡੀ, ਜਲੰਧਰ ਵਿਖੇ ਡਾ. ਬੀ. ਆਰ. ਅੰਬੇਡਕਰ ਜੀ ਦੇ ਨਾਂ ਤੇ ਲੜਕੀਆਂ ਦਾ ਕਾਲਜ ਬਣਾਉਣ ਸਬੰਧੀ ਕੀਤੇ ਗਏ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ, ਕਾਲਜ ਬਣਾਉਣ ਲਈ ਮਾਮਲਾ ਮੁੜ ਮਾਣਯੋਗ ਮੁੱਖ ਮੰਤਰੀ ਜੀ ਨਾਲ ਟੇਕਅਪ ਕੀਤਾ ਜਾਵੇ ਤਾਂ ਜੋ ਇਲਾਕੇ ਦੇ ਸਮੂਹ ਵਿਦਿਆਰਥੀ ਇਸ ਦਾ ਲਾਭ ਲੈ ਸਕਣ। ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਸਬੰਧੀ ਕਮਿਸ਼ਨ ਅਤੇ ਸੰਸਥਾ ਦੇ ਮੁਖੀ ਨੂੰ ਜਾਣੂ ਕਰਵਾਇਆ ਜਾਵੇ।

## ਅੰਮ੍ਰਿਤਸਰ ਦੇ ਪ੍ਰਾਈਵੇਟ ਕਾਲਜ ਵਿੱਚ ਦਲਿਤ ਲੜਕੀ ਨਾਲ ਬਲਤਕਾਰ ਦਾ ਮਾਮਲਾ

## ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸਨ ਵਲੋਂ ਪੁਲਿਸ ਕਮਿਸਨਰ ਹਫਤੇ ਵਿੱਚ ਰਿਪੋਰਟ ਪੇਸ ਕਰਨ ਲਈ ਆਖਿਆ

**ਚੰਡੀਗੜ-** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਨੇ ਅੰਮ੍ਰਿਤਸਰ ਦੇ ਪ੍ਰਾਈਵੇਟ ਕਾਲਜ ਵਿੱਚ ਦਲਿਤ ਲੜਕੀ ਨਾਲ ਬਲਤਕਾਰ ਦੇ ਮਾਮਲੇ ਵਿੱਚ ਪੁਲਿਸ ਕਮਿਸਨਰ ਅੰਮ੍ਰਿਤਸਰ ਨੂੰ ਤੱਥਾਂ ਦੀ ਪੜਤਾਲ ਕਰਨ ਲਈ ਆਖਿਆ ਹੈ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਕਮਿਸਨ ਦੇ ਚੇਅਰਮੈਨ ਸ੍ਰੀ ਰਾਜੇਸ ਬਾਘਾ ਨੇ ਦੱਸਿਆ ਕਿ ਕਾਲਜ ਵਿੱਚ ਦਾਖਲਾ ਲੈਣ ਗਈ ਇੱਕ ਲੜਕੀ ਨਾਲ ਇੱਕ ਨੌਜਵਾਨ ਵਲੋਂ ਬਲਤਕਾਰ ਕੀਤਾ। ਸ੍ਰੀ ਬਾਘਾ ਨੇ ਦੱਸਿਆ ਕਿ ਲੜਕੇ ਵਲੋਂ ਲੜਕੀ ਦਾ ਦਾਖਲਾ ਫਾਰਮ ਭਰਦੇ ਵਕਤ ਜੂਸ ਪਿਲਾ ਕੇ ਬੇਹੋਸ ਕਰ ਦਿੱਤਾ ਗਿਆ ਅਤੇ ਘਟਨਾ ਨੂੰ ਅੰਜਾਮ ਦਿੱਤਾ ਗਿਆ। ਲੜਕਾ ਅਮੀਰ ਖਾਨਦਾਨ ਨਾਲ ਸਬੰਧ ਰੱਖਣ ਕਾਰਨ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸ੍ਰੀ ਬਾਘਾ ਨੇ ਦੱਸਿਆ ਕਿ ਇਸ ਸਬੰਧ ਕਮਿਸਨ ਵਲੋਂ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਕਮਿਸਨਰ ਅੰਮ੍ਰਿਤਸਰ ਨੂੰ ਇਸ ਮਾਮਲੇ ਸਬੰਧੀ ਮੁਕੰਮਲ ਰਿਪੋਰਟ ਇੱਕ ਹਫਤੇ ਅੰਦਰ ਕਮਿਸਨ ਨੂੰ ਭੇਜਣ ਦੀ ਹਦਾਇਤ ਕੀਤੀ ਹੈ।

## ਟਰੰਪ ਖ਼ਿਲਾਫ਼ ਮੀਡੀਆ ਮੁੜ ਹਮਲਾਵਰ ਹੋਇਆ

**ਵਾਸ਼ਿੰਗਟਨ-** ਪੈਰਿਸ ਵਿੱਚ ਛੁੱਟੀਆਂ ਕੱਟਣ ਮਗਰੋਂ ਮੁਲਕ ਪਰਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੀਡੀਆ ਖ਼ਿਲਾਫ਼ ਮੁੜ ਹਮਲਾਵਰ ਰੁਖ਼ ਅਖ਼ਤਿਆਰ ਕਰ ਲਿਆ ਹੈ। ਮੀਡੀਆ ’ਚ ਆਏ ਇਕ ਨਵੇਂ ਸਰਵੇਖਣ ਮੁਤਾਬਕ ਰਾਸ਼ਟਰਪਤੀ ਚੋਣਾਂ ’ਚ ਰੂਸ ਦੀ ਕਥਿਤ ਸ਼ਮੂਲੀਅਤ ਤੇ ਸਿਹਤ ਸੰਭਾਲ ਬਿੱਲ ਨੂੰ ਨਵਾਂ ਰੂਪ ਦੇਣ ਦੇ ਕੀਤੇ ਜਾ ਰਹੇ ਯਤਨਾਂ ਦੇ ਖ਼ਦਸ਼ਿਆਂ ਕਰਕੇ ਲੋਕ ਰੋਹ ਵਧਣ ਸਦਕਾ ਟਰੰਪ ਦੀ ਮਕਬੂਲੀਅਤ ’ਚ ਨਿਘਾਰ ਆਇਆ ਹੈ। ਟਰੰਪ ਨੇ ਆਪਣੇ ਸਭ ਤੋਂ ਪਸੰਦੀਦਾ ਨਿ-ਸ਼ਾਨੇ ਮੀਡੀਆ ਖ਼ਿਲਾਫ਼ ਸਖ਼ਤ ਭਾਸ਼ਾ ਵਰਤਦਿਆਂ ਟਵੀਟ ਕੀਤਾ,’ਫ਼ਰਜ਼ੀ ਖ਼ਬਰਾਂ ਵੱਲੋਂ ਮੁਲਕ ਦੇ ਜਮਹੂਰੀ ਤਾਣੇ ਬਾਣੇ ’ਚ ਵਿਗਾੜ ਪੈਦਾ ਕੀਤਾ ਜਾ ਰਿਹੈ।’ ਇਸ ਦੌਰਾਨ ਰਾਸ਼ਟਰਪਤੀ ਟਰੰਪ ਨੇ ਆਪਣੇ ਇਕ ਨਿੱਜੀ ਵਕੀਲ ਜੇਅ ਸੇਕੁਲੋਅ ਨੂੰ ਹਦਾਇਤ ਕੀਤੀ ਹੈ ਕਿ ਉਹ ਐਤਵਾਰੀ ਟਾਕ ਸ਼ੋਅਜ਼ ਵਿੱਚ ਜਾ ਕੇ ਉਨ੍ਹਾਂ ਦੇ ਪੁੱਤਰ ਡੋਨਲਡ ਟਰੰਪ ਜੂਨੀਅਰ ਵੱਲੋਂ ਪਿਛਲੇ ਸਾਲ ਰੂਸੀ ਅਟਾਰਨੀ ਨਾਲ ਕੀਤੀ ਮੁਲਾਕਾਤ ਬਾਰੇ ਸਥਿਤੀ ਸਪਸ਼ਟ ਕਰੇ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਗੈਰਕਾਨੂੰਨੀ ਨਹੀਂ ਸੀ। ਵਾਸ਼ਿੰਗਟਨ ਪੋਸਟ-ਏਬੀਸੀ ਨਿਊਜ਼ ਵੱਲੋਂ ਕੀਤੇ ਚੋਣ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਟਰੰਪ ਪ੍ਰਸ਼ਾਸਨ ਦੇ ਛੇ ਮਹੀਨਿਆਂ ਦੇ ਕਾਰਜਕਾਲ ਦੌਰਾਨ ਰਾਸ਼ਟਰਪਤੀ ਡੋਨਲਡ ਟਰੰਪ ਸਰਕਾਰ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਜਿਹੜੀ ਅਪਰੈਲ ਵਿੱਚ 42 ਫੀਸਦ ਸੀ, ਅੱਜ ਘੱਟ ਕੇ 36 ਫੀਸਦ ਰਹਿ ਗਈ ਹੈ। ਇਸੇ ਤਰ੍ਹਾਂ ਰਾਸ਼ਟਰਪਤੀ ਨੂੰ ਨਾਪਸੰਦ ਕਰਨ ਵਾਲਿਆਂ ਦਾ ਅੰਕੜਾ ਪੰਜ ਫ਼ੀਸਦ ਦੇ ਇਜ਼ਾਫ਼ੇ ਨਾਲ 58 ਫੀਸਦ ਨੂੰ ਜਾ ਪੁੱਜਾ ਹੈ।



# ਡੇਰਾ ਕੱਲਰਾਂ ਸ਼ੇਰਪੁਰ ਵਿਖੇ ਧਾਰਮਿਕ ਸਮਾਗਮ ਸ਼ਰਧਾ ਅਤੇ ਸਨਮਾਨ ਨਾਲ ਸੰਪੰਨ ਹੋਇਆ









**ਮਾਹਿਲਪੁਰ (ਬਿਊਰੋ)-** ਡੇਰਾ ਕੱਲਰਾਂ ਪਿੰਡ ਸ਼ੇਰਪੁਰ ਢੋਕੋ ਵਿਖੇ ਪਰਉਪਕਾਰੀ ਸੰਤ ਬਾਬਾ ਅਮਰਦਾਸ ਜੀ ਦੀ ਸਲਾਨਾ ਯਾਦ ਨੂੰ ਸਮਰਪਿਤ ਧਾਰਮਿਕ ਸਮਾਗਮ ਬੀਤੀ 17 ਜੁਲਾਈ ਨੂੰ ਸ਼ਰਧਾ ਅਤੇ ਉਤਸ਼ਾਹ ਪੂਰਵਕ ਸੰਪੰਨ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰੇ ਦੇ ਸੰਚਾਲਕ ਸੰਤ ਰਮੇਸ਼ ਦਾਸ ਅਤੇ ਸੰਤ ਰਾਮ ਕਿਸ਼ਨ ਜੀ ਨੇ ਦੱਸਿਆ ਕਿ ਇਸ ਸਮਾਗਮ ਸਬੰਧੀ 15 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ, ਜਿਹਨਾਂ ਦੇ ਭੋਗ 17 ਜੁਲਾਈ ਨੂੰ ਪਾਏ ਗਏ, ਉਪਰੰਤ ਰਾਗੀ ਸਿੰਘ ਅਤੇ ਸੰਤ ਮਹਾਪੁਰਸ਼ਾਂ ਨੇ ਸੰਗਤਾਂ ਨਾਲ ਧਾਰਮਿਕ ਪ੍ਰਵਚਨ ਸਾਂਝੇ ਕੀਤੇ। ਇਸ ਮੌਕੇ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਇਯ ਮੌਕੇ ਧਰਮ ਦੀਆਂ ਗਹਿਰਾਈਆਂ ਦੀ ਗੱਲ ਕਰਦਿਆਂ ਸੰਤ ਰਮੇਸ਼ ਦਾਸ ਨੇ ਕਿਹਾ ਕਿ ਕਿ ਧਰਮ ਜ਼ਿੰਦਗੀ ਜਿਊਣ ਦੀ ਇਕ ਕਲਾ ਹੈ, ਜੋ ਸਾਨੂੰ ਪ੍ਰਮਾਤਮਾ ਰੂਪੀ ਇਕ ਸ਼ਕਤੀ ਨਾਲ ਬੰਨ੍ਹਦੀ ਹੈ, ਜਿਹੜੀ ਸ਼ਕਤੀ ਇਸ ਬ੍ਰਹਿਮੰਡ ਦੇ ਕਣ-ਕਣ ਵਿਚ ਮੌਜੂਦ ਹੈ।

ਉਹਨਾਂ ਕਿਹਾ ਕਿ ਜੋ ਵਿਅਕਤੀ ਧਰਮ ਦੇ ਸ਼ੁੱਧ ਮਾਰਗ ਤੋਂ ਦੂਰ ਹੋ ਕੇ ਝੂਠ ਨੂੰ ਪਿਆਰ ਕਰਦਾ ਹੈ, ਆਲਸੀ ਤੇ ਕ੍ਰੋਧੀ ਹੈ, ਨਸ਼ਿਆਂ ਦਾ ਸੇਵਨ ਕਰਦਾ ਹੈ, ਆਪਣਾ ਆਚਰਣ ਸ਼ੁੱਧ ਤੇ ਪਵਿੱਤਰ ਨਹੀਂ ਰੱਖਦਾ, ਜਾਤਾਂ-ਪਾਤਾਂ ਦੇ ਕਰਮਕਾਂਡਾਂ ਵਿਚ ਉਲਝਿਆ ਪਿਆ ਹੈ, ਰੋਜ਼ਾਨਾ ਨਾਮ ਸਿਮਰਨ ਦਾ ਅਭਿਆਸ ਨਹੀਂ ਕਰਦਾ, ਉਸ ਵਿਅਕਤੀ ਦਾ ਜਲਦੀ ਹੀ ਪਤਨ ਹੋ ਜਾਂਦਾ ਹੈ।

ਅਜਿਹਾ ਵਿਅਕਤੀ ਆਪਣੇ ਪਰਿਵਾਰ, ਸਮਾਜ ਵਿਚ ਸ਼ੋਭਾ ਨਹੀਂ ਪਾਉਂਦਾ।

ਉਹਨਾਂ ਕਿਹਾ ਕਿ ਲੋਕ ਅਤੇ ਪ੍ਰਲੋਕ ਦੇ ਸੁੱਖ ਪ੍ਰਾਪਤੀ ਲਈ ਹਰ ਵਿਅਕਤੀ ਨੂੰ ਆਪਣੇ ਮਨ ਉਤੇ ਜਿੱਤ ਪ੍ਰਾਪਤ ਕਰਕੇ ਚੰਗਾ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ, ਇਸ ਲਈ ਬੁਰੇ ਆਚਰਣ ਵਾਲੇ ਮਿੱਤਰਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ।

ਸਮੇਂ ਸਮੇਂ ਤੇ ਆਪਣੇ ਆਪ ਨੂੰ ਧਰਮ ਨਾਲ ਜੋੜੀ ਰੱਖਣ ਦੇ ਨਾਲ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੋ ਕੇ ਸੰਪੂਰਨ ਮਹਾਂਪੁਰਸ਼ਾਂ ਦੀ ਸੰਗਤ ਵਿਚ ਆਪਣੇ ਆਪ ਨੂੰ ਨਾਮ ਦੇ ਰੰਗ ਵਿਚ ਰੰਗਣਾ ਚਾਹੀਦਾ ਹੈ, ਇਹ ਜ਼ਿੰਦਗੀ ਦੀ ਇਕ ਸਚਾਈ ਹੈ। ਇਸ ਮੌਕੇ ਡੇਰੇ ਦੇ ਅਹੁਦੇਦਾਰ ਅਤੇ ਭਾਰੀ ਗਿਣਤੀ ਵਿਚ ਸੰਗਤ ਹਾਜ਼ਰ ਹੋਈ।


KB USED
AUTO SALES

8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust

# ਮਹਾਂਰਿਸ਼ੀ ਵਾਲਮੀਕ ਮੰਦਰ ਵਿਚ ਹਫਤਾਵਾਰੀ ਰੌਣਕਾਂ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਮੰਦਰ 184/86 ਪਰਸੀ ਐਵੀਨਿਊ, ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਹਰ ਹਫਤੇ ਦੀ ਤਰ੍ਹਾਂ ਇਸ ਹਫਤੇ ਵੀ ਪ੍ਰੋਗਰਾਮ ਮਨਾਇਆ ਗਿਆ। ਪ੍ਰੋਗਰਾਮ ਵਿਚ ਸਾਉਣ ਮਹੀਨੇ ਦੀ ਸੰਗਰਾਂਦ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਤੇ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਕਲਾਕਾਰਾਂ ਭੁਪਿੰਦਰ ਭਿੰਦਾ, ਰੋਹਤਾਸ਼ ਸਿੰਘ ਭਗਾਣੀਆਂ ਉਰਾਵਿਲ ਸਿਟੀ ਤੋਂ, ਪਲਵਿੰਦਰ ਸਹੋਤਾ, ਜੋਗਿੰਦਰ ਕੌਰ ਗਿੱਲ, ਰਾਖੀ ਗਿੱਲ, ਲਤਾ ਭਗਾਣੀ ਵੱਲੋਂ ਬਹੁਤ ਹੀ ਸੁਚੱਜੇ ਸ਼ਬਦ ਭਗਵਾਨ ਵਾਲਮੀਕ ਜੀ ਦੀ ਸ਼ੋਭਾ ਵਿਚ ਗਾਏ ਗਏ ਤੇ ਮਹਾਨ ਸ਼ਹੀਦ ਭਾਈ ਤਾਰੂ ਜੀ ਦੇ ਸ਼ਹੀਦੀ ਦਿਵਸ ਉਪਰ ਉਹਨਾਂ ਦੀ ਮਹਾਨ ਕੁਰਬਾਨੀ ਨੂੰ ਵੀ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਤੋਂ ਬਿਨਾਂ ਸ੍ਰੀ ਪ੍ਰਕਾਸ਼ ਸਿੰਘ ਗਿੱਲ ਵੱਲੋਂ ਕਥਾ ਵੀ ਸੁਣਾਈ ਗਈ। ਸੰਗਤਾਂ ਨੇ ਸਾਰਾ ਪ੍ਰੋਗਰਾਮ ਬਹੁਤ ਹੀ ਪਿਆਰ ਅਤੇ ਸ਼ਧਾ ਨਾਲ ਬੈਠ ਕੇ ਸਰਵਣ ਕੀਤਾ। ਮੰਦਰ ਵਿਚ ਸਾਰਾ ਦਿਨ ਅਤੁੱਟ ਲੰਗਰ ਵਰਤਦੇ ਰਹੇ।

ਇਸ ਹਫਤੇ ਲੰਗਰ ਦੀ ਸੇਵਾ ਪਰਦੀਪ ਗਿੱਲ ਸਪੁੱਤਰ ਸੰਤੋਖ ਸਿੰਘ ਗਿੱਲ ਤੇ ਸਮੂਹ ਪਰਿਵਾਰ ਵੱਲੋਂ ਬੜੀ ਹੀ ਸ਼ਰਧਾ ਤੇ ਪਿਆਰ ਨਾਲ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਸੰਗਤਾਂ ਨੂੰ ਹਰ ਐਤਵਾਰ ਮੰਦਰ ਵਿਚ ਸਤਿਗੁਰੂ ਭਗਵਾਨ ਵਾਲਮੀਕ ਜੀ ਦੇ ਚਰਨਾਂ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਵੀ ਕੀਤੀ ਗਈ।

**ਰਿਪੋਰਟ : ਸੰਤੋਖ ਸਿੰਘ ਗਿੱਲ**



















# ਨਈਅਰ ਅਤੇ ਚੁੰਬਰ ਪਰਿਵਾਰਾਂ ਨੂੰ ਵਧਾਈ


ਤਕਸ਼ਿਲਾ ਨਈਅਰ
ਆਪਣੇ ਨਵਜੰਮੇ ਬੱਚੇ ਅਰਨਵ ਨਾਲ



ਤਕਸ਼ਿਲਾ ਅਤੇ ਆਕਾਸ਼ ਨਈਅਰ
ਆਪਣੇ ਨਵਜੰਮੇ ਬੱਚੇ ਅਰਨਵ ਨਾਲ


ਨਰਿੰਦਰ ਕੌਰ ਚੁੰਬਰ (ਨਾਨੀ ਜੀ)
ਆਪਣੇ ਨਵਜੰਮੇ ਦੋਹਤੇ ਅਰਨਵ ਨਾਲ


ਪ੍ਰੇਮ ਕੁਮਾਰ ਚੁੰਬਰ ( ਨਾਨਾ ਜੀ)
ਆਪਣੇ ਨਵਜੰਮੇ ਦੋਹਤੇ ਅਰਨਵ ਨਾਲ


ਤਕਸ਼ਿਲਾ ਅਤੇ ਆਕਾਸ਼ ਦੇ ਵਿਆਹ ਸਮੇਂ ਚੁੰਬਰ ਪਰਿਵਾਰ ਅਤੇ ਸਕੇ ਸਬੰਧੀ


ਤਕਸ਼ਿਲਾ ਅਤੇ ਆਕਾਸ਼ ਦੇ ਵਿਆਹ ਸਮੇਂ ਨਈਅਰ ਪਰਿਵਾਰ ਅਤੇ ਸਕੇ ਸਬੰਧੀ


ਆਜ਼ਾਦ ਜਾਲੰਧਰੀ

ਪਿਆਰੇ ਪ੍ਰੇਮ ਕੁਮਾਰ ਚੁੰਬਰ ਸਾਹਿਬ ਪਤਾ ਲੱਗਾ ਕਿ 'ਅੰਬੇਦਕਰ ਟਾਈਮਜ਼' ਦੀ ਐਡੀਟਰ ਤੁਹਾਡੀ ਬੇਟੀ ਤਕਸ਼ਿਲਾ ਅਤੇ ਦਾਮਾਦ ਆਕਾਸ਼ ਨੱਈਅਰ ਨੂੰ ਵਾਹਿਗੁਰੂ ਨੇ ਪੁੱਤਰ ਦੀ ਦਾਤ ਬਖਸ਼ੀ ਹੈ। ਦੋਹਾਂ ਪਰਿਵਾਰਾਂ ਨੂੰ ਲੱਖ-ਲੱਖ ਵਧਾਈ ਹੋਵੇ। ਬੱਚੇ ਦਾ ਨਾਂ ਆਰਨਵ ਰੱਖਿਆ ਗਿਆ ਹੈ। ਪ੍ਰੇਮ ਕੁਮਾਰ ਜੀ ਤੁਸਾਂ ਅਤੇ ਨਰਿੰਦਰ ਕੌਰ ਹੁਣ ਦੋਵੇਂ ਨਾਨਾ-ਨਾਨੀ ਬਣ ਗਏ ਹੋ ਅਤੇ ਕਬੀਰ ਚੁੰਬਰ 'ਅੰਬੇਦਕਰ ਟਾਈਮਜ਼' ਦਾ ਸੰਪਾਦਕ ਵੀ ਹੁਣ ਮਾਮਾ ਜੀ ਬਣ ਗਿਆ ਹੈ। ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਬੇਨਤੀ ਹੈ ਕਿ ਔਹ ਨਵਜਾਤ ਬੱਚੇ ਆਰਨਵ ਨੂੰ ਲੰਮੀ ਉਮਰ ਬਖਸ਼ੇ ਅਤੇ ਸਾਰੇ ਸੰਸਾਰ ਦੀਆਂ ਖੁਸ਼ੀਆਂ ਪ੍ਰਦਾਨ ਕਰੇ। ਮੈਨੂੰ ਯਾਦ ਹੈ ਕਿ ਤੁਸਾਂ ਅਕਤੂਬਰ ਸੰਨ 2015 ਵਿਚ ਭਾਰਤ ਜਾ ਕੇ ਬੇਟੀ ਦੀ ਸ਼ਾਦੀ ਕਰਕੇ ਆਏ ਸੀ। ਬੜੀਆਂ ਰੌਣਕਾਂ ਲੱਗੀਆਂ ਸਨ।

ਚੁੰਬਰ ਸਾਹਿਬ ਮੇਰੇ ਖਿਆਲ ਵਿਚ ਇਨਸਾਨ ਚਾਹੇ ਬਹੁਤ ਵੱਡਾ ਅਖਬਾਰ ਨਵੀਸ ਬਣ ਜਾਵੇ, ਬਿਜਨਸਮੈਨ, ਡਾਕਟਰ ਜਾਂ ਇੰਜੀਨੀਅਰ ਬਣ ਜਾਵੇ, ਬੜੀਆਂ-ਬੜੀਆਂ ਡਿਗਰੀਆਂ ਹਾਸਲ ਕਰ ਲਵੇ, ਮਗਰ ਜੋ ਖੁਸ਼ੀ ਪਹਿਲਾ ਪੁੱਤਰ ਪੈਦਾ ਹੋਣ 'ਤੇ ਪ੍ਰਾਪਤ ਹੁੰਦੀ ਹੈ, ਉਹ ਖੁਸ਼ੀ ਹੋਰ ਕਿਸੇ ਚੀਜ਼ ਨਾਲ ਪ੍ਰਾਪਤ ਨਹੀਂ ਹੁੰਦੀ। ਸਿਆਣਿਆਂ ਦਾ ਕਥਨ ਹੈ ਕਿ ਘਰ ਦੇ ਵਾਤਾਵਰਣ ਦਾ ਬੱਚੇ ਦੀ ਜ਼ਿੰਦਗੀ 'ਤੇ ਬੜਾ ਗਹਿਰਾ ਅਸਰ ਪੈਂਦਾ ਹੈ।

ਸਾਡੇ ਧਾਰਮਿਕ ਗ੍ਰੰਥਾਂ ਵਿਚ ਲਿਖਿਆ ਹੈ ਕਿ ਬੱਚੇ ਦੀ ਉਮਰ ਦੇ ਪਹਿਲੇ 5 ਸਾਲ ਬੱਚੇ ਦੀ ਗੁਰੂ ਉਹਦੀ ਮਾਂ ਹੀ ਹੋਇਆ ਕਰਦੀ ਹੈ। ਮਾਂ ਜੋ ਪਹਿਲੇ 5 ਸਾਲ ਬੱਚੇ ਨੂੰ ਸਿਖਾਉਂਦੀ ਹੈ, ਉਸਨੂੰ ਬੱਚਾ ਸਾਰੀ ਉਮਰ ਨਹੀਂ ਭੁੱਲਦਾ। ਆਰਨਵ ਦੇ ਮਾਂ-ਬਾਪ ਦੋਵੇਂ ਅੱਜਕਲ੍ਹ ਦੇ ਪੜ੍ਹੇ-ਲਿਖੇ ਮਾਪੇ ਹਨ ਜੋ ਬੱਚੇ ਨੂੰ ਅੱਜਕਲ੍ਹ ਦੇ ਮਾਹੌਲ ਅਤੇ ਲੋੜ ਦੇ ਮੁਤਾਬਕ ਪੜ੍ਹਾ-ਲਿਖਾ ਕੇ ਬੜਾ ਕਰਨਗੇ। ਬਲਕਿ ਬੱਚੇ ਦੀ ਮਾਂ ਦਾ ਤਾਂ ਨਾਂ ਹੀ ਇਕ ਪੁਰਾਤਲ ਬੋਧੀ ਯੂਨੀਵਰਸਿਟੀ ਤਕਸ਼ਿਲਾ ਦੇ ਨਾਂ ਦੇ ਨਾਲ ਜੁੜਿਆ ਹੋਇਆ ਹੈ।

ਇੱਥੇ ਬਾਹਰਲੇ ਦੇਸ਼ਾਂ ਦੇ ਵਿਦਿਆਰਥੀ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਆਇਆ ਕਰਦੇ ਸਨ। ਇਸ ਯੂਨੀਵਰਸਿਟੀ ਵਿਚ ਪਹਿਲੀ ਵਾਰ ਪੰਜਾਬੀ ਵੀ ਪੜ੍ਹਾਉਣੀ ਸ਼ੁਰੂ ਕੀਤੀ ਗਈ ਸੀ। ਮੈਨੂੰ ਉਮੀਦ ਹੈ ਕਿ ਤਕਸ਼ਿਲਾ ਆਪਣੇ ਬੇਟੇ ਆਰਨਵ ਨੂੰ ਜ਼ਰੂਰ ਪੜ੍ਹਾ ਲਿਖਾ ਕੇ ਵਿਦਵਾਨ ਬਣਾਵੇਗੀ, ਤਥਾ ਬੱਚੇ ਦੇ ਪਿਤਾ ਸ੍ਰੀ ਆਕਾਸ਼ ਨੱਈਅਰ ਵੀ ਆਪਣੇ ਬੇਟੇ ਨੂੰ ਪੜ੍ਹਾ ਲਿਖਾ ਕੇ ਅੱਜਕਲ੍ਹ ਦੇ ਵਿਗਿਆਨਕ ਮਾਹੌਲ ਵਿਚ ਢਾਲਣ ਦੀ ਪੂਰੀ ਕੋਸ਼ਿਸ਼ ਕਰਨਗੇ। ਮੈਂ ਬੱਚੇ ਨੂੰ ਇਹ ਆਸ਼ੀਰਵਾਦ ਤੇ ਨਹੀਂ ਦਿਆਂਗਾ ਕਿ ਉਹ ਆਪਣੇ ਨਾਨਾ ਸ੍ਰੀ ਪ੍ਰੇਮ ਕੁਮਾਰ ਚੁੰਬਰ ਵਾਂਗ ਅਖਬਾਰ ਨਵੀਸ ਬਣੇ। ਹਾਲਾਂਕਿ ਅਖਬਾਰ ਨਵੀਸੀ ਇਕ ਮੁਹੱਜ਼ਬ ਪੇਸ਼ਾ ਹੈ ਪਰ ਇਸ ਵਿਚ ਦੌੜ-ਭੱਜ ਬੜੀ ਹੈ। ਸ਼ੁਰੂ ਸ਼ੁਰੂ ਵਿਚ ਇਹ ਸ਼ੌਂਕ ਹੁੰਦਾ ਹੈ ਮਗਰ ਬਾਅਦ ਵਿਚ ਇਸਦੀ ਆਦਤ ਪੈ ਜਾਂਦੀ ਹੈ, ਜਿਸਨੂੰ ਛੱਡਣਾ ਮੁਸ਼ਕਿਲ ਹੋ ਜਾਂਦਾ ਹੈ।

ਦੋਸਤੋ ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਆਪਣੇ ਜੀਵਨ ਦੇ ਪਹਿਲੇ ਦਸ ਬਾਰਾਂ ਸਾਲ ਆਪਣੇ ਪਿਤਾ ਸ੍ਰੀ ਪੰਜਾਬ ਰਾਏ ਚੁੰਬਰ ਅਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਅਤੇ ਪਰਿਵਾਰ ਨਾਲ ਦਿੱਲੀ ਵਿਖੇ ਗੁਜਾਰਿਆ ਹੈ। ਇਹਨਾਂ ਕਦੀ ਵੀ ਨਹੀਂ ਸੋਚਿਆ ਸੀ ਕਿ ਉਹ ਅਖਬਾਰ ਨਵੀਸ ਬਣਨਗੇ। ਇਹਨਾਂ ਦੇ ਵੱਡੇ ਭਾਈ ਸਾਹਿਬ ਸਵਰਗੀ ਸ੍ਰੀ ਸੀ. ਐਲ. ਚੁੰਬਰ ਸਾਹਿਬ ਜਲੰਧਰ ਪੰਜਾਬ ਵਿਚ ਇਕ ਮੈਗਜੀਨ/ਅਖਬਾਰ ਕੱਢ ਰਹੇ ਸਨ। ਜਦੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸਿਆਣੇ ਹੋ ਕੇ ਕੁਝ ਕਰਨ ਲਈ ਸੋਚਿਆ ਤਾਂ ਇਹ ਜਰਮਨ ਗਏ ਅਤੇ (ਜਰਨਲਿਜ਼ਮ) ਵਿਚ ਡਿਪਲੋਮਾ ਹਾਸਲ ਕਰਕੇ ਭਾਰਤ ਪਰਤ ਆਉਣ ਉਪਰੰਤ ਅਮਰੀਕਾ ਜਾਣ ਦਾ ਮਨ ਬਣਾਇਆ। ਚੁੰਬਰ ਸਾਹਿਬ ਦੇ ਦਿਲ ਵਿਚ ਇਹ ਗੱਲ ਘਰ ਕਰ ਗਈ ਸੀ ਕਿ ਜਦ ਕਦੇ ਹਾਲਾਤ ਸਾਜ਼ਗਾਰ ਹੋਏ ਤਾਂ ਉਹ ਅਖਬਾਰ ਜ਼ਰੂਰ ਕੱਢਣਗੇ।

ਅੱਜ ਚੁੰਬਰ ਸਾਹਿਬ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੋ ਅਖਬਾਰਾਂ ਦੀ ਸੰਪਾਦਨਾ ਕਰ ਰਹੇ ਹਨ। ਸਿਆਣਿਆਂ ਦਾ ਕਥਨ ਹੈ ਕਿ 'ਹਿੰਮਤੇ ਮਰਦਾਂ ਮਦਦੇ ਖ਼ੁਦਾ'। ਇਨਸਾਨ ਜੇਕਰ ਹਿੰਮਤ ਕਰੇ ਤਾਂ ਦੁਨੀਆਂ ਦਾ ਕੋਈ ਐਸਾ ਕੰਮ ਨਹੀਂ ਜਿਹੜਾ ਕਿ ਇਹ ਨਹੀਂ ਕਰ ਸਕਦਾ। ਲਗਨ, ਹਿੰਮਤ ਅਤੇ ਮਿਹਨਤ ਕਾਮਯਾਬੀ ਦੀਆਂ ਕੁੰਜੀਆਂ ਹਨ।

ਚੁੰਬਰ ਸਾਹਿਬ ਅੰਤ ਵਿਚ ਇਕ ਵਾਰ ਫਿਰ ਦੋਹਾਂ ਪਰਿਵਾਰਾਂ ਨੂੰ ਆਰਨਵ ਦੇ ਜਨਮ ਦੀਆਂ ਬਹੁਤ ਬਹੁਤ ਮੁਬਾਰਕਾਂ ਹੋਣ। ਰੱਬ ਲੰਮੀਆਂ ਉਮਰਾਂ ਬਖਸ਼ੇ। ਪੜ੍ਹ ਲਿਖ ਕੇ ਦੋਹਾਂ ਪਰਿਵਾਰਾਂ ਦਾ ਨਾਮ ਰੌਸ਼ਨ ਕਰੇ।

**ਪਾਠਕਾਂ ਦਾ ਸ਼ੁਭ ਚਿੰਤਕ**
**– ਆਜ਼ਾਦ ਜਾਲੰਧਰੀ** (1-408-258-6532)

## ਗੀਤ

### ਨਵਜੰਮੇ ਬੱਚੇ ਅਰਨਵ ਨਈਅਰ ਨੂੰ ਸਮਰਪਿਤ

ਆਜ਼ਾਦ ਜਾਲੰਧਰੀ

ਹੁੰਦੇ ਪੁੱਤ ਮਾਪਿਆਂ ਦੇ ਗਹਿਣੇ
ਕੁਲਾਂ ਦੇ ਨਿਸ਼ਾਨ ਪੁੱਤ ਨੇ।
ਵਿਚ ਰਾਹਾਂ ਦੇ ਉਡੀਕਣ ਮਾਵਾਂ
ਜਿਹਨਾਂ ਦੀ ਹੁੰਦੀ ਜਾਨ ਪੁੱਤ ਨੇ।

ਪੁੱਤਰਾਂ ਬਗੈਰ ਵਿਹੜੇ ਸੁੰਨੇ ਸੁੰਨੇ ਲਗਦੇ
ਪੁੱਤਰਾਂ ਬਗੈਰ ਘਰੀਂ ਦੀਵੇ ਨਹੀਉਂ ਜਗਦੇ।
ਪੁੱਤਾਂ ਨਾਲ ਨੇ ਸ਼ਰੀਕਾਂ ਵਿਚ ਸਜਦੇ
ਮਾਪਿਆਂ ਦੀ ਸ਼ਾਨ ਪੁੱਤ ਨੇ। ਹੁੰਦੇ ਪੁੱਤ ...

ਪੁੱਤਰਾਂ ਲਈ ਮਾਪੇ ਲੱਖਾਂ ਦੁਖੜੇ ਸਹਾਰਦੇ
ਪੁੱਤਾਂ ਨਾਲ ਗੰਢ ਪੈਂਦੀ ਵਿਚ ਸੰਸਾਰ ਦੇ
ਪੁੱਤ ਹੁੰਦੇ ਨੇ ਕੁਲਾਂ ਦੀਆਂ ਥੰਮੀਆਂ
ਪੁਰਖਾਂ ਦੀ ਆਨ ਪੁੱਤ ਨੇ। ਹੁੰਦੇ ਪੁੱਤ ...

ਮਾਪਿਆਂ ਨੂੰ ਹੁੰਦਾ ਬੜਾ ਪੁੱਤਾਂ ਦਾ ਗਰੂਰ ਏ
ਦੁਨੀਆਂ ਤੋਂ ਵੱਖਰਾ ਹੀ ਪੁੱਤਾਂ ਦਾ ਸ਼ਰੂਰ ਏ
ਛਾਲਾਂ ਮਾਰਦੇ ਖੁਸ਼ੀ ਦੇ ਵਿਚ ਮਾਪੇ
ਹੁੰਦੇ ਜਦ ਜੁਆਨ ਪੁੱਤ ਨੇ। ਹੁੰਦੇ ਪੁੱਤ ....

ਪੁੱਤਾਂ ਜਿਹਾ ਮਿੱਠਾ ਨਹੀਂ ਕੋਈ ਮੇਵਾ ਏ ਜਹਾਨ ਤੇ
ਪੁੱਤਾਂ ਲਈ ਖੇਲ ਜਾਂਦੇ ਮਾਪੇ ਜਿੰਦ ਜਾਨ ਤੇ
ਸੇਵਾ ਕਰਦੇ ਬਜ਼ੁਰਗਾਂ ਦੀ ਜਿਹੜੇ
'ਆਜ਼ਾਦ' ਔਹ ਮਹਾਨ ਪੁੱਤ ਨੇ। ਹੁੰਦੇ ਪੁੱਤ ਮਾਪਿਆਂ ਦੇ . ..

## ਮਿਹਨਤ, ਹਿੰਮਤ ਅਤੇ ਲਗਨ

ਚੁੰਬਰ ਸਾਹਿਬ ਇਹ ਇਕ ਖਾਸ ਵਾਕਿਆ ਤੁਹਾਡੀ ਨਜ਼ਰ ਕਰ ਰਿਹਾ ਹਾਂ। ਸਾਡੇ ਮੁਕੱਦਰ ਵਿਚ ਕੀ ਲਿਖਿਆ ਹੋਇਆ ਹੈ, ਕਿਸੇ ਨੂੰ ਨਹੀਂ ਪਤਾ। ਮੇਰੀ ਸ਼ਾਦੀ ਸੰਨ 1955 ਵਿਚ ਪਿੰਡ ਦੌਲਤਪੁਰ ਜੱਟਾਂ ਵਿਚ ਹੋਈ ਸੀ। ਮੇਰੀ ਭੂਆ ਦਾ ਪੁੱਤ ਮੇਰਾ ਵਿਚੋਲਾ ਸੀ। ਜੂਨ ਦਾ ਮਹੀਨਾ ਸੀ, ਅੱਤ ਦੀ ਗਰਮੀ ਸੀ। ਇਕ ਦੋ ਸਾਲ ਦਾ ਬੱਚਾ ਜਿਹਦੀਆਂ ਅੱਖਾਂ ਦੁਖਦੀਆਂ ਸਨ, ਉਹਦੀ ਮਾਂ ਨੇ ਕੁੱਛੜ ਚੁੱਕਿਆ ਹੋਇਆ ਸੀ। ਰੋਈ ਜਾ ਰਿਹਾ ਸੀ। ਮਾਂ ਅਤੇ ਬਾਪ ਵਾਰੀ-ਵਾਰੀ ਬੱਚੇ ਨੂੰ ਸੰਭਾਲਦੇ ਅਤੇ ਚੁੱਪ ਕਰਾ ਰਹੇ ਸਨ ਮਗਰ ਬੱਚਾ ਰੋਈ ਜਾ ਰਿਹਾ ਸੀ। ਉਹੀ ਬੱਚਾ ਆਈ. ਏ. ਐਸ. ਪ੍ਰੀਖਿਆ ਪਾਸ ਕਰਕੇ ਨੈਨੀਤਾਲ (ਯੂ. ਪੀ.) ਦਾ ਡੀ. ਸੀ. ਲੱਗ ਗਿਆ। ਔਹ ਮੇਰੀ ਭੂਆ ਦਾ ਪੁੱਤਾ ਰਿਟਾਇਰਡ ਸਟੇਟ ਸੈਕਟਰੀ ਸ੍ਰੀ ਜਗਨ ਨਾਥ ਚੁੰਬਰ ਹੈ।

ਇਹ ਉਹੀ ਬੱਚਾ ਹੈ ਜਿਹੜਾ ਸੰਨ 1955 ਵਿਚ ਮੇਰੀ ਬਰਾਤ ਨਾਲ ਗਿਆ ਸੀ। ਤੀਹ ਸਾਲ ਦੀ ਉਮਰ ਵਿਚ ਮੈਨੂੰ ਅਮਰੀਕਾ ਵਿਚ ਮਿਲਿਆ ਅਤੇ ਮਜ਼ਾਕ-ਮਜ਼ਾਕ ਵਿਚ ਕਹਿਣ ਲੱਗਾ 'ਚਾਚਾ ਜੀ ਮੈਂ ਤੁਹਾਡੀ ਬਰਾਤ ਨਾਲ ਗਿਆ ਸੀ ਅਤੇ ਅੱਜ ਯੂ. ਪੀ. ਦਾ ਸਟੇਟ ਸੈਕਰੇਟਰੀ ਬਣ ਗਿਆ ਹਾਂ। ਪ੍ਰਕਾਸ਼ ਚੰਦ ਚੁੰਬਰ ਨੇ ਬੇਟੇ ਨੂੰ ਮਿਹਨਤ, ਹਿੰਮਤ ਅਤੇ ਲਗਨ ਨਾਲ ਪੜ੍ਹਾਇਆ ਮਗਰ ਮੁਕੱਦਰ ਉਹਨੂੰ ਆਕਾਸ਼ ਦੀਆਂ ਬੁਲੰਦੀਆਂ ਤੱਕ ਲੈ ਗਿਆ। ਜੇ ਮਾਂ-ਬਾਪ ਆਪਣਾ ਫਰਜ਼ ਅਦਾ ਕਰਨ, ਬੱਚਾ ਦਿਲ ਲਗਾ ਕੇ ਪੜ੍ਹੇ-ਲਿਖੇ ਤਾਂ ਮੁਕੱਦਰ ਵੀ ਹਮੇਸ਼ਾ ਸਾਥ ਦਿੰਦਾ ਹੈ।

**– ਆਜ਼ਾਦ ਜਾਲੰਧਰੀ**

Entry Free

''ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜ਼ਾਂ ਮਾਰਦਾ''

Entry Free

# P.C.S. Sacramento

ਵਲੋਂ ਪੇਸ਼ ਹੈ 17ਵੀਆਂ

# ਤੀਆਂ

# TEEYAN




## On Sunday, the 6th AUGUST 2017 At 1.00 P. M.

## AT Luther Burbank High School

## 3500 Florin Road SACRAMENTO CA 95823

Featuring : Songs, Gidha, Dances, Skits, D.J. and Much More

## All LADIES AND GIRLS ARE INVITED

ORGANIZING COMMITTEE

Baldev Kaur, Rashpal Kaur Parhar, Harpreet Sahota, Daljit Mehanger Gill, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Surinder Gill, Rani Bindra, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi, Baljit kaur, Jatinder Sangha, Jasmeen, Sarabjit Kaur, Rozy Sandhu & Mandeep Pharwala

For Participation\ & Stalls Please Call : Mandeep Pharwala @ 916-212-1826, Pardeep Pooni @ 916-308-7889, Baldev Kaur @916- 996-2010,
Email: palpharwala@yahoo.com I Website : www.sacpcs.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Designed at : Barapind Printing Press, Email: barapindpress@gmail.com

## ਸ਼ਹੀਦ ਭਾਈ ਤਾਰੂ ਸਿੰਘ ਜੀ ਦੇ 273ਵੇਂ ਪਵਿੱਤਰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# 'ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ'



ਪ੍ਰੋ: ਐਚ.ਐਲ.ਕਪੂਰ

ਭਾਈ ਤਾਰੂ ਸਿੰਘ ਜੀ ਸਿੱਖ ਇਤਿਹਾਸ ਦੇ ਇਕ ਮਹਾਨ ਸ਼ਹੀਦ ਹਨ। ਉਨ੍ਹਾਂ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਸਿੱਖੀ ਸਿਦਕ ਦੀ ਲਾਜ ਰੱਖੀ। ਉਹਨਾਂ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੱਖ ਇਤਿਹਾਸ ਇਕ ਨਾਜ਼ੁਕ ਦੌਰ 'ਚੋਂ ਲੰਘ ਰਿਹਾ ਸੀ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜੁਝਾਰੂ ਕ੍ਰਾਂਤੀਕਾਰੀ ਸਿੱਖ ਰੂਪੋਸ਼ ਹੋ ਕੇ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਰੇਗਿਸਥਾਨਾਂ 'ਚ ਰਹਿਣ ਲੱਗ ਪਏ ਸਨ ਤੇ ਉਨ੍ਹਾਂ ਨੇ ਅਜਿਹੇ ਸਮੇਂ 'ਚ ਪੰਜਾਬ 'ਚੋਂ ਜ਼ਾਲਮ ਮੁਗਲ ਸਰਕਾਰ ਦਾ ਖਾਤਮਾ ਕਰਨ ਲਈ, ਆਪਣੇ ਸੰਘਰਸ਼ ਨੂੰ ਗੁਰੀਲਾ ਯੁੱਧ ਦੀ ਨੀਤੀ 'ਚ ਤਬਦੀਲ ਕਰ ਦਿੱਤਾ ਸੀ। ਪੰਜਾਬ ਦੇ ਅਜਿਹੇ ਇਤਿਹਾਸਕ ਸਮੇਂ 'ਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈਸਵੀ ਨੂੰ ਪਿਤਾ ਸ਼ਹੀਦ ਭਾਈ ਯੋਧ ਸਿੰਘ ਜੀ ਦੇ ਘਰ ਉਨ੍ਹਾਂ ਦੀ ਧਰਮ ਪਤਨੀ ਬੀਬੀ ਧਰਮ ਕੌਰ ਦੀ ਕੁੱਖੋਂ 'ਜੱਟ ਸੰਧੂ' ਪਰਿਵਾਰ 'ਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਤੋਂ ਛੋਟੀ ਉਨ੍ਹਾਂ ਦੀ ਇਕ ਭੈਣ ਵੀ ਸੀ ਜਿਸ ਦਾ ਨਾਂ ਬੀਬੀ ਤਾਰ ਕੌਰ (ਛੋਟਾ ਨਾਂ ਤਾਰੋ) ਸੀ। ਭਾਈ ਤਾਰੂ ਸਿੰਘ ਜੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਇਕ ਬਹੁਤ ਹੀ ਨੇਕ ਤੇ ਸਿੱਖ ਧਾਰਮਿਕ, ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਚ ਵਿਸ਼ਵਾਸ ਰੱਖਣ ਵਾਲਾ ਪਰਿਵਾਰ ਸੀ। ਉਹ ਬੜੀ ਸਖ਼ਤ ਮਿਹਨਤ ਨਾਲ ਖੇਤੀਬਾੜੀ ਦਾ ਧੰਦਾ ਕਰਕੇ ਆਪਣਾ ਜੀਵਨ ਨਿਰਵਾਹ, ਬੜੇ ਸਰਫੇ ਨਾਲ ਕਰਦੇ ਸਨ। ਭਾਵੇਂ ਭਾਈ ਤਾਰੂ ਸਿੰਘ ਜੀ ਅਮੀਰ ਆਦਮੀ ਨਹੀਂ ਸਨ ਪਰ ਫਿਰ ਵੀ ਉਹ ਹਮੇਸ਼ਾ ਖੁਸ਼ ਰਹਿੰਦੇ ਸਨ ਤੇ ਆਪਣੀ ਨੇਕ ਤੇ ਦਸਾਂ ਨੌਹਾਂ ਦੀ ਸਖ਼ਤ ਕਮਾਈ 'ਚੋਂ ਆਪਣੇ ਸਿੱਖ ਭੈਣ-ਭਰਾਵਾਂ ਦੀ ਮਦਦ ਕਰਦੇ ਰਹਿੰਦੇ ਸਨ। ਉਹਨਾਂ ਦਾ ਪਿਤਾ ਸ਼ਹੀਦ ਭਾਈ ਯੋਧ ਸਿੰਘ ਇਕ ਲੜਾਈ 'ਚ ਸ਼ਹੀਦ ਹੋ ਗਿਆ ਸੀ ਤੇ ਭਾਈ ਤਾਰੂ ਸਿੰਘ ਜੀ ਦੀ ਵਿਧਵਾ ਮਾਤਾ ਉਨ੍ਹਾਂ ਦੇ ਨਾਲ ਰਹਿੰਦੀ ਸੀ। ਭਾਈ ਤਾਰੂ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਈ ਸੀ ਤੇ ਉਨ੍ਹਾਂ ਨੇ ਸਿੱਖੀ-ਸਿਦਕ ਲਈ ਮਰ ਮਿਟਣ ਦੀ ਸਿੱਖਿਆ ਉਹਨਾਂ ਤੋਂ ਹੀ ਪ੍ਰਾਪਤ ਕੀਤੀ ਸੀ।

ਉਹ ਆਪਣੀ ਸਖ਼ਤ ਮਿਹਨਤ ਦੀ ਕਮਾਈ 'ਚੋਂ ਜੋ ਕੁਝ ਬੱਚਤ ਕਰਦੇ ਉਹ ਆਪਣੇ ਉਨ੍ਹਾਂ ਸਿੱਖ ਕ੍ਰਾਂਤੀਕਾਰੀ ਭਰਾਵਾਂ 'ਤੇ ਖਰਚ ਕਰਦੇ, ਜਿਹੜੇ ਮੁਗਲ ਸਰਕਾਰ ਦੇ ਅੱਤਿਆਚਾਰਾਂ ਕਾਰਨ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਪ੍ਰਵਾਸ ਕਰ ਗਏ ਸਨ। ਭਾਈ ਤਾਰੂ ਸਿੰਘ ਜੋ ਕਿ ਕ੍ਰਾਂਤੀਕਾਰੀ ਸਿੱਖਾਂ ਦੀ ਰਾਸ਼ਨ-ਪਾਣੀ ਆਦਿ ਜਾਂ ਉਨ੍ਹਾਂ ਨੂੰ ਰੋਟੀ ਖੁਆ ਕੇ ਉਹਨਾਂ ਦੀ ਸੇਵਾ ਕਰਦਾ ਸੀ ਜਾਂ ਕਈ ਵਾਰੀ ਰਾਤ-ਬਰਾਤੇ ਉਹ ਸਿੱਖ ਭਰਾ ਇਸ ਕੋਲ ਰਾਤ ਨੂੰ ਠਹਿਰ ਜਾਂਦੇ ਸਨ। ਇਕ ਸਰਕਾਰੀ ਜਾਸੂਸ ਜਿਸ ਦਾ ਨਾਂ ਅਕਿਲ ਦਾਸ (ਦੂਸਰਾ ਨਾਂ ਨਰੰਜਣੀਆ) ਵੀ ਸੀ, ਉਹ ਜੰਡਿਆਲੇ ਦਾ ਰਹਿਣ ਵਾਲਾ ਸੀ ਤੇ ਉਹ ਇਸ ਤਰ੍ਹਾਂ ਵਿਦਰੋਹੀ ਕ੍ਰਾਂਤੀਕਾਰੀ ਸਿੱਖਾਂ ਨਾਲ ਹਮਦਰਦੀ ਰੱਖਣ ਵਾਲਿਆਂ 'ਤੇ ਆਪਣੀ ਕੜੀ ਨਜ਼ਰ ਰੱਖਦਾ ਸੀ ਤੇ ਇਸ ਦੀ ਸਾਰੀ ਜਾਣਕਾਰੀ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੂੰ ਦੱਸਦਾ ਰਹਿੰਦਾ ਸੀ।

ਜ਼ਕਰੀਆ ਖਾਨ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਇਰਾਦਾ ਰੱਖਦਾ ਸੀ ਤੇ ਉਹ ਸਿੱਖਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ। 'ਪ੍ਰਾਚੀਨ ਪੰਥ ਪ੍ਰਕਾਸ਼' 'ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਜ਼ਕਰੀਆ ਖਾਨ ਨੇ ਆਪਣੇ ਆਦਮੀਆਂ ਨੂੰ ਪੁੱਛਿਆ ਕਿ, "ਸਿੱਖ ਆਪਣਾ ਪਾਲਣ-ਪੋਸ਼ਣ ਕਿਵੇਂ ਕਰਦੇ ਹਨ ਤੇ ਉਹ ਆਪਣਾ ਰਾਸ਼ਨ-ਪਾਣੀ ਕਿੱਥੋਂ ਲਿਆਉਂਦੇ ਹਨ?" ਮੈਂ ਤਾਂ ਉਨ੍ਹਾਂ ਦੇ ਕੰਮਕਾਰ ਸਭ ਬੰਦ ਕਰ ਦਿੱਤੇ ਹਨ ਤੇ ਉਨ੍ਹਾਂ ਦੀ ਕੋਈ ਆਮਦਨ ਨਹੀਂ ਹੈ। ਉਹ ਨਾ ਤਾਂ ਖੇਤੀ ਕਰਦੇ ਹਨ, ਨਾ ਉਨ੍ਹਾਂ ਨੂੰ ਕੋਈ ਵਿਉਪਾਰ ਕਰਨ ਦੀ ਆਗਿਆ ਹੈ ਤੇ ਨਾ ਹੀ ਉਹ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਕਿਸੇ ਅਦਾਰੇ 'ਚ ਕੰਮ ਕਰ ਸਕਦੇ ਹਨ। ਮੈਂ ਤਾਂ ਉਨ੍ਹਾਂ ਦੇ ਗੁਰਦੁਆਰਿਆਂ ਨੂੰ ਚੜ੍ਹਨ ਵਾਲੇ ਚੜ੍ਹਾਵੇ ਵੀ ਬੰਦ ਕਰ ਦਿੱਤੇ ਹਨ ਤੇ ਉਹ ਕਿਤੇ ਪਾਠ-ਪੂਜਾ ਵੀ ਨਹੀਂ ਕਰ ਸਕਦੇ। ਉਹਨਾਂ ਦੀ ਖਾਧ-ਖੁਰਾਕ ਦਾ ਹਰ ਰਸਤਾ ਮੇਰੇ ਵੱਲੋਂ ਬੰਦ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਜਿੰਦਾ ਹਨ ਤੇ ਮਰੇ ਨਹੀਂ ਹਨ?

ਹਰਭਗਤ ਨਰੰਜਣੀਆ ਜੋ ਜ਼ਕਰੀਆ ਖਾਨ ਦਾ ਪੱਗ-ਵੱਟ ਭਰਾ ਬਣਿਆ ਹੋਇਆ ਸੀ ਤੇ ਸਿੱਖਾਂ ਦਾ ਜਾਨੀ ਦੁਸ਼ਮਣ ਵੀ ਸੀ, ਨੇ ਕਿਹਾ, "ਅਜੇ ਇਸ ਸੰਸਾਰ 'ਚ ਸਿੱਖ ਹਨ, ਜਿਹੜੇ ਉਤਨਾ ਚਿਰ ਆਪ ਭੁੱਖੇ ਰਹਿੰਦੇ ਹਨ, ਜਿੰਨਾ ਚਿਰ ਉਹ ਆਪਣੇ ਰੂਪੋਸ਼ ਹੋਏ ਕ੍ਰਾਂਤੀਕਾਰੀ ਸਿੱਖਾਂ-ਭਰਾਵਾਂ ਨੂੰ ਖਾਣਾ ਨਹੀਂ ਖੁਆ ਲੈਂਦੇ। ਉਹ ਆਪਣੇ ਆਪ ਨੂੰ ਉਨਾ ਚਿਰ ਭੁੱਖਾ ਤੇ ਨੰਗਾ ਰੱਖ ਸਕਦੇ ਹਨ ਪਰ ਆਪਣੇ ਸਿੱਖ ਭਰਾਵਾਂ ਨੂੰ ਅਜਿਹੀ ਦੁਖਦਾਇਕ ਹਾਲਤ 'ਚ ਨਹੀਂ ਦੇਖ ਸਕਦੇ। ਉਹ ਆਪਣੀ ਸਰਦ ਰਾਤਾਂ ਨੂੰ ਅੱਗ ਸੇਕ ਕੇ ਲੰਘਾ ਸਕਦੇ ਹਨ ਪਰ ਆਪਣੇ ਸਰੀਰ ਦੇ ਕੱਪੜੇ ਉਤਾਰ ਕੇ ਆਪਣੇ ਸਾਥੀ ਸਿੱਖ ਭਰਾਵਾਂ ਨੂੰ ਭੇਜ ਸਕਦੇ ਹਨ ਤੇ ਉਹ ਉਨ੍ਹਾਂ ਨੂੰ ਨੰਗਿਆਂ ਨਹੀਂ ਦੇਖ ਸਕਦੇ ਕਿ ਉਹ ਅਜਿਹੀਆਂ ਸਰਦ ਰਾਤਾਂ 'ਚ ਨੰਗੇ ਰਹਿਣ। ਉਹ ਸਖ਼ਤ ਮੁਸ਼ੱਕਤ ਕਰਕੇ, ਦਾਣੇ ਪੀਸ ਕੇ ਆਟਾ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਆਪ ਨਿੱਕੇ-ਮੋਟੇ ਕੰਮ ਕਰਕੇ, ਸਖ਼ਤ ਮਿਹਨਤ ਕਰਕੇ ਆਪਣੀ ਕਮਾਈ ਉਹਨਾਂ ਨੂੰ ਭੇਜ ਸਕਦੇ ਹਨ। ਉਹ ਹੁਣ ਦੂਰ-ਦੁਰਾਡੇ ਕੰਮਾਂ-ਕਾਰਾਂ ਦੀ ਭਾਲ 'ਚ ਚਲੇ ਗਏ ਹਨ ਤੇ ਉਥੇ ਕੰਮ ਕਾਰ ਕਰਕੇ ਆਪਣੇ ਰੂਪੋਸ਼ ਹੋਏ ਬਾਗੀ ਕ੍ਰਾਂਤੀਕਾਰਾਂ ਨੂੰ ਜ਼ਰੂਰ ਪੈਸੇ ਦਿੰਦੇ ਹਨ।

ਹਰਭਗਤ ਨਰੰਜਣੀਏ ਨੇ ਜ਼ਕਰੀਆ ਖਾਨ ਨੂੰ ਦੱਸਿਆ ਕਿ ਮਾਝੇ ਦੇ ਪੂਹਲੇ ਪਿੰਡ ਦਾ ਤਾਰੂ ਸਿੰਘ ਜੋ ਕਿਸਾਨੀ ਕਰਦਾ ਹੈ ਤੇ ਸਰਕਾਰ ਨੂੰ ਹਾਲਾ-ਮਾਮਲਾ ਵੀ ਦਿੰਦਾ ਹੈ ਪਰ ਉਹ ਆਪ ਬਹੁਤ ਘੱਟ ਖਾਂਦਾ ਹੈ ਤੇ ਆਪਣੀ ਸਾਰੀ ਰਾਸ਼ਨ-ਪਾਣੀ ਦੀ ਬੱਚਤ 'ਚੋਂ ਰੋਟੀਆਂ ਬਣਾ ਕੇ ਜੰਗਲ 'ਚ ਰਹਿੰਦੇ ਆਪਣੇ ਬਾਗੀ-ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਭੇਜਦਾ ਹੈ। ਉਸ ਦੀ ਮਾਤਾ ਤੇ ਭੈਣ ਉਸ ਦੀ ਇਸ ਕੰਮ 'ਚ ਪੂਰੀ ਮਦਦ ਕਰਦੇ ਹਨ ਤੇ ਉਹ ਆਟਾ ਪੀਸ ਕੇ ਤੇ ਰੋਟੀਆਂ ਬਣਾ ਕੇ ਤਿਆਰ ਕਰਦੀਆਂ ਹਨ। ਉਹ ਆਪ ਆਪਣਾ ਗੁਜ਼ਾਰਾ ਬੜੇ ਸਰਫੇ ਨਾਲ ਕਰਦਾ ਹੈ ਤੇ ਘਰ ਦਾ ਬੁਣਿਆ ਹੋਇਆ ਖੱਦਰ ਪਹਿਨਦਾ ਹੈ। ਉਹ ਜੋ ਵੀ ਵੱਧ ਤੋਂ ਵੱਧ ਬਚਾਉਂਦੇ ਹਨ ਉਹ ਆਪਣੇ ਸਾਥੀ ਸਿੱਖਾਂ ਨੂੰ ਜੰਗਲ 'ਚ ਭੇਜੀ ਜਾਂਦੇ ਹਨ।



ਇਕ ਦਿਨ ਰਹੀਮ ਬਖਸ਼ ਮੁਸਲਮਾਨ ਜੋ ਮੱਛੀਆਂ ਫੜਨ ਦਾ ਕੰਮ ਕਰਦਾ ਸੀ, ਰਾਤ ਕੱਟਣ ਲਈ ਭਾਈ ਤਾਰੂ ਸਿੰਘ ਜੀ ਦੇ ਘਰ ਰੁਕਿਆ। ਉਸ ਨੇ ਸੌਣ ਤੋਂ ਪਹਿਲਾਂ ਭਾਈ ਤਾਰੂ ਸਿੰਘ ਨੂੰ ਦੱਸਿਆ ਕਿ, "ਪੱਟੀ ਦਾ ਕਮਾਂਡਰ ਧੱਕੇ ਨਾਲ ਉਸ ਦੀ ਲੜਕੀ ਉਠਾ ਕੇ ਲੈ ਗਿਆ ਹੈ। ਜਦੋਂ ਮੈਂ ਗਵਰਨਰ ਜ਼ਕਰੀਆ ਖਾਨ ਪਾਸ ਕਮਾਂਡਰ ਦੀ ਸ਼ਿਕਾਇਤ ਕੀਤੀ ਤਾਂ ਮੈਨੂੰ ਉਸ ਨੇ ਧੱਕੇ ਮਰਵਾ ਕੇ, ਆਪਣੇ ਦਰਬਾਰ 'ਚੋਂ ਬਾਹਰ ਕਢਵਾ ਦਿੱਤਾ। ਗਰੀਬ ਆਦਮੀ ਦੀ ਇਸ ਜ਼ਾਲਮਾਨਾ ਰਾਜ 'ਚ ਕੋਈ ਸੁਣਵਾਈ ਨਹੀਂ ਹੈ। ਭਾਈ ਤਾਰੂ ਸਿੰਘ ਨੇ ਉਸ ਨੂੰ ਕਿਹਾ ਕਿ 'ਤੇਰੀ ਸ਼ਿਕਾਇਤ ਭਾਵੇਂ ਗਵਰਨਰ ਨੇ ਨਹੀਂ ਸੁਣੀ ਹੈ ਪਰ ਇਹ ਸ਼ਿਕਾਇਤ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਬਾਰ 'ਚ ਜ਼ਰੂਰ ਸੁਣੀ ਗਈ ਹੈ। ਤੇਰੀ ਲੜਕੀ ਕੁਝ ਦਿਨਾਂ ਦੇ ਅੰਦਰ-ਅੰਦਰ ਤੇਰੇ ਘਰ ਜ਼ਰੂਰ ਪਹੁੰਚ ਜਾਏਗੀ।

ਕੁਝ ਦਿਨਾਂ ਬਾਅਦ ਸਿੰਘਾਂ ਦਾ ਇਕ ਜਥਾ ਉਧਰ ਦੀ ਲੰਘ ਰਿਹਾ ਸੀ ਤੇ ਉਹ ਸਿੰਘ ਭਾਈ ਤਾਰੂ ਸਿੰਘ ਨੂੰ ਮਿਲੇ ਤੇ ਭਾਈ ਤਾਰੂ ਸਿੰਘ ਨੇ ਰਹੀਮ ਬਖਸ਼ ਦੀ ਸਾਰੀ ਦੁੱਖ ਭਰੀ ਕਹਾਣੀ ਸਿੰਘਾਂ ਨੂੰ ਸੁਣਾਈ। ਸਿੰਘਾਂ ਨੇ ਪੱਟੀ ਦੇ ਕਮਾਂਡਰ ਦੇ ਘਰ ਰਾਤ ਨੂੰ ਛਾਪਾ ਮਾਰਿਆ ਤੇ ਰਹੀਮ ਬਖਸ਼ ਦੀ ਲੜਕੀ ਕਮਾਂਡਰ ਦੇ ਘਰੋਂ ਬਰਾਮਦ ਕਰ ਲਈ ਤੇ ਰਹੀਮ ਬਖਸ਼ ਨੂੰ ਦੇ ਦਿੱਤੀ। ਇਸ ਹਮਲੇ 'ਚ ਪੱਟੀ ਦਾ ਕਮਾਂਡਰ ਮਾਰਿਆ ਗਿਆ। ਪੂਹਲਾ ਪਿੰਡ ਦੇ ਮੁਖੀਏ ਖੁਸ਼ਹਾਲੇ ਨੇ ਇਹ ਸਾਰੀ ਵਾਰਦਾਤ ਜ਼ਕਰੀਆ ਖਾਨ ਨੂੰ ਲਾਹੌਰ ਵਿਖੇ ਜਾ ਕੇ ਸੁਣਾਈ। ਜ਼ਕਰੀਆ ਖਾਨ ਨੇ ਆਪਣੇ ਫੌਜੀਆਂ ਨੂੰ ਭੇਜਿਆ ਕਿ ਭਾਈ ਤਾਰੂ ਸਿੰਘ ਜੀ ਤੇ ਉਸ ਦੀ ਭੈਣ ਬੀਬੀ ਤਾਰ ਕੌਰ (ਤਾਰੋ) ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਫੌਜੀ ਭਾਈ ਤਾਰੂ ਸਿੰਘ ਜੀ ਦੇ ਘਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਹੁੰਚ ਗਏ। ਭਾਈ ਤਾਰੂ ਸਿੰਘ ਨੇ ਪਹਿਲਾਂ ਫੌਜੀਆਂ ਨੂੰ ਪ੍ਰਸ਼ਾਦਾ ਛਕਣ ਲਈ ਕਿਹਾ ਤੇ ਉਹ ਪ੍ਰਸ਼ਾਦਾ ਜ਼ਰੂਰ ਛਕਣ ਕਿਉਂਕਿ ਇਹ 'ਗੁਰੂ ਕਾ ਲੰਗਰ' ਹੈ ਤੇ ਉਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਮੈਂ ਤੁਹਾਡੇ ਨਾਲ ਚਲਾ ਜਾਵਾਂਗਾ। ਫੌਜੀ ਭਾਈ ਤਾਰੂ ਸਿੰਘ ਦੀ ਗੱਲ ਮੰਨ ਗਏ ਤੇ ਉਹਨਾਂ ਨੇ ਪ੍ਰਸ਼ਾਦਾ ਛਕ ਲਿਆ ਤੇ ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਬੀਬੀ ਤਾਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪੇਸ਼ ਕਰ ਦਿੱਤਾ।

ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਹਲਾ ਪਿੰਡ ਦੇ ਵਾਸੀ ਇਕੱਠੇ ਹੋ ਕੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪਹੁੰਚ ਗਏ ਕਿ ਇਨ੍ਹਾਂ ਨੂੰ ਛੁਡਾ ਲਿਆ ਜਾਵੇ। ਬੀਬੀ ਤਾਰ ਕੌਰ ਇਕ ਔਰਤ ਹੋਣ ਕਰਕੇ ਪਿੰਡ ਵਾਸੀਆਂ ਨੇ ਇਕ ਮੁਆਫੀਨਾਮਾ ਲਿਖਿਆ ਤੇ ਬੀਬੀ ਤਾਰ ਕੌਰ ਨੂੰ ਛੁਡਵਾ ਲਿਆ ਪਰ ਭਾਈ ਤਾਰੂ ਸਿੰਘ ਜੀ ਨੇ ਮੁਆਫੀਨਾਮਾ ਲਿਖਣ ਤੋਂ ਇਨਕਾਰ ਕਰ ਦਿੱਤਾ।

ਗਵਰਨਰ ਜ਼ਕਰੀਆ ਖਾਨ ਨੂੰ ਉਮੀਦ ਸੀ ਕਿ ਭਾਈ ਤਾਰੂ ਸਿੰਘ ਜੀ ਨੂੰ ਡਰਾ-ਧਮਕਾ ਕੇ ਦੂਸਰੇ ਹੋਰ ਬਾਗੀ ਕ੍ਰਾਂਤੀਕਾਰੀ ਸਿੰਘਾਂ ਦੇ ਠਿਕਾਣਿਆਂ ਦਾ ਪਤਾ ਲਗਾ ਲਿਆ ਜਾਵੇਗਾ ਤੇ ਉਹ ਡਰਦਾ ਮੁਸਲਮਾਨ ਬਣ ਜਾਏਗਾ। ਗਵਰਨਰ ਨੇ ਭਾਈ ਤਾਰੂ ਸਿੰਘ ਨੂੰ ਕਿਹਾ ਕਿ, "ਤੇਰੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ ਜੇਕਰ ਤੂੰ ਮੁਸਲਮਾਨ ਬਣ ਜਾਏਂਗਾ, ਨਹੀਂ ਤਾਂ ਤੂੰ ਮੈਨੂੰ ਆਪਣੇ ਲੰਬੇ ਕੇਸ ਕੱਟ ਕੇ ਦੇ-ਦੇ ਤਾਂ ਕਿ ਮੈਂ ਇਸ ਦੀ ਰੱਸੀ ਬਣਾ ਕੇ ਆਪਣਾ ਮੰਜਾ ਬੁਣ ਸਕਾਂ।" ਭਾਈ ਤਾਰੂ ਸਿੰਘ ਜੀ ਨੇ ਉੱਤਰ ਦਿੱਤਾ, "ਮੇਰਾ ਇਨ੍ਹਾਂ ਕੇਸਾਂ 'ਚ ਪੂਰੀ ਸਿੱਖੀ-ਸਿਦਕੀ ਦਾ ਵਿਸ਼ਵਾਸ ਹੈ ਤੇ ਤੇਰੇ 'ਤੇ ਮੈਂ ਆਪਣੀ ਜੁੱਤੀ ਨਾਲ ਕਾਬੂ ਪਾ ਲਵਾਂਗਾ ਤੇ ਇਸ ਨਾਲ ਤੂੰ ਮਰ ਜਾਏਂਗਾ।" ਇਹ ਸੁਣ ਕੇ ਜ਼ਕਰੀਆ ਖਾਨ ਗੁੱਸੇ 'ਚ ਆ ਗਿਆ ਤੇ ਉਸਨੇ ਕਿਹਾ ਕਿ, "ਇਸ ਨੂੰ ਘੁੰਮਦੀ ਹੋਈ ਚਰਖੜੀ 'ਤੇ ਚਾੜ੍ਹ ਕੇ ਤੇ ਬੰਨ੍ਹ ਕੇ, ਪਟਕਾ-ਪਟਕਾ ਕੇ ਜ਼ਮੀਨ ਤੇ ਮਾਰ-ਮਾਰ ਕੇ ਸਜਾ ਦਿੱਤੀ ਜਾਵੇ ਤੇ ਉਸ ਤੋਂ ਬਾਅਦ ਤਿੱਖੇ ਹਥਿਆਰ ਨਾਲ, ਇਸ ਦੀ ਖੋਪਰੀ ਵਾਲਾਂ ਸਮੇਤ ਉਤਾਰ ਦਿੱਤੀ ਜਾਵੇ ਤਾਂ ਕਿ ਜਿਹਨਾਂ ਕੇਸਾਂ ਤੇ ਇਹ ਇਤਨਾ ਮਾਣ ਕਰਦਾ ਹੈ ਉਹ ਸਿਰ 'ਤੇ ਰਹਿਣ ਹੀ ਨਾ ਦਿੱਤੇ ਜਾਣ ਤੇ ਇਸ ਤੋਂ ਬਾਅਦ ਇਸ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਸੁੱਟ ਦਿੱਤਾ ਜਾਵੇ ਤਾਂ ਜੋ ਇਹ ਹੌਲੀ-ਹੌਲੀ ਤੜਫਦਾ ਹੋਇਆ ਮਰ ਜਾਵੇ। ਇਸ ਤੋਂ ਬਾਅਦ ਜਲਾਦ ਨੇ ਇੰਝ ਹੀ ਕੀਤਾ ਤੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀ ਨਾਲ ਉਤਾਰਨ ਲੱਗ ਪਿਆ ਤੇ ਭਾਈ ਤਾਰੂ ਸਿੰਘ ਜੀ 'ਜਪੁਜੀ ਸਾਹਿਬ' ਦਾ ਪਾਠ ਕਰਦੇ ਰਹੇ। ਜਲਾਦ ਨੇ ਖੋਪਰੀ ਉਤਾਰ ਕੇ ਭਾਈ ਤਾਰੂ ਸਿੰਘ ਜੀ ਨੂੰ ਲਹੂ-ਲੁਹਾਣ ਕਰ ਦਿੱਤਾ ਤੇ ਇਸੇ ਤਰ੍ਹਾਂ ਜ਼ਖਮੀ ਹੋਏ ਤਾਰੂ ਸਿੰਘ ਨੂੰ ਜੇਲ੍ਹ ਦੀ ਕਾਠ ਕੋਠੜੀ 'ਚ ਬੰਦ ਕਰ ਦਿੱਤਾ।

ਉਸੇ ਦਿਨ ਸ਼ਾਮ ਨੂੰ ਗਵਰਨਰ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਉਹ ਭਿਆਨਕ ਦਰਦ ਨਾਲ ਤੜਪਣ ਲੱਗਾ। ਵੈਦਾਂ-ਹਕੀਮਾਂ ਨੇ ਬੜਾ ਓਹੜ-ਪੋਹੜ ਕੀਤਾ ਪਰ ਪਿਸ਼ਾਬ ਦਾ ਬੰਨ੍ਹ ਨਾ ਟੁੱਟਿਆ, ਸਗੋਂ ਦਰਦ ਹੋਰ ਵਧਦੀ ਗਈ। ਜ਼ਕਰੀਆ ਖਾਨ ਦੇ ਸਲਾਹਕਾਰਾਂ ਨੇ ਉਸ ਨੂੰ ਕਿਹਾ ਕਿ ਇਹ ਭਾਈ ਤਾਰੂ ਸਿੰਘ ਜੀ ਨਾਲ ਕੀਤੀ ਗਈ ਜ਼ਾਲਮਾਨਾ ਕਾਰਵਾਈ ਦਾ ਹੀ ਨਤੀਜਾ ਹੋ ਸਕਦਾ ਹੈ। ਇਸ ਲਈ ਹੋ ਸਕੇ ਤਾਂ ਭਾਈ ਤਾਰੂ ਸਿੰਘ ਜੀ ਤੇ ਸਿੱਖ ਪੰਥ ਕੋਲੋਂ ਮੁਆਫ਼ੀ ਮੰਗ ਲਈ ਜਾਵੇ। ਜ਼ਕਰੀਆ ਖਾਨ ਇਸ ਗੱਲ ਲਈ ਮੰਨ ਗਿਆ ਤੇ ਉਸ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਜੀ ਪਾਸ ਭੇਜਿਆ ਕਿ ਉਹ ਗਵਰਨਰ ਜ਼ਕਰੀਆ ਖਾਨ ਨੂੰ ਮੁਆਫ਼ ਕਰ ਦੇਵੇ ਕਿਉਂਕਿ ਉਸਨੇ ਤੁਹਾਡੇ 'ਤੇ ਬਹੁਤ ਅੱਤਿਆਚਾਰ ਕੀਤੇ ਹਨ। ਭਾਈ ਤਾਰੂ ਸਿੰਘ ਜੀ ਨੇ ਇਸ ਗੱਲ ਦਾ ਫੈਸਲਾ ਕਰਨ ਲਈ, ਭਾਈ ਸੁਬੇਗ ਸਿੰਘ ਨੂੰ ਕਿਹਾ ਕਿ ਇਸ ਦਾ ਫੈਸਲਾ 'ਦਲ-ਖਾਲਸਾ' ਹੀ ਕਰੇਗਾ ਤੇ ਤੁਸੀਂ ਇਸ ਦੇ ਨੇਤਾ ਪਾਸ ਹੀ ਜਾਓ। ਸੁਬੇਗ ਸਿੰਘ ਜੀ ਦਲ-ਖਾਲਸਾ ਦੇ ਨੇਤਾ ਪਾਸ ਗਏ। ਨੇਤਾ ਨੇ ਕਿਹਾ, "ਉਸ ਨੂੰ ਪਿਸ਼ਾਬ ਆ ਜਾਏਗਾ ਜੇਕਰ ਜ਼ਕਰੀਆ ਖਾਨ ਆਪਣੇ ਸਿਰ 'ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਖਾਏ।"

'ਦਲ ਖਾਲਸਾ' ਦੇ ਨੇਤਾ ਦੇ ਕਹੇ ਗਏ ਸ਼ਬਦਾਂ ਦੀ ਪੂਰਤੀ ਕੀਤੀ ਗਈ। ਜਦੋਂ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਆਪਣੇ ਸਿਰ 'ਤੇ ਖਾਧੀ ਤਾਂ ਉਸ ਨੂੰ ਪਿਸ਼ਾਬ ਆ ਗਿਆ ਤੇ ਉਸ ਦੀ ਦਰਦ ਬੰਦ ਹੋ ਗਈ। ਗਵਰਨਰ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਜੀ ਦੀ ਆਪਣੇ ਸਿਰ 'ਤੇ ਜੁੱਤੀ ਖਾਣ ਉਪਰੰਤ ਬਹੁਤ ਭਾਵੁਕ ਹੋ ਗਿਆ ਤੇ ਅੰਦਰੋ-ਅੰਦਰ ਹੀ ਇਸ ਤਰ੍ਹਾਂ ਹੋਈ ਬੇਇੱਜ਼ਤੀ ਮਹਿਸੂਸ ਕਰਨ ਲੱਗਾ ਤੇ ਉਸਦੀ ਮਾਨਸਿਕਤਾ 'ਤੇ ਬੜਾ ਗਹਿਰਾ ਪ੍ਰਭਾਵ ਪਿਆ ਤੇ ਇਸ ਬੇਇੱਜ਼ਤੀ ਨੂੰ ਨਾ ਸਹਾਰਦਾ ਹੋਇਆ, ਚਿੰਤਾ ਫਿਕਰ 'ਚ ਹੀ ਇਸ ਸੰਸਾਰ ਤੋਂ 30 ਜੂਨ 1745 ਨੂੰ ਕੂਚ ਕਰ ਗਿਆ। ਭਾਈ ਤਾਰੂ ਸਿੰਘ ਜੀ ਵੀ, ਆਪਣੀ ਖੋਪਰੀ ਉਤਾਰਨ ਤੋਂ 22 ਦਿਨਾਂ ਤੱਕ ਜਿੰਦਾ ਰਹੇ ਤੇ ਜ਼ਕਰੀਆ ਖਾਨ ਦੀ ਮੌਤ ਦੀ ਖ਼ਬਰ ਸੁਣ ਕੇ, ਪਹਿਲੀ ਜੁਲਾਈ 1745 ਨੂੰ ਆਪਣੇ ਪ੍ਰਾਣ ਤਿਆਗ ਕੇ ਸ਼ਹੀਦ ਹੋ ਗਏ।

ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਉਸ ਸਮੇਂ ਉਮਰ ਸਿਰਫ 25 ਸਾਲ ਸੀ। ਉਸਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਸਮੇਂ 'ਸ੍ਰੀ ਦਰਬਾਰ ਸਾਹਿਬ' ਦੇ ਪਵਿੱਤਰ ਸਰੋਵਰ 'ਚੋਂ ਜਲ ਲਿਆਂਦਾ ਗਿਆ ਤੇ ਉਨ੍ਹਾਂ ਦੀ ਦੇਹ ਤੇ ਇਸ ਜਲ ਦਾ ਛਿੱਟਾ ਦੇ ਕੇ, ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਉਹਨਾਂ ਦਾ ਸੰਸਕਾਰ ਕਰ ਦਿੱਤਾ ਗਿਆ।

1762 'ਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਜਿੱਤ ਲਿਆ ਤੇ ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਸੀ, ਉਸ ਜਗ੍ਹਾ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਨਾਲ ਲੱਗਦੀ ਅਬਦੁਲਾ ਖਾਨ ਦੀ ਮਸੀਤ 'ਤੇ ਵੀ ਕਬਜ਼ਾ ਕਰ ਲਿਆ ਤੇ ਇਸ ਸਾਰੀ ਜਗ੍ਹਾ 'ਤੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ 'ਚ ਗੁਰਦੁਆਰਾ ਬਣਾ ਦਿੱਤਾ। ਇਸ ਨੂੰ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ' ਕਹਿੰਦੇ ਹਨ ਤੇ ਇਹ ਲਾਹੌਰ ਦੇ ਨੌਲੱਖਾ ਬਾਜ਼ਾਰ 'ਚ ਸਥਿਤ ਹੈ। ਇਹ ਗੁਰਦੁਆਰਾ ਸਿੱਖਾਂ ਲਈ ਇਕ ਪੂਜਣਯੋਗ ਤੇ ਪ੍ਰੇਰਨਾਯੋਗ ਸਥਾਨ ਬਣ ਗਿਆ ਹੈ ਕਿ ਸਿੱਖੀ-ਸਿਦਕ ਕਿਸ ਤਰ੍ਹਾਂ ਨਿਭਾਈਦਾ ਹੈ ਤੇ ਗੁਰੂ ਸਾਹਿਬ ਵੱਲੋਂ ਬਖਸ਼ੇ ਗਏ ਪਵਿੱਤਰ ਕੇਸਾਂ ਦੀ ਕੀਮਤ ਕੀ ਹੁੰਦੀ ਹੈ?

ਲੁਧਿਆਣਾ ਸ਼ਹਿਰ 'ਚ ਵੀ ਸ਼ਹੀਦ ਭਾਈ ਤਾਰੂ ਸਿੰਘ ਜੀ ਤੇ ਇਸ ਤਰ੍ਹਾਂ ਦੇ ਹੋਰ ਮਹਾਨ ਸਿੱਖ ਸ਼ਹੀਦਾਂ ਦੀ ਯਾਦ 'ਚ ਇਕ ਗੁਰਦੁਆਰਾ ਬਣਾਇਆ ਗਿਆ ਹੈ, ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸਾਰੀ ਜੀਵਨੀ ਚਿੱਤਰਾਂ ਦੁਆਰਾ ਦਰਸਾਈ ਗਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਅਜਿਹੇ ਸੂਰਬੀਰ ਸਿੰਘ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਸਕਣ। ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਸਿੱਖੀ-ਸਿਦਕ ਦੇ ਕਿੰਨੇ ਪੂਰੇ ਹਨ ਤੇ ਕਿਸੇ ਵੀ ਜ਼ਾਲਮ ਸਰਕਾਰ ਦੇ ਅੱਤਿਆਚਾਰਾਂ ਤੇ ਮੌਤ ਤੋਂ ਡਰਦੇ ਨਹੀਂ ਹਨ।

# ਭਾਰਤੀ ਸੰਸਦ- ਘੱਟ ਗਿਣਤੀਆਂ ਤੇ ਦਲਿਤਾਂ 'ਤੇ ਹਮਲਿਆਂ ਸਣੇ ਕਿਸਾਨੀ ਸੰਕਟ 'ਤੇ ਬਹਿਸ ਲਈ ਜ਼ੋਰਦਾਰ ਹੰਗਾਮੇ

**ਨਵੀਂ ਦਿੱਲੀ-** ਸੰਸਦ ਦੇ ਮੌਨਸੂਨ ਸੈਸ਼ਨ ਦੇ ਵਿਚ ਵਿਰੋਧੀ ਧਿਰ ਨੇ ਵੱਖੋ-ਵੱਖ ਮੁੱਦੇ ਉਠਾਉਂਦਿਆਂ ਦੋਵਾਂ ਸਦਨਾਂ ਵਿੱਚ ਜ਼ੋਰਦਾਰ ਹੰਗਾਮਾ ਕੀਤਾ, ਜਿਸ ਕਾਰਨ ਸਦਨਾਂ ਦੀ ਕਾਰਵਾਈ ਵਾਰ-ਵਾਰ ਉਠਾਉਣੀ ਪਈ। ਵਿਰੋਧੀ ਧਿਰ ਵੱਲੋਂ ਵੱਡੇ ਪੱਧਰ 'ਤੇ ਮੁੱਦੇ ਉਠਾਏ ਜਾਣ ਕਾਰਨ ਇਕ ਵਾਰ ਤਾਂ ਸਰਕਾਰ ਕਾਫੀ ਕਸੂਤੀ ਫਸੀ ਨਜ਼ਰ ਆਈ। ਰਾਜ ਸਭਾ ਵਿੱਚ ਬਸਪਾ ਮੁਖੀ ਕੁਮਾਰੀ ਮਾਇਆਵਤੀ ਨੇ ਉਪ ਸਭਾਪਤੀ 'ਤੇ ਉਨ੍ਹਾਂ ਨੂੰ ਦਲਿਤਾਂ ਦੇ ਮੁੱਦੇ 'ਨਾ ਉਠਾਉਣ ਦੇਣ' ਤੋਂ ਖ਼ਫ਼ਾ ਹੋ ਕੇ ਸਦਨ ਤੋਂ ਅਸਤੀਫ਼ਾ ਦੇਣ ਤੱਕ ਦਾ ਐਲਾਨ ਕਰ ਦਿੱਤਾ।

ਪੂਰੀ ਤਰ੍ਹਾਂ ਹਮਲਾਵਰ ਰਉਂ ਵਿੱਚ ਆਈ ਵਿਰੋਧੀ ਧਿਰ ਨੇ ਲੋਕ ਸਭਾ ਵਿੱਚ ਪਹਿਲਾਂ ਸਵਾਲਾਂ ਦੇ ਸਮੇਂ ਤੇ ਫਿਰ ਸਿਫ਼ਰ ਕਾਰ ਦੌਰਾਨ ਕਈ ਮੁੱਦਿਆਂ ਉਤੇ ਬਹਿਸ ਲਈ ਜ਼ੋਰ ਦਿੱਤਾ ਅਤੇ ਇਸ ਦੇ ਮੈਂਬਰ ਸਪੀਕਰ ਦੇ ਆਸਣ ਅੱਗੇ ਆ ਕੇ ਨਾਅਰੇਬਾਜ਼ੀ ਕਰਨ ਲੱਗੇ। ਇਸ ਕਾਰਨ ਸਪੀਕਰ ਸੁਮਿੱਤਰਾ ਮਹਾਜਨ ਨੂੰ ਸਦਨ ਦੀ ਕਰਵਾਈ ਇਕ ਘੰਟੇ ਲਈ ਉਠਾਉਣੀ ਪਈ। ਕਾਂਗਰਸ, ਆਰਜੇਡੀ, ਤ੍ਰਿਣਮੂਲ ਕਾਂਗਰਸ, ਖੱਬੀਆਂ ਪਾਰਟੀਆਂ ਤੇ ਹੋਰ ਮੈਂਬਰਾਂ ਨੇ ਨਾਅਰੇਬਾਜ਼ੀ ਕਰਦਿਆਂ ਤਖ਼ਤੀਆਂ ਵੀ ਦਿਖਾਈਆਂ। ਉਹ ਗਊ ਰੱਖਿਅਕਾਂ ਦੀ ਗੁੰਡਾ-ਗਰਦੀ, ਕਿਸਾਨਾਂ ਦੀ ਮਾੜੀ ਹਾਲਤ ਤੇ ਹੋਰ ਮੁੱਦੇ ਉਠਾ ਰਹੇ ਸਨ ਅਤੇ 'ਗਊ ਮਾਤਾ ਤੋ ਬਹਾਨਾ ਹੈ, ਕਰਜ਼ ਮਾਫ਼ੀ ਸੇ ਧਿਆਨ ਹਟਾਨਾ ਹੈ' ਵਰਗੇ ਨਾਅਰੇ ਲਾ ਰਹੇ ਸਨ। ਇਸ ਦੌਰਾਨ ਸਰਕਾਰ ਨੇ ਊਰਜਾ ਬਿਲ ਸਣੇ ਤਿੰਨ ਬਿਲ ਤੇ ਕੁਝ ਰਿਪੋਰਟਾਂ ਵੀ ਸਦਨ ਵਿੱਚ ਪੇਸ਼ ਕੀਤੀਆਂ।

ਰਾਜ ਸਭਾ ਵਿੱਚ ਬੀਬੀ ਮਾਇਆਵਤੀ ਨੇ ਪਿਛਲੇ ਦਿਨੀਂ ਯੂਪੀ ਦੇ ਸਹਾਰਨਪੁਰ ਵਿੱਚ ਦਲਿਤਾਂ ਖ਼ਿਲਾਫ਼ ਹੋਈ ਹਿੰਸਾ ਦਾ ਮੁੱਦਾ ਉਠਾਉਣਾ ਚਾਹਿਆ ਪਰ ਉਪ ਸਭਾਪਤੀ ਪੀ.ਜੇ. ਕੁਰੀਅਨ ਵੱਲੋਂ ਰੋਕੇ ਜਾਣ ਤੋਂ ਰੋਹ ਵਿੱਚ ਆ ਕੇ ਉਨ੍ਹਾਂ ਸਦਨ ਤੋਂ ਅਸਤੀਫ਼ੇ ਦਾ ਐਲਾਨ ਕਰਦਿਆਂ ਵਾਕ ਆਊਟ ਕਰ ਦਿੱਤਾ। ਹੰਗਾਮੇ ਦੌਰਾਨ ਸਦਨ ਦੀ ਕਾਰਵਾਈ ਪਹਿਲਾਂ ਦੁਪਹਿਰ 12 ਵਜੇ ਤੱਕ, ਫਿਰ 2 ਤੇ ਫਿਰ 3 ਵਜੇ ਤੱਕ ਉਠਾਉਣੀ ਪਈ। ਕਾਂਗਰਸ ਦੇ ਮੈਂਬਰਾਂ ਨੇ ਵੀ ਵਿਰੋਧੀ ਧਿਰ ਦੇ ਆਗੂ ਗ਼ੁਲਾਮ ਨਬੀ ਆਜ਼ਾਦ ਦੀ ਅਗਵਾਈ ਹੇਠ ਵਾਕ ਆਊਟ ਕੀਤਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਦੋਸ਼ ਲਾਇਆ ਕਿ ਬੀਬੀ ਮਾਇਆਵਤੀ ਵੱਲੋਂ ਉਪਸਭਾਪਤੀ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਤੇ ਉਹ ਇਸ ਲਈ 'ਮੁਆਫ਼ੀ' ਮੰਗਣ। ਸ੍ਰੀ ਆਜ਼ਾਦ ਨੇ ਦੋਸ਼ ਲਾਇਆ ਕਿ ਸੈਸ਼ਨ ਤੋਂ ਪਹਿਲਾਂ ਹੋਈ ਆਲ ਪਾਰਟੀ ਮੀਟਿੰਗ ਦੌਰਾਨ ਸਰਕਾਰ ਨੇ ਵਿਰੋਧੀ ਧਿਰ ਵੱਲੋਂ ਉਠਾਏ ਜਾਣ ਵਾਲੇ ਸਾਰੇ ਮੁੱਦਿਆਂ ਉਤੇ ਬਹਿਸ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਕਿਹਾ, "ਸਾਡੇ ਨਾਲ ਪ੍ਰਧਾਨ ਮੰਤਰੀ ਦੀ ਹਾਜ਼ਰੀ ਵਿੱਚ ਵਾਅਦਾ ਕੀਤਾ ਗਿਆ ਸੀ। ਹੁਣ ਤੁਸੀਂ ਵਾਅਦਾਖ਼ਿਲਾਫ਼ੀ ਕਰ ਰਹੇ ਹੋ।" ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੇ ਕਾਂਗਰਸ ਦੀ ਅਗਵਾਈ ਹੇਠ ਕਿਸਾਨਾਂ ਦੇ ਸੰਕਟ, ਦਲਿਤ-ਵਿਰੋਧੀ ਹਿੰਸਾ ਤੇ ਘੱਟਗਿਣਤੀਆਂ ਉਤੇ ਹਜੂਮੀ ਹਮਲਿਆਂ 'ਤੇ ਬਹਿਸ ਦੇ ਨੋਟਿਸ ਦਿੱਤੇ ਸਨ।

# ਦਲਿਤਾਂ ਲਈ ਖਤਰੇ ਦੀ ਘੰਟੀ ਤਾਂ ਨਹੀਂ ਰਾਮਨਾਥ ਕੋਵਿੰਦ?



ਦਰਸ਼ਨ ਸਿੰਘ ਬਾਜਵਾ
(91-98783-83053)

ਰਾਸ਼ਟਰਪਤੀ ਦੇ ਅਹੁਦੇ ਲਈ ਐਨ.ਡੀ.ਏ. ਦੇ ਉਮੀਦਵਾਰ ਵਜੋਂ ਐਲ.ਕੇ. ਅਡਵਾਨੀ ਜਾਂ ਮੋਹਨ ਭਾਗਵਤ ਵਰਗੇ ਕੱਟੜ ਸੰਘੀਆਂ ਦਾ ਨਾਂਅ ਕਾਫ਼ੀ ਚਰਚਾ ਵਿੱਚ ਆਉਣ ਪਿੱਛੋਂ ਆਖਰ ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ ਨਾਲ਼ ਸੰਬੰਧਤ ਅਤੇ ਬਿਹਾਰ ਦੇ ਰਾਜਪਾਲ ਸ਼੍ਰੀ ਰਾਮਨਾਥ ਕੋਵਿੰਦ 'ਤੇ ਸਹਿਮਤੀ ਬਣ ਗਈ ਹੈ। ਐਨ.ਡੀ.ਏ. ਨੇ ਬਕਾਇਦਾ ਤੌਰ 'ਤੇ ਉਹਨਾਂ ਦਾ ਨਾਂਅ ਐਲਾਨ ਦਿੱਤਾ ਹੈ। ਵੋਟਾਂ ਦੇ ਹਿਸਾਬ ਨਾਲ਼ ਐਨ.ਡੀ.ਏ. ਦਾ ਪੱਲੜਾ ਕਾਫੀ ਭਾਰੀ ਹੈ। ਇਸ ਲਈ ਸ਼੍ਰੀ ਕੋਵਿੰਦ ਦਾ ਰਾਸ਼ਟਰਪਤੀ ਚੁਣਿਆ ਜਾਣਾ ਲਗਭਗ ਤੈਅ ਹੀ ਹੈ। ਪਰ ਹਰ ਵਾਰ ਕੇਂਦਰ ਦੀ ਸਰਕਾਰ ਵੱਲੋਂ ਇਸ ਅਹੁਦੇ ਲਈ ਆਮ ਸਹਿਮਤੀ ਬਣਾਉਣ ਦੀ ਗੱਲ ਵੀ ਕੀਤੀ ਜਾਂਦੀ ਰਹੀ ਹੈ। ਕੱਟੜ ਹਿੰਦੂਵਾਦੀਆਂ 'ਤੇ ਆਮ ਸਹਿਮਤੀ ਨਾ ਹੋਣ ਦੇ ਸੰਕੇਤਾਂ ਕਾਰਨ ਮੋਦੀ ਸਰਕਾਰ ਵੱਲੋਂ ਦਲਿਤ ਉਮੀਦਵਾਰ ਦਾ ਸਿਆਸੀ ਪੱਤਾ ਖੇਡਿਆ ਗਿਆ ਹੈ। ਇਸ ਤਰ੍ਹਾਂ ਅਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਹ ਦੂਸਰੀ ਵਾਰ ਹੋਏਗਾ ਕਿ ਦਲਿਤ ਵਰਗ ਨਾਲ਼ ਸੰਬੰਧਤ ਕੋਈ ਵਿਅਕਤੀ ਦੇਸ਼ ਦੇ ਸਭ ਤੋਂ ਵੱਡੇ ਅਹੁਦੇ ਲਈ ਚੁਣਿਆ ਜਾਵੇਗਾ। ਬਹੁਜਨ ਸਮਾਜ ਨਾਲ਼ ਸੰਬੰਧਤ ਕੁੱਝ ਵਿਅਕਤੀਆਂ ਦਾ ਮੰਨਣਾ ਹੈ ਕਿ ਮੌਜੂਦਾ ਸਮੇਂ ਵਿੱਚ ਚੱਲ ਰਹੇ ਦਲਿਤ ਅੰਦੋਲਨ ਕਾਰਨ ਹੀ ਕੱਟੜ ਹਿੰਦੂਵਾਦੀਆਂ ਨੂੰ ਸਵਰਨ ਜਾਤੀਆਂ ਦੀ ਬਜਾਏ ਇੱਕ ਦਲਿਤ ਦੇ ਨਾਂਅ 'ਤੇ ਸਹਿਮਤੀ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਉਹਨਾਂ ਦੇ ਹਿਸਾਬ ਨਾਲ਼ ਕਿਸੇ ਦਲਿਤ ਨੂੰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਜਾਣਾ ਦਲਿਤ ਅੰਦੋਲਨ ਦੀ ਪ੍ਰਾਪਤੀ ਹੈ। ਇਸ ਲਈ ਕੁੱਝ ਲੋਕ ਖੁਸ਼ ਵੀ ਹੋ ਰਹੇ ਹਨ। ਕੁੱਝ ਲੋਕ ਇਸ ਨੂੰ 'ਅੰਬੇਡਕਰ ਯੁੱਗ ਦੀ ਸ਼ੁਰੂਆਤ' ਕਹਿੰਦੇ ਹਨ।

ਰਾਸ਼ਟਰਪਤੀ ਦਾ ਅਹੁਦਾ ਦੇਸ਼ ਦਾ ਸਭ ਤੋਂ ਵੱਡਾ ਸੰਵਿਧਾਨਕ ਅਹੁਦਾ ਹੈ। ਇਸ ਲਈ ਇਸ ਅਹੁਦੇ 'ਤੇ ਕਿਸੇ ਦਲਿਤ ਵਿਅਕਤੀ ਦਾ ਪਹੁੰਚ ਜਾਣਾ ਕੋਈ ਛੋਟੀ ਗੱਲ ਵੀ ਨਹੀਂ ਬਲਕਿ ਉਹਨਾਂ ਦੇ ਸਮੁੱਚੇ ਵਰਗ ਲਈ ਮਾਣ ਦੀ ਗੱਲ ਹੈ। ਪਰ ਸਿਆਸੀ ਪਾਰਟੀਆਂ ਲਈ ਦਲਿਤ ਸਿਰਫ ਵੋਟ ਬੈਂਕ ਦੇ ਰੂਪ ਵਿੱਚ ਹੀ ਦੇਖੇ ਜਾਂਦੇ ਹਨ। ਵਿਰੋਧੀ ਧਿਰ ਦੇ ਕਿਸੇ ਵੀ ਸਿਆਸੀ ਦਲ ਦੁਆਰਾ ਐਨ.ਡੀ.ਏ. ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦਾ ਵਿਰੋਧ ਦਲਿਤਾਂ ਦੇ ਵਿਰੋਧ ਵਿੱਚ ਨਾ ਦੇਖਿਆ ਜਾਵੇ ਇਸ ਲਈ ਵਿਰੋਧੀ ਧਿਰ ਇਸ ਵਿਸ਼ੇ 'ਤੇ ਸੋਚ-ਸਮਝ ਕੇ ਕਦਮ ਚੁੱਕਣ ਲਈ ਮਜ਼ਬੂਰ ਹੋਈ। ਵਿਰੋਧੀ ਧਿਰ ਨੇ ਵੀ ਪੂਰੀ ਤਰ੍ਹਾਂ ਸੋਚ ਕੇ ਬਾਬੂ ਜਗਜੀਵਨ ਰਾਮ ਦੀ ਬੇਟੀ ਮੀਰਾ ਕੁਮਾਰ ਨੂੰ ਉਮੀਦਵਾਰ ਬਣਾਇਆ ਹੈ।

ਭਾਜਪਾ ਦੀ ਸਰਕਾਰ ਸਮੇਂ ਕਿਸੇ ਦਲਿਤ ਕੋਲ਼ ਦੇਸ਼ ਦਾ ਸਰਵਉੱਚ ਸੰਵਿਧਾਨਕ ਅਹੁਦਾ ਆ ਜਾਣਾ ਸਧਾਰਨ ਤੌਰ 'ਤੇ ਦੇਖਣ ਨਾਲ਼ ਅਚੰਭਾ ਲੱਗ ਸਕਦਾ ਹੈ ਪਰ ਅਸਲ ਵਿੱਚ ਇਹ ਅਚੰਭੇ ਵਾਲ਼ੀ ਗੱਲ ਨਹੀਂ। ਅਚੰਭੇ ਵਾਲ਼ੀ ਗੱਲ ਤਾਂ ਤਦ ਹੁੰਦੀ ਜੇਕਰ ਸ਼੍ਰੀ ਰਾਮਨਾਥ ਜਾਂ ਅਜਿਹੇ ਕਿਸੇ ਹੋਰ ਦਲਿਤ ਨੂੰ ਕਿਸੇ ਵੀ ਸੂਬੇ ਦਾ ਮੁੱਖ ਮੰਤਰੀ ਲਗਾਇਆ ਗਿਆ ਹੁੰਦਾ। ਇੱਥੋਂ ਤੱਕ ਕਿ ਕੇਂਦਰ ਦੀ ਕੈਬਨਿਟ ਵਿੱਚ ਭਾਜਪਾ ਦੀ ਟਿਕਟ 'ਤੇ ਜਿੱਤਿਆ ਕੋਈ ਇੱਕ ਵੀ ਦਲਿਤ ਮੰਤਰੀ ਨਹੀਂ ਹੈ। ਪੰਜਾਬ ਵਿੱਚ ਦਲਿਤਾਂ ਦੀਆਂ ਜ਼ਿਆਦਾ ਵੋਟਾਂ ਦਾ ਲਾਹਾ ਲੈਣ ਵਾਸਤੇ ਪੰਜਾਬ ਦੇ ਵਿਜੇ ਸਾਂਪਲਾ ਨੂੰ ਰਾਜ ਮੰਤਰੀ ਜ਼ਰੂਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਰਾਮਵਿਲਾਸ ਪਾਸਵਾਨ ਨੂੰ ਮੰਤਰੀ ਬਣਾਉਣਾ ਉਸਦੀ ਪਾਰਟੀ ਨਾਲ਼ ਗਠਜੋੜ ਬਣਾਈ ਰੱਖਣ ਲਈ ਜ਼ਰੂਰੀ ਸੀ। ਹੋਰ ਕਿਸੇ ਦਲਿਤ ਨੂੰ ਕੈਬਨਿਟ ਦੇ ਨੇੜੇ ਨਹੀਂ ਖੰਘਣ ਦਿੱਤਾ ਗਿਆ। ਸਿੱਧੀ ਜਿਹੀ ਗੱਲ ਹੈ ਕਿ ਦਲਿਤਾਂ ਨੂੰ ਮਿਲਣ ਸਮੇਂ ਉਹਨਾਂ ਦੇ ਨਹਾ ਕੇ ਆਉਣ ਦਾ ਬੰਦੋਬਸਤ ਕਰਨ ਲਈ ਸਾਬਣ ਮੁਹੱਈਆ ਕਰਵਾਉਣ ਵਾਲ਼ੇ ਲੋਕ ਦਲਿਤਾਂ ਵਿੱਚੋਂ ਜਦੋਂ ਕਿਸੇ ਨੂੰ ਕਿਸੇ ਅਹੁਦੇ ਲਈ ਚੁਣਦੇ ਹਨ ਤਾਂ ਕੋਈ ਖ਼ਾਸ ਰਾਜ਼ ਦੀ ਗੱਲ ਹੁੰਦੀ ਹੈ।

ਦੇਖਿਆ ਜਾਵੇ ਤਾਂ ਰਾਸ਼ਟਰਪਤੀ ਕੋਲ਼ ਨਵੀਂ ਸਰਕਾਰ ਬਣਨ ਸਮੇਂ ਸਹੁੰ ਚੁਕਾਉਣ ਤੋਂ ਇਲਾਵਾ ਕੋਈ ਵੱਡੀ ਪਾਵਰ ਨਹੀਂ ਹੁੰਦੀ। ਕਿਸੇ ਨੂੰ ਬਹੁਮਤ ਨਾ ਮਿਲਣ ਦੀ ਸੂਰਤ ਵਿੱਚ ਕਿਸੇ ਪਾਰਟੀ ਜਾਂ ਗਠਜੋੜ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਣ ਦਾ ਅਧਿਕਾਰ ਜ਼ਰੂਰ ਉਸ ਕੋਲ਼ ਹੈ। ਪਰ ਇਹ ਸਥਿਤੀ ਉਦੋਂ ਹੀ ਆਉਂਦੀ ਜਦੋਂ ਸਾਰੀਆਂ ਹੀ ਪਾਰਟੀਆਂ ਜਾਂ ਗਠਜੋੜ ਨਿਰਧਾਰਤ 272 ਦਾ ਅੰਕੜਾ ਨਾ ਛੂਹ ਸਕਣ। ਆਪਣੀ ਮਰਜ਼ੀ ਨਾਲ਼ ਦੇਸ਼ ਵਿੱਚ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਕੇ ਸਾਰੇ ਅਧਿਕਾਰ ਹਥਿਆ ਕੇ ਸ਼ਾਸਨ ਖ਼ੁਦ ਚਲਾਉਣ ਦਾ ਅਧਿਕਾਰ ਵੀ ਉਸ ਕੋਲ਼ੋਂ ਖੁੱਸ ਚੁੱਕਾ ਹੈ। ਕਿਸੇ ਬਿੱਲ ਨੂੰ ਕਾਨੂੰਨ ਬਣਨ ਤੋਂ ਰੋਕਣ ਲਈ ਵੱਧ ਤੋਂ ਵੱਧ ਰਾਸ਼ਟਰਪਤੀ ਦੁਬਾਰਾ ਵਿਚਾਰ ਕਰਨ ਲਈ ਭੇਜ ਸਕਦਾ ਹੈ। ਇਸ ਤੋਂ ਬਾਅਦ ਦੁਬਾਰਾ ਉਸੇ ਬਿੱਲ ਨੂੰ ਪੇਸ਼ ਕੀਤੇ ਜਾਣ ਸਮੇਂ ਚੁੱਪ ਕਰਕੇ ਹਸਤਾਖਰ ਕਰਕੇ ਇਸ ਨੂੰ ਪਾਸ ਕਰ ਦੇਣ ਤੋਂ ਬਿਨਾਂ ਹੋਰ ਕੁੱਝ ਉਹ ਕਰ ਨਹੀਂ ਸਕਦਾ। ਅੱਜ ਦੇ ਹਾਲਾਤਾਂ ਨੂੰ ਦੇਖਦਿਆਂ ਸੂਝਵਾਨ ਲੋਕ ਚਿੰਤਾ ਕਰਨ ਲੱਗੇ ਹਨ ਕਿ 1984 ਵਿੱਚ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਅਤੇ ਦਿੱਲੀ ਸਿੱਖ ਕਤਲੇਆਮ ਸਮੇਂ ਦੇਸ਼ ਦਾ ਰਾਸ਼ਟਰਪਤੀ ਸਿੱਖ ਚਿਹਰਾ ਸੀ। ਇਸੇ ਤਰ੍ਹਾਂ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ ਕਰਨ ਪਿੱਛੋਂ ਮੁਸਲਿਮ ਨਸਲਕੁਸ਼ੀ 'ਤੇ ਪਰਦਾ ਪਾਉਣ ਲਈ ਰਾਸ਼ਟਰਪਤੀ ਇੱਕ ਅਜਿਹਾ ਮੁਸਲਮਾਨ ਬਣਾ ਦਿੱਤਾ ਗਿਆ ਸੀ ਜੋ ਇੱਕ ਵੱਡਾ ਵਿਗਿਆਨੀ ਵੀ ਸੀ। ਆਪਣੇ ਲੋਕਾਂ ਜਾਂ ਧਾਰਮਿਕ ਸਥਾਨਾਂ ਨੂੰ ਬਚਾਉਣ ਜਾਂ ਨਿਆਂ ਦਿਵਾਉਣ ਲਈ ਰਾਸ਼ਟਰਪਤੀ ਭਵਨ ਵਿੱਚ ਬੈਠੇ ਇਹ ਵਿਅਕਤੀ ਵੀ ਕੁੱਝ ਨਹੀਂ ਕਰ ਸਕੇ। 84 ਵਿੱਚ ਸਿੱਖਾਂ ਦੇ ਕਤਲੇਆਮ ਸਮੇਂ ਸਿੱਖ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਤਾਂ ਇੱਕ ਤਰ੍ਹਾਂ ਨਾਲ਼ ਕੈਦ ਕਰਕੇ ਰੱਖਿਆ ਹੋਇਆ ਸੀ। ਇਸ ਗੱਲ ਦਾ ਖੁਲਾਸਾ ਗਿਆਨੀ ਜੈਲ ਸਿੰਘ ਨੇ ਸਪੋਕਸਮੈਨ ਦੇ ਸੰਪਾਦਕ ਜੋਗਿੰਦਰ ਸਿੰਘ ਨਾਲ਼ ਗੱਲਬਾਤ ਦੌਰਾਨ ਕੀਤਾ ਸੀ। ਕੇ.ਆਰ. ਨਰਾਇਣਨ ਦੇ ਰਾਸ਼ਟਰਪਤੀ ਹੁੰਦਿਆਂ ਵਾਜਪਾਈ ਸਰਕਾਰ ਨੇ ਸੰਵਿਧਾਨ ਬਦਲਣ ਦੀ ਮਨਸ਼ਾ ਨਾਲ਼ ਇਸ ਦੀ ਸਮੀਖਿਆ ਲਈ ਜਸਟਿਸ ਵੈਂਕਟਚਲੱਈਆ ਦੀ ਅਗਵਾਈ ਹੇਠ ਇੱਕ ਕਮਿਸ਼ਨ ਬਿਠਾ ਦਿੱਤਾ ਸੀ। ਕੇ.ਆਰ. ਨਰਾਇਣਨ ਨੇ ਦਖਲ ਦੇ ਕੇ ਇਸ ਨੂੰ ਇਸ ਲਈ ਰੁਕਵਾ ਦਿੱਤਾ ਸੀ ਕਿਉਂਕਿ ਉਸ ਸਮੇਂ ਵਾਜਪਾਈ ਸਰਕਾਰ ਬਹੁਮਤ ਵਿੱਚ ਨਹੀਂ ਸੀ। ਕਈ ਪਾਰਟੀਆਂ ਨੇ ਮਿਲ ਕੇ ਸਰਕਾਰ ਬਣਾਈ ਸੀ। ਇਸ ਲਈ ਵਾਜਪਾਈ ਚੁੱਪ ਕਰ ਗਏ ਸਨ। ਜੇਕਰ ਉਹ ਜਿੱਦ ਕਰਦੇ ਤਾਂ ਉਸਦੀ ਸਰਕਾਰ ਵਿੱਚ ਭਾਈਵਾਲ ਪਾਰਟੀਆਂ ਵਿੱਚੋਂ ਹੀ ਕੁੱਝ ਦਲਾਂ ਦੁਆਰਾ ਬਾਗ਼ੀ ਹੋ ਜਾਣ ਦਾ ਖ਼ਤਰਾ ਸੀ। ਸੋ ਸਰਕਾਰ ਨੂੰ ਕੁੱਝ ਸਮੇਂ ਹੀ ਚੁੱਪ ਕਰਨਾ ਪਿਆ। ਅੱਜ ਕੇਂਦਰ ਦੀ ਸਰਕਾਰ ਪੂਰਨ ਬਹੁਮਤ ਵਿੱਚ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪਾਰਟੀ ਅੰਦਰੋਂ ਵੀ ਕੋਈ ਖਤਰਾ ਨਹੀਂ। ਇੱਕ ਤਰ੍ਹਾਂ ਨਾਲ਼ ਉਹਨਾਂ ਦੀ ਤਾਨਾਸ਼ਾਹੀ ਚੱਲ ਰਹੀ ਹੈ। ਇਸ ਲਈ ਮੋਦੀ ਦਾ ਚੁੱਪ ਕਰ ਜਾਣਾ ਕਿਸੇ ਵੀ ਹੀਲੇ ਸੰਭਵ ਨਹੀਂ। ਫਿਰ ਵੀ ਸਰਕਾਰ ਅਜਿਹਾ ਕੋਈ ਰਿਸਕ ਨਹੀਂ ਲੈ ਸਕਦੀ ਕਿ ਕੋਈ ਅਜਿਹਾ ਵਿਅਕਤੀ ਇਸ ਅਹੁਦੇ 'ਤੇ ਬਿਰਾਜਮਾਨ ਹੋ ਜਾਵੇ ਜਿਹੜਾ ਕਿਸੇ ਬਿੱਲ ਨੂੰ ਦੁਬਾਰਾ ਵਿਚਾਰ ਲੈਣ ਦੀ ਸਲਾਹ ਦੇਵੇ। ਇਸ ਲਈ ਸਰਕਾਰ ਨੂੰ ਕੋਈ ਅਜਿਹਾ ਵਿਅਕਤੀ ਚਾਹੀਦਾ ਹੈ ਜਿਹੜਾ ਬਿਨਾਂ ਕੋਈ ਚੂੰ-ਚਾਂ ਕਰਿਆਂ ਫੌਰਨ ਸਰਕਾਰ ਦੀ ਹਾਂ ਵਿੱਚ ਹਾਂ ਮਿਲਾ ਦੇਵੇ ਅਤੇ ਸਰਕਾਰ ਦੀ ਸ਼ਹਿ ਨਾਲ਼ ਕਿਸੇ ਵੀ ਕਾਰਵਾਈ ਸਮੇਂ ਘੇਸਲ਼ ਵੱਟ ਲਵੇ। ਭਾਜਪਾ ਦਾ ਉਮੀਦਵਾਰ ਰਾਮਨਾਥ ਉਮੀਦਵਾਰੀ ਤੈਅ ਹੋਣ ਸਮੇਂ ਵੀ ਬਿਹਾਰ ਦਾ ਰਾਜਪਾਲ ਸੀ। ਭਾਜਪਾ ਵੱਲੋਂ ਉਸਨੂੰ ਸੰਨ 1994 ਤੇ 2000 ਵਿੱਚ ਦੋ ਵਾਰ ਰਾਜ ਸਭਾ ਵਿੱਚ ਭੇਜਿਆ ਜਾ ਚੁੱਕਿਆ ਹੈ। ਇਹ ਯਾਦ ਰੱਖਣ ਵਾਲ਼ੀ ਗੱਲ ਹੈ ਕਿ ਰਾਜ ਸਭਾ ਵਿੱਚ ਦਲਿਤਾਂ ਲਈ ਕੋਈ ਰਿਜਰਵੇਸ਼ਨ ਨਹੀਂ ਹੈ। ਇਸ ਲਈ ਸਾਰੀਆਂ ਹੀ ਪਾਰਟੀਆਂ ਰਾਜ ਸਭਾ ਵਿੱਚ ਭੇਜਣ ਸਮੇਂ ਦਲਿਤ ਵਰਗ ਦੇ ਨੇਤਾਵਾਂ ਨੂੰ ਹਮੇਸ਼ਾ ਨਜ਼ਰਅੰਦਾਜ਼ ਕਰਦੀਆਂ ਹਨ। ਫਿਰ ਵੀ ਰਾਮਨਾਥ ਨੂੰ ਇੱਕ ਕੱਟੜ ਹਿੰਦੂਵਾਦੀ ਪਾਰਟੀ ਵੱਲੋਂ ਲਗਾਤਾਰ ਦੋ ਵਾਰ ਰਾਜ ਸਭਾ ਵਿੱਚ ਭੇਜੇ ਜਾਣ ਦਾ ਇੱਕ ਹੀ ਕਾਰਨ ਹੈ ਕਿ ਰਾਮਨਾਥ ਭਾਵੇਂ ਦਲਿਤ ਹੈ ਪਰ ਉਹ ਸੰਘੀ ਵੀ ਹੈ। ਖਾਕੀ ਨਿੱਕਰ ਪਾ ਕੇ ਸੰਘ ਦੀਆਂ ਸ਼ਾਖਾਵਾਂ ਵਿੱਚ ਜਾਂਦਾ ਹੈ। ਆਪਣੀ ਪਾਰਟੀ ਦੇ ਏਜੰਡੇ ਅਨੁਸਾਰ ਉਹ ਹਿੰਦੂ ਰਾਸ਼ਟਰ ਲਈ ਵਚਨਬੱਧ ਹੈ। ਕੋਲੀ-ਸ਼ਾਕਿਆ (ਜੁਲਾਹਾ) ਜਾਤੀ ਦਾ ਹੈ ਜੋ ਖੁਦ ਨੂੰ ਦੂਸਰੇ ਦਲਿਤਾਂ ਤੋਂ ਉੱਚਾ ਮੰਨਦੇ ਹਨ। ਇਹਨੀਂ ਦਿਨੀਂ ਦੇਸ਼ ਵਿੱਚ ਦਲਿਤਾਂ ਨਾਲ਼ ਇੰਨੀਆਂ ਮਾੜੀਆਂ ਘਟਨਾਵਾਂ ਲਗਾਤਾਰ ਵਾਪਰੀਆਂ ਹਨ ਪਰ ਰਾਮਨਾਥ ਸਾਹਿਬ ਪਤਾ ਨਹੀਂ ਕਿੱਥੇ ਸੁੱਤੇ ਰਹੇ। ਜੇਕਰ ਰਾਮਨਾਥ ਕੋਵਿੰਦ ਦੇ ਰਾਸ਼ਟਰਪਤੀ ਬਣਨ 'ਤੇ ਕੋਈ ਅਜਿਹਾ ਬਿੱਲ ਆਉਂਦਾ ਜਿਸ ਨਾਲ਼ ਦਲਿਤਾਂ ਦੇ ਅਧਿਕਾਰ ਖੁੱਸਦੇ ਹੋਣ ਤਾਂ ਵੀ ਉਹ ਬਿੱਲ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਪਾਸ ਹੀ ਹੋਵੇਗਾ।

ਇਸ ਦੇ ਨਾਲ਼ ਹੀ ਇੱਕ ਦਲਿਤ ਦੇ ਰਾਸ਼ਟਰਪਤੀ ਬਣ ਜਾਣ 'ਤੇ ਗੁਜਰਾਤ ਦਾ ਊਨਾ ਕਾਂਡ, ਉੱਤਰ ਪ੍ਰਦੇਸ਼ ਦਾ ਸ਼ੱਬੀਰਪੁਰ ਕਾਂਡ ਅਤੇ ਆਂਧਰਾ ਪ੍ਰਦੇਸ਼ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਤੇ ਰਾਜਸਥਾਨ ਦੀ ਡੈਲਟਾ ਮੇਘਵਾਲ ਦੀ ਮੌਤ ਵਰਗੇ ਮਾਮਲਿਆਂ ਦਾ ਠੰਢਾ ਪੈ ਜਾਣਾ ਸੁਭਾਵਕ ਹੈ। ਸਰਕਾਰ ਪ੍ਰਤੀ ਦਲਿਤਾਂ ਦਾ ਗੁੱਸਾ ਆਪਣੇ ਵਰਗ 'ਚੋਂ ਇੱਕ ਵਿਅਕਤੀ ਦੇ ਰਾਸ਼ਟਰਪਤੀ ਬਣਨ ਨਾਲ਼ ਥੋੜ੍ਹਾ ਖੁਸ਼ੀ ਵਿੱਚ ਬਦਲਣ ਦੀ ਸੰਭਾਵਨਾ ਹੈ। ਰਾਸ਼ਟਰਪਤੀ ਬਣ ਜਾਣ ਦੀ ਖੁਸ਼ੀ ਵਿੱਚ ਦਲਿਤ ਵਰਗ ਰਾਮ ਮੰਦਰ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਏਗਾ। ਇਸ ਤੋਂ ਇਲਾਵਾ ਦਲਿਤ ਵਰਗ ਦੀ ਖੁਸ਼ੀ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਵਰਤੇ ਜਾਣ ਦੀ ਸੰਭਾਵਨਾ ਹੈ। ਇਸ ਪਿੱਛੋਂ ਜਦੋਂ ਵੀ ਸੰਵਿਧਾਨ ਬਦਲੇ ਜਾਂ ਸੋਧੇ ਜਾਣ ਦੀ ਕਵਾਇਦ ਸ਼ੁਰੂ ਹੋਵੇਗੀ ਤਾਂ ਉਸ ਪ੍ਰਕਿਰਿਆ ਵਿੱਚ ਭਾਵੇਂ ਆਰ.ਐਸ.ਐਸ. ਦੀ ਸੋਚ ਦਾ ਭਰਵਾਂ ਯੋਗਦਾਨ ਹੋਵੇਗਾ, ਪਰ ਸਾਰਾ ਦੋਸ਼ ਦਲਿਤ ਰਾਸ਼ਟਰਪਤੀ ਦੇ ਮੱਥੇ 'ਤੇ ਮੜ੍ਹਿਆ ਜਾਵੇਗਾ। ਇਹ ਸਾਰੀ ਪ੍ਰਕਿਰਿਆ ਇੱਕ ਕਹਾਣੀ ਨਾਲ਼ ਮਿਲਦੀ ਹੈ ਜਿਸ ਵਿੱਚ ਇੱਕ ਸ਼ਿਕਾਰੀ ਜੰਗਲ ਵਿੱਚੋਂ ਤਿੱਤਰ ਦੇ ਬੱਚੇ ਫੜ ਲਿਆਉਂਦਾ। ਵਧੀਆ ਖੁਰਾਕ ਨਾਲ਼ ਉਹ ਮੋਟੇ ਤਾਜ਼ੇ ਹੋ ਜਾਂਦੇ ਹਨ। ਫਿਰ ਇੱਕ ਦਿਨ ਉਹ ਇਹਨਾਂ ਤਿੱਤਰਾਂ ਨੂੰ ਲੈ ਕੇ ਜੰਗਲ ਵਿੱਚ ਜਾਂਦਾ ਹੈ ਤਾਂ ਉਹਨਾਂ ਦੀ ਬੋਲੀ ਸੁਣਕੇ ਜੰਗਲੀ ਤਿੱਤਰ ਉਹਨਾਂ ਸੋਹਣੇ ਸੁਨੱਖੇ ਤੇ ਹੱਟੇ-ਕੱਟੇ ਤਿੱਤਰਾਂ ਕੋਲ਼ ਆਉਂਦੇ ਹਨ ਅਤੇ ਛੁਪਾ ਕੇ ਰੱਖੇ ਸ਼ਿਕਾਰੀ ਦੇ ਜਾਲ਼ ਵਿੱਚ ਫਸ ਜਾਂਦੇ ਹਨ। ਸ਼ਿਕਾਰੀ ਆਪਣਾ ਜਾਲ਼ ਇਕੱਠਾ ਕਰਦਾ ਹੈ ਤੇ ਸਭ ਤਿੱਤਰਾਂ ਨੂੰ ਆਪਣੇ ਕਾਬੂ ਵਿੱਚ ਕਰ ਲੈਂਦਾ ਹੈ।

ਸਿਆਣੇ ਤੇ ਜਾਗਰੂਕ ਲੋਕ ਸਮਝ ਰਹੇ ਹਨ ਕਿ ਚਾਪਲੂਸੀ ਕਰਕੇ ਗੱਦੀਆਂ ਤੱਕ ਪਹੁੰਚਣ ਵਾਲ਼ੇ ਅਨੇਕਾਂ ਹੀ ਮਨੂੰਵਾਦ ਦੀਆਂ ਵਿਰੋਧੀ ਧਿਰਾਂ ਵਿੱਚ ਪੈਦਾ ਹੋਏ ਲੋਕ ਹਨ ਜਿਹੜੇ ਸ਼ਿਕਾਰੀ ਦੇ ਪਾਲਤੂ ਤਿੱਤਰਾਂ ਵਾਂਗ ਆਪਣੇ ਭਰਾਵਾਂ ਨੂੰ ਮਰਵਾਉਣ ਵਿੱਚ ਸਹਾਈ ਹੁੰਦੇ ਹਨ। ਰਾਮਵਿਲਾਸ ਪਾਸਵਾਨ ਤੇ ਰਾਮਦਾਸ ਅਠਾਵਲੇ ਵਰਗੇ ਵੱਡੇ ਅਖਵਾਉਣ ਵਾਲ਼ੇ ਨੇਤਾਵਾਂ ਨੂੰ ਉਹਨਾਂ ਨੇ ਬ੍ਰਾਹਮਣ ਔਰਤਾਂ ਦੇ ਕੇ ਪਹਿਲਾਂ ਹੀ ਕਾਬੂ ਕਰ ਰੱਖਿਆ ਹੈ। ਫਿਰ ਵੀ ਲੋਕਾਂ ਨੂੰ ਕੁੱਝ ਕੁ ਧਰਵਾਸ ਤਾਂ ਹੈ ਹੀ ਕਿ ਸੱਤਾ ਪੱਖ ਤੇ ਵਿਰੋਧੀ ਧਿਰ ਦੋਵੇਂ ਪਾਸੇ ਹੀ ਦਲਿਤ ਭਾਰੂ ਹਨ। ਕਦੇ ਇਸ ਤਰ੍ਹਾਂ ਦੇ ਹਾਲਾਤ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਵੀ ਬਣ ਸਕਦੇ ਹਨ।

ਭਾਜਪਾ ਦਾ ਰਾਸ਼ਟਰਪਤੀ ਤਾਂ ਚੁਣਿਆ ਜਾਣਾ ਸੰਭਵ ਹੈ ਕਿਉਂਕਿ ਉਹਨਾਂ ਕੋਲ਼ ਬਹੁਮਤ ਹੈ। ਪਰ ਹਾਲ ਦੀ ਘੜੀ ਸੋਚਣ ਤੇ ਸਮਝਣ ਵਾਲ਼ੀ ਗੱਲ ਇਹ ਹੈ ਕਿ ਦਲਿਤ ਐਵੇਂ ਹੀ ਫੁੱਲੇ ਨਾ ਰਹਿਣ ਕਿ ਉਹਨਾਂ ਦਾ ਰਾਸ਼ਟਰਪਤੀ ਬਣ ਰਿਹਾ ਹੈ। ਖ਼ਾਸ ਕਰਕੇ ਅੰਬੇਡਕਰੀਆਂ ਲਈ ਇਹ ਸੋਚਣਾ ਬਣਦਾ ਹੈ ਕਿ ਅਗਲੇ ਸਮਿਆਂ ਵਿੱਚ ਕੀ ਕੁੱਝ ਵਾਪਰਨ ਦੀਆਂ ਸੰਭਾਵਨਾਵਾਂ ਹਨ ਅਤੇ ਉਹਨਾਂ ਦਾ ਤੋੜ ਕੀ ਹੋ ਸਕਦਾ ਹੈ? ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਹੁਤ ਸਮਾਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਸਿੱਖਾਂ ਅਤੇ ਮੁਸਲਮਾਨਾਂ ਦੀ ਪੂਰੀ ਤਰ੍ਹਾਂ ਕਮਰ ਤੋੜ ਦੇਣ ਤੋਂ ਪਿੱਛੋਂ ਦਲਿਤਾਂ ਦੀ ਵਾਰੀ ਆਉਣੀ ਹੈ। ਉਹਨਾਂ ਦੀ ਗੱਲ ਅੱਜ ਸੱਚ ਸਾਬਤ ਹੋ ਰਹੀ ਹੈ।

ਇਸ ਦਾ ਇੱਕ ਹੀ ਹੱਲ ਹੈ ਕਿ ਬਹੁਜਨ ਸਮਾਜ ਨੂੰ ਜਾਗਰੂਕ ਕੀਤਾ ਜਾਵੇ ਅਤੇ ਮਨੂੰਵਾਦ ਦੇ ਖ਼ਿਲਾਫ਼ ਲੜਨ ਲਈ ਤਿਆਰ ਕੀਤਾ ਜਾਵੇ।

# ਸਿੱਖਿਅਤ ਅਤੇ ਜਾਗ੍ਰਿਤ ਲੋਕਾਂ ਵਿੱਚ ਫ਼ਰਕ

- ਦਰਸ਼ਨ ਸਿੰਘ ਬਾਜਵਾ

ਪੜ੍ਹਿਆ-ਲਿਖਿਆ ਵਰਗ ਹੋਣਾ ਕਿਸੇ ਵੀ ਦੇਸ਼ ਲਈ ਫਖ਼ਰ ਦੀ ਗੱਲ ਹੈ। ਜਿੱਥੇ ਬਹੁਤੀ ਅਨਪੜ੍ਹਤਾ ਹੋਵੇਗੀ ਉਸ ਦੇਸ਼ ਦਾ ਵਿਕਾਸ ਬਹੁਤਾ ਨਹੀਂ ਹੋ ਸਕਦਾ। ਇਸ ਲਈ ਸਾਰੇ ਮਹਾਂਪੁਰਸ਼ਾਂ ਨੇ ਪੜ੍ਹਨ-ਲਿਖਣ 'ਤੇ ਬਹੁਤ ਜ਼ੋਰ ਦਿੱਤਾ ਹੈ। ਬਾਬਾ ਸਾਹਿਬ ਨੇ ਜਦੋਂ ਲਾਰਡ ਲਿਨਲਿਥਗੋ ਨਾਲ਼ ਅਛੂਤ ਵਿਦਿਆਰਥੀਆਂ ਦੀ ਪੜ੍ਹਾਈ ਬਾਰੇ ਗੱਲ ਕੀਤੀ ਤਾਂ ਇਹ ਕਿਹਾ ਸੀ ਕਿ ਮੈਂ 500 ਪੜ੍ਹੇ-ਲਿਖਿਆਂ ਦੇ ਬਰਾਬਰ ਹਾਂ। ਜੇਕਰ ਮੇਰੇ ਸਮਾਜ ਦੇ ਕੁੱਝ ਵਿਅਕਤੀ ਹੋਰ ਪੜ੍ਹ ਜਾਣ ਤਾਂ ਕਾਫ਼ੀ ਕੁੱਝ ਕੀਤਾ ਜਾ ਸਕਦਾ ਹੈ। ਉਹਨਾਂ ਦੀ ਗੱਲ ਮੰਨ ਕੇ ਅੰਗਰੇਜ਼ ਸਰਕਾਰ ਨੇ ਅਛੂਤ ਵਿਦਿਆਰਥੀਆਂ ਨੂੰ ਪੜ੍ਹਨ ਲਈ ਵਿਦੇਸ਼ ਭੇਜਿਆ। ਇਹ ਜੋ ਵਿਅਕਤੀ ਬਾਬਾ ਸਾਹਿਬ ਦੀ ਕ੍ਰਿਪਾ ਸਦਕਾ ਵਿਦੇਸ਼ਾਂ ਵਿੱਚ ਪੜ੍ਹ ਕੇ ਆਏ ਇਹਨਾਂ ਵਿੱਚੋਂ ਬਹੁਤਿਆਂ ਨੇ ਸਮਾਜ ਦਾ ਡੱਕਾ ਦੂਹਰਾ ਨਹੀਂ ਕੀਤਾ। ਆਖਰ ਬਾਬਾ ਸਾਹਿਬ ਨੂੰ ਕਹਿਣਾ ਪਿਆ ਕਿ ਮੈਨੂੰ ਮੇਰੇ ਪੜ੍ਹੇ-ਲਿਖੇ ਸਮਾਜ ਨੇ ਧੋਖਾ ਦਿੱਤਾ ਹੈ। ਇਹ ਵਿਅਕਤੀ ਜੋ ਅੰਗਰੇਜ਼ ਸਰਕਾਰ ਦੀ ਮਿਹਰਬਾਨੀ ਸਦਕਾ ਜਾਂ ਬਾਬਾ ਸਾਹਿਬ ਦੀ ਸੋਚ ਸਦਕਾ ਪੜ੍ਹ ਲਿਖ ਗਏ ਇਹ ਸਮਾਜ ਦੇ ਇਸ ਲਈ ਕੰਮ ਨਹੀਂ ਆ ਸਕੇ ਕਿਉਂਕਿ ਇਹ ਆਪਣੀ ਪਰਿਵਾਰਕ ਤਰੱਕੀ ਤੱਕ ਹੀ ਸੀਮਤ ਸਨ। ਵੱਧ ਤੋਂ ਵੱਧ ਕਮਾਈ ਕਰਕੇ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨਾ ਇਹਨਾਂ ਦੇ ਏਜੰਡੇ ਵਿੱਚ ਸ਼ਾਮਲ ਰਿਹਾ। ਸਮਾਜਿਕ ਪ੍ਰਵਰਤਨ ਬਾਰੇ ਇਹਨਾਂ ਨੇ ਕਦੇ ਵੀ ਨਹੀਂ ਸੋਚਿਆ ਸੀ। ਇਹ ਲੋਕ ਸਮਾਜਿਕ ਤੌਰ 'ਤੇ ਜਾਗ੍ਰਿਤ ਨਹੀਂ ਸਨ ਇਸ ਲਈ ਇਹਨਾਂ ਨੂੰ ਬਾਬਾ ਸਾਹਿਬ ਦੀ ਮੂਵਮੈਂਟ ਜਾਂ ਉਹਨਾਂ ਦੇ ਸਮਾਜਿਕ ਪ੍ਰਵਰਤਨ ਦੀ ਲਹਿਰ ਨਾਲ਼ ਕੋਈ ਲੈਣਾ-ਦੇਣਾ ਨਹੀਂ ਸੀ। ਕਿਸੇ ਵਿਅਕਤੀ ਦਾ ਕਿਤਾਬਾਂ ਨੂੰ ਪੜ੍ਹ ਲੈਣਾ ਜਾਂ ਡਿਗਰੀਆਂ ਲੈ ਲੈਣਾ ਹੋਰ ਗੱਲ ਹੈ ਅਤੇ ਕਿਸੇ ਦਾ ਜਾਗ੍ਰਿਤ ਹੋਣਾ ਹੋਰ ਗੱਲ ਹੈ। ਹਰ ਸਿੱਖਿਅਤ ਵਿਅਕਤੀ ਜਾਗ੍ਰਿਤ ਹੋਵੇਗਾ ਇਹ ਜ਼ਰੂਰੀ ਨਹੀਂ ਹੈ। ਸਿਆਣੇ ਲੋਕਾਂ ਅਨੁਸਾਰ ਜਾਗ੍ਰਿਤੀ ਦਾ ਪਹਿਲਾ ਸਿਧਾਂਤ ਹੈ ਆਪਣੇ ਦੋਸਤ ਦੀ ਪਛਾਣ ਹੋਣਾ। ਦੂਸਰਾ ਸਿਧਾਂਤ ਹੈ ਆਪਣੇ ਦੁਸ਼ਮਣ ਦੀ ਪਛਾਣ ਹੋਣਾ। ਤੀਸਰਾ ਸਿਧਾਂਤ ਹੈ ਆਪਣੀ ਤਾਕਤ ਅਤੇ ਕਮਜ਼ੋਰੀ ਦਾ ਪਤਾ ਹੋਣਾ। ਚੌਥਾ ਸਿਧਾਂਤ ਹੈ ਆਪਣੇ ਦੁਸ਼ਮਣ ਦੀ ਤਾਕਤ ਤੇ ਕਮਜ਼ੋਰੀ ਦਾ ਪਤਾ ਹੋਣਾ। ਪੰਜਵਾਂ ਸਿਧਾਂਤ ਹੈ ਆਪਣੇ ਮਹਾਂਪੁਰਸ਼ਾਂ ਦਾ ਇਤਿਹਾਸ ਪਤਾ ਹੋਣਾ।

ਅੱਜ ਦਲਿਤ-ਪਛੜੇ ਸਮਾਜ ਦੇ ਪੜ੍ਹੇ-ਲਿਖੇ ਲੋਕ ਕਾਫ਼ੀ ਮਿਲਣਗੇ। ਇਹਨਾਂ 'ਚੋਂ ਵੱਡੇ ਅਹੁਦਿਆਂ 'ਤੇ ਪਹੁੰਚੇ ਕਈ ਵਿਅਕਤੀ ਵੀ ਮਿਲਣਗੇ। ਪਰ ਇੱਕ ਗੱਲ ਖ਼ਾਸ ਦੇਖਣ ਵਾਲ਼ੀ ਇਹ ਹੈ ਕਿ ਬਹੁਜਨ ਸਮਾਜ ਨਾਲ਼ ਸੰਬੰਧਤ ਵੱਡੇ ਅਫ਼ਸਰਾਂ ਦੀਆਂ ਕੋਠੀਆਂ ਵਿੱਚ ਹਿੰਦੂ ਦੇਵੀ-ਦੇਵਤਿਆਂ ਦੇ ਮੰਦਰ ਬਣਾਏ ਹੋਏ ਵੀ ਮਿਲਣਗੇ। ਬਹੁਤੇ ਆਪਣੇ ਦਿਨ ਦੀ ਸ਼ੁਰੂਆਤ ਭਗਵਾਨ ਦੇ ਭਜਨ ਗਾ ਕੇ ਅਤੇ ਟੱਲੀਆਂ ਵਜਾ ਕੇ ਕਰਦੇ ਹਨ। ਕੁੱਝ ਕੁ ਦੇ ਗੁੱਟਾਂ 'ਤੇ ਬ੍ਰਾਹਮਣ ਦੀ ਗੁਲਾਮੀ ਦੀ ਨਿਸ਼ਾਨੀ ਵਜੋਂ ਬੰਨ੍ਹਿਆਂ ਲਾਲ ਧਾਗਾ ਵੀ ਦਿਖਾਈ ਦੇ ਜਾਵੇਗਾ। ਕੁੱਝ ਨੇ ਮੂੰਗਿਆਂ ਦੇ ਨਗਾਂ ਵਾਲ਼ੇ ਮੁੰਦੀਆਂ-ਛੱਲੇ ਪਹਿਨੇ ਹੋਣਗੇ ਜੋ ਇਹ ਦਰਸਾਉਂਦੇ ਹਨ ਕਿ ਇਹ ਕਿਸਮਤ ਵਿੱਚ ਯਕੀਨ ਰੱਖਣ ਵਾਲ਼ੇ ਲੋਕ ਹਨ। ਇਹਨਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਮੰਦਰ ਵਿੱਚ ਜਾ ਕੇ ਬ੍ਰਾਹਮਣ ਦੁਆਰਾ ਤਿਲਕ ਲਵਾ ਲੈਣ ਜਾਂ ਬ੍ਰਾਹਮਣ ਦੇ ਕਹੇ ਤੋਂ ਹੱਥ ਵਿੱਚ ਕਿਸੇ ਖ਼ਾਸ ਤਰ੍ਹਾਂ ਦੇ ਨਗ ਵਾਲ਼ੀ ਮੁੰਦਰੀ ਪਹਿਨ ਲੈਣ ਨਾਲ਼ ਕਿਸਮਤ ਬਦਲਦੀ ਹੈ। ਜਦੋਂ ਕਦੇ ਕੋਈ ਪ੍ਰਾਪਤੀ ਹੁੰਦੀ ਹੈ ਤਾਂ ਇਹਨਾਂ ਵੱਲੋਂ ਸਭ ਤੋਂ ਪਹਿਲਾਂ ਸ਼ੁਕਰਾਨਾ ਕਰਨ ਲਈ ਕਿਸੇ ਨਾ ਕਿਸੇ ਦੇਵੀ-ਦੇਵਤੇ ਦੇ ਮੰਦਰ ਵਿੱਚ ਹਾਜ਼ਰੀ ਭਰੀ ਜਾਂਦੀ ਹੈ। ਅਜਿਹੇ ਲੋਕਾਂ ਨੂੰ ਪੜ੍ਹੇ-ਲਿਖੇ ਤਾਂ ਕਿਹਾ ਜਾ ਸਕਦਾ ਹੈ ਪਰ ਜਾਗ੍ਰਿਤ ਨਹੀਂ ਕਿਹਾ ਜਾ ਸਕਦਾ।

ਸਵਰਨ ਜਾਤੀਆਂ ਦੇ ਗੁੱਟਾਂ 'ਤੇ ਜਾਂ ਉਂਗ਼ਲਾਂ ਵਿੱਚ ਵੀ ਇਹੋ ਜਿਹੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਲੋਕ ਜਾਗ੍ਰਿਤ ਨਹੀਂ ਹਨ। ਉਹ ਹਮੇਸ਼ਾ ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਵਾਚਦੇ ਹਨ। ਇਸ ਲਈ ਬਹੁਜਨ ਸਮਾਜ ਨੂੰ ਮੂਰਖ ਬਣਾਈ ਰੱਖਣਾ ਉਹਨਾਂ ਦੇ ਏਜੰਡੇ ਵਿੱਚ ਰਹਿੰਦਾ ਹੈ। ਘੁੱਦੂ ਲਾਣਾ ਤਾਂ ਸਾਡਾ ਹੈ ਜਿਹੜਾ ਬਿਨਾਂ ਸੋਚੇ-ਸਮਝੇ ਹੀ ਉਹਨਾਂ ਦੀ ਰੀਸ ਕਰ ਰਿਹਾ ਹੈ।

ਸਭ ਤੋਂ ਵੱਧ ਸਿਆਣਾ ਵਰਗ ਨਿਆਂਇਕ ਸਥਾਨਾਂ 'ਤੇ ਬੈਠਾ ਵਰਗ ਹੁੰਦਾ ਹੈ। ਇਹ ਵਰਗ ਹੀ ਕਾਨੂੰਨ ਨੂੰ ਲਾਗੂ ਕਰਵਾ ਕੇ ਸ਼ਾਂਤੀ ਬਣਾਈ ਰੱਖਣ ਵਾਲ਼ਾ ਹੁੰਦਾ ਹੈ। ਕਿਸੇ ਵੀ ਅਦਾਲਤ ਦੇ ਜੱਜ ਨੂੰ ਅਸੀਂ ਮੂਰਖ ਨਹੀਂ ਕਹਿ ਸਕਦੇ। ਬਹੁਤੇ ਜੱਜ ਬ੍ਰਾਹਮਣ ਹੁੰਦੇ ਹਨ ਕਿਉਂਕਿ ਜੱਦੀ-ਪੁਸ਼ਤੀ ਵਿਦਵਤਾ ਦਾ ਠੇਕਾ ਇਹਨਾਂ ਕੋਲ਼ ਹੁੰਦਾ ਹੈ। ਪਰ ਜੇ ਕੋਈ ਜੱਜ ਦੇ ਅਹੁਦੇ 'ਤੇ ਰਿਹਾ ਵਿਅਕਤੀ ਹੀ ਗੈਰ-ਵਿਗਿਆਨਕ ਗੱਲਾਂ ਕਰੇ ਤਾਂ ਸਾਨੂੰ ਹਾਸਾ ਆਵੇਗਾ ਅਤੇ ਅਸੀਂ ਉਸਨੂੰ ਮੂਰਖ ਦਾ ਖਿਤਾਬ ਦੇ ਦੇਵਾਂਗੇ। ਇਸੇ ਤਰ੍ਹਾਂ ਦਾ ਹੀ ਮਾਮਲਾ ਰਾਜਸਥਾਨ ਹਾਈਕੋਰਟ ਦੇ ਸੇਵਾ ਮੁਕਤ ਜੱਜ ਮਹੇਸ਼ ਚੰਦਰ ਸ਼ਰਮਾ ਦਾ ਹੈ। ਸ਼ਰਮਾ ਨੇ 2 ਜੂਨ ਨੂੰ ਰਾਸ਼ਟਰੀ ਪੰਛੀ ਮੋਰ ਬਾਰੇ ਕਿਹਾ ਸੀ ਕਿ ਮੋਰ ਬ੍ਰਹਮਚਾਰੀ ਹੁੰਦਾ ਹੈ ਅਤੇ ਉਹ ਮੋਰਨੀ ਨਾਲ਼ ਸਰੀਰਕ ਸੰਬੰਧ ਨਹੀਂ ਬਣਾਉਂਦਾ।ਮੋਰਨੀ ਉਸਦੇ ਹੰਝੂ ਪੀ ਕੇ ਹੀ ਗਰਭਵਤੀ ਹੋ ਜਾਂਦੀ ਹੈ।

ਇਸ ਤੋਂ ਅਗਲੇ ਦਿਨ ਇਸੇ ਜੱਜ ਨੇ ਕਿਹਾ ਕਿ ਪੁਰਾਣਿਕ ਕਥਾਵਾਂ ਵਿਗਿਆਨ ਤੋਂ ਉੱਪਰ ਹੁੰਦੀਆਂ ਹਨ। ਉਹਨਾਂ ਕਿਹਾ, 'ਤੁਸੀਂ ਕਿਸੇ ਵੀ ਵਿਗਿਆਨਕ ਜਾਂ ਪਸ਼ੂ ਪਾਲਣ ਨਾਲ਼ ਜੁੜੇ ਲੋਕਾਂ ਤੋਂ ਪੁੱਛ ਸਕਦੇ ਹੋ। ਸਭ ਤੋਂ ਮਹੱਤਵਪੂਰਣ ਗੱਲ ਹੈ ਕਿ ਮੋਰ ਦੇ ਬ੍ਰਹਮਚਾਰੀ ਹੋਣ ਦੀ ਗੱਲ ਸਾਡੀਆਂ ਪਵਿੱਤਰ ਕਿਤਾਬਾਂ ਵਿੱਚ ਵੀ ਲਿਖੀ ਹੈ'।

ਰਿਟਾਇਰਡ ਜੱਜ ਤੋਂ ਜਦੋਂ ਉਹਨਾਂ ਦੇ ਫੈਸਲੇ ਦੇ ਵਿਗਿਆਨਕ ਅਧਾਰ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਦੱਸਿਆ, 'ਇਹ ਬ੍ਰਹਮ ਪੁਰਾਣ ਵਿੱਚ ਲਿਖਿਆ ਹੈ ਜੋ ਕਿ ਹਜ਼ਾਰਾਂ ਸਾਲ ਪੁਰਾਣਾ ਹੈ'। ਕਿਸੇ ਪੱਤਰਕਾਰ ਨੇ ਜਦੋਂ ਉਸਨੂੰ ਕਿਹਾ ਕਿ ਪੁਰਾਣ ਤਾਂ ਪੁਰਾਣਿਕ ਕਥਾਵਾਂ ਦਾ ਹਿੱਸਾ ਹੈ ਅਤੇ ਇਹ ਵਿਗਿਆਨਕ ਪੱਤ੍ਰਕਾ ਨਹੀਂ ਹੈ ਤਾਂ ਜਸਟਿਸ ਸ਼ਰਮਾ ਨੇ ਜਵਾਬ ਦਿੱਤਾ, 'ਵਿਗਿਆਨ ਦਾ ਸਥਾਨ ਪੁਰਾਣਿਕ ਕਥਾਵਾਂ ਤੋਂ ਹੇਠਾਂ ਆਉਂਦਾ।'

ਉਹਨਾਂ ਨੇ ਆਪਣੇ 139 ਪੰਨਿਆਂ ਦੇ ਫੈਸਲੇ ਨੂੰ ਪੜ੍ਹਨ ਦੀ ਸਲਾਹ ਦਿੰਦੇ ਹੋਏ ਕਿਹਾ ਕਿ ਉਹਨਾਂ ਦੇ ਫੈਸਲੇ ਨੂੰ ਸੁਪਰੀਮ ਕੋਰਟ ਨੇ ਵੀ ਮੰਨਿਆ ਹੈ। ਉਹਨਾਂ ਨੇ ਗਾਂ ਨੂੰ ਰਾਸ਼ਟਰੀ ਪਸ਼ੂ ਬਣਾਉਣ ਦਾ ਸੁਝਾਅ ਵੀ ਦਿੱਤਾ ਹੈ। ਇਸ ਸੁਝਾਅ ਦੇ ਪਿੱਛੇ ਦੇ ਤਰਕ 'ਤੇ ਜਸਟਿਸ ਸ਼ਰਮਾ ਨੇ ਕਿਹਾ 'ਗਾਂ ਦੇ ਦੁੱਧ ਦੇ ਕਾਫੀ ਫਾਇਦੇ ਹਨ। ਜੇਕਰ ਸਾਨੂੰ ਦੁੱਧ ਨਹੀਂ ਮਿਲੇਗਾ ਤਾਂ ਅਸੀਂ ਕਿਵੇਂ ਜੀਵਾਂਗੇ? ਅਤੇ ਦੂਜੇ ਦੇਸ਼ ਸਾਡੇ ਦੁੱਧ, ਮਾਵਾ (ਖੋਆ) ਅਤੇ ਦੁੱਧ ਤੋਂ ਬਣੀਆਂ ਮਿਠਾਈਆਂ ਜਿਵੇਂ ਖੀਰ ਦੀ ਸੰਸਕ੍ਰਿਤੀ ਦੇ ਬਾਰੇ ਕੀ ਜਾਣਦੇ ਹਨ?'

ਉਹਨਾਂ ਕਿਹਾ ਕਿ ਗਾਂ ਦਾ ਦੁੱਧ ਮੰਦਰਾਂ ਵਿੱਚ ਅਭਿਸ਼ੇਕ ਦੇ ਕੰਮ ਵੀ ਆਉਂਦਾ। ਜਸਟਿਸ ਸ਼ਰਮਾ ਨੇ ਕਿਹਾ, 'ਹਜ਼ਾਰਾਂ ਲੀਟਰ ਦੁੱਧ ਕੇਵਲ ਦੇਵਤਿਆਂ ਦੀ ਪੂਜਾ ਵਿੱਚ ਜਾਂਦਾ ਹੈ। ਅਸੀਂ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕ ਨਹੀਂ ਸਕਦੇ। ਇਸ ਲਈ ਉਹਨਾਂ ਨੂੰ ਰੋਕਣ ਦੀ ਬਜਾਏ ਸਾਨੂੰ ਜ਼ਿਆਦਾ ਦੁੱਧ ਦਾ ਉਤਪਾਦਨ ਕਰਨਾ ਚਾਹੀਦਾ ਹੈ। ਅਸੀਂ ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਕਿਵੇਂ ਪਹੁੰਚਾ ਸਕਦੇ ਹਾਂ? ਅਤੇ ਅਭਿਸ਼ੇਕ ਕਿਉਂ ਨਹੀਂ ਹੋਣਾ ਚਾਹੀਦਾ?'

ਆਮ ਸ਼ਬਦਾਂ ਵਿੱਚ ਯਕੀਨਨ ਇਹ ਵਿਚਾਰ ਕਿਸੇ ਪੜ੍ਹੇ-ਲਿਖੇ ਦੇ ਨਹੀਂ ਹਨ। ਪਰ ਜਸਟਿਸ ਮਹੇਸ਼ ਚੰਦਰ ਸ਼ਰਮਾ ਪੜ੍ਹਿਆ-ਲਿਖਿਆ ਹੈ। ਉਸਦੀਆਂ ਤਰਕਹੀਣ ਗੱਲਾਂ ਨਾਲ਼ ਵੀ ਉਸਨੂੰ ਬੇਵਕੂਫ ਨਹੀਂ ਕਿਹਾ ਜਾ ਸਕਦਾ। ਉਹ ਚੇਤਨ ਮਨੁੱਖ ਹੈ। ਉਸ ਨੇ ਆਪਣੇ ਪੁਰਖਿਆਂ ਦਾ ਇਤਿਹਾਸ ਜਾਣਿਆ ਹੈ ਅਤੇ ਪੁਰਖਿਆਂ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਸ਼ਾਇਦ ਉਹ ਝੂਠ ਬੋਲਣ ਜਾਂ ਤਰਕਹੀਣ ਗੱਲਾਂ ਕਰਨ ਸਮੇਤ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਉਸ ਨੇ ਇਹੋ ਜਿਹੀਆਂ ਗੱਲਾਂ ਆਖ ਕੇ ਆਪਣਾ ਜਾਤੀ ਧਰਮ ਨਿਭਾਇਆ ਹੈ। ਜ਼ਿਆਦਾਤਰ ਬ੍ਰਾਹਮਣ ਆਪਣਾ ਜਾਤੀ ਧਰਮ ਹੀ ਨਿਭਾਉਂਦੇ ਹਨ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਕਲਕੱਤਾ ਹਾਈਕੋਰਟ ਵਿੱਚ ਪ੍ਰੀਵੀ ਕੌਂਸਲ ਹੋਇਆ ਕਰਦੀ ਸੀ। ਅੰਗਰੇਜ਼ਾਂ ਨੇ ਨਿਯਮ ਬਣਾਇਆ ਸੀ ਕਿ ਕੋਈ ਵੀ ਬ੍ਰਾਹਮਣਾਂ ਪ੍ਰੀਵੀ ਕੌਂਸਲ ਦਾ ਚੇਅਰਮੈਨ ਨਹੀਂ ਬਣ ਸਕਦਾ। ਅੰਗਰੇਜ਼ਾਂ ਨੇ ਲਿਖਿਆ ਹੈ ਕਿ "BRAHMINS DON'T HAVE A JUDICIAL CHARACTER" ਭਾਵ ਬ੍ਰਾਹਮਣਾਂ ਕੋਲ਼ ਨਿਆਂਇਕ ਚਰਿੱਤਰ ਨਹੀਂ ਹੁੰਦਾ। ਇਸ ਦਾ ਮਤਲਬ ਹੈ ਨਿਰਪੱਖਤਾ ਦਾ ਭਾਵ ਹੋਣਾ। ਮਤਲਬ ਨਿਰਪੱਖ ਰਹਿਕੇ ਜਦੋਂ ਇੱਕ ਨਿਆਂ ਕਰਨ ਵਾਲ਼ਾ ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਦਾ ਹੈ ਤਾਂ ਸਾਰੇ ਦਸਤਾਵੇਜ਼ਾਂ ਅਤੇ ਤੱਥਾਂ ਨੂੰ ਦੇਖ ਕੇ ਕਾਨੂੰਨ ਅਤੇ ਨਿਆਂ ਦੇ ਸਿਧਾਂਤ ਅਨੁਸਾਰ ਆਪਣੀ ਮਨਮਾਨੀ ਨਾ ਕਰਦੇ ਹੋਏ ਜੋ ਸਹੀ ਲੱਗੇ ਉਸ ਅਨੁਸਾਰ ਨਿਆਂ ਦੇਵੇ। ਇਸਨੂੰ ਨਿਆਂ ਚਰਿੱਤਰ ਕਹਿੰਦੇ ਹਨ। ਰਾਜਸਥਾਨ ਦੀ ਉਹ ਹਾਈਕੋਰਟ ਜਿਸ ਦੇ ਵਿਹੜੇ ਵਿੱਚ ਭੈਰੋ ਸਿੰਘ ਸ਼ੇਖਾਵਤ ਦੀ ਸਰਕਾਰ ਦੇ ਸਮੇਂ ਗ਼ੈਰ ਬਰਾਬਰੀ ਦੇ ਸੰਵਿਧਾਨ ਦੇ ਜਨਕ ਮਨੂੰ ਮਹਾਰਾਜ ਦਾ ਬੁੱਤ ਲਾਇਆ ਗਿਆ ਸੀ ਉੱਥੋਂ ਦਾ ਹੀ ਇੱਕ ਜੱਜ ਇਹੋ ਜਿਹੀਆਂ ਗੱਲਾਂ ਕਰਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਉਸ ਜੱਜ ਨੂੰ ਆਪਣੇ ਪੁਰਖੇ ਮਨੂੰ ਦੇ ਸਿਧਾਂਤ ਯਾਦ ਹਨ।

ਇਸਤੋਂ ਬਾਅਦ ਇੱਕ ਹੋਰ ਅਫ਼ਸਰ ਦੀ ਗੱਲ ਕਰਦੇ ਹਾਂ ਜੋ ਕਿ ਮੱਧ ਪ੍ਰਦੇਸ਼ ਵਿੱਚ ਸਹਾਇਕ ਜੇਲ੍ਹ ਸੁਪਰਡੈਂਟ ਹੈ। ਗੱਲ ਚੱਲੀ ਹੈ ਸੁਕਮਾ ਹਮਲੇ ਤੋਂ। ਹਾਲ ਹੀ ਦੌਰਾਨ ਸੁਕਮਾ ਵਿੱਚ 24 ਅਪ੍ਰੈਲ ਨੂੰ ਹੋਏ ਇੱਕ ਵੱਡੇ ਨਕਸਲੀ ਹਮਲੇ ਵਿੱਚ

(ਬਾਕੀ ਅਗਲੇ ਸਫੇ 'ਤੇ)

# ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ



ਮਹਾਂਪੁਰਖਾਂ ਦੇ ਅਵਤਾਰ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ ਤੇ ਪਾਪ ਦੀ ਅਤਿ ਹੋ ਜਾਵੇ ਤਦ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇਕ ਜੋਤ ਹੈ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ-ਦਯਾ ਹਿੱਤ ਬੀਰ-ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਫਿਰ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ। ਆਪ ਜੀ ਦਾ ਆਗਮਨ 8 ਸਾਵਣ ਵਦੀ ਸੰਮਤ 1713 ਭਾਵ 7 ਜੁਲਾਈ ਸੰਨ 1656 ਨੂੰ ਸ਼ੀਸ਼ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 7 ਅਕਤੂਬਰ ਸੰਨ 1661 ਨੂੰ ਗੁਰਗੱਦੀ ਨੂੰ ਪ੍ਰਾਪਤ ਹੋਏ। ਆਪ ਜੀ ਦੇ ਸਮੇਂ ਤੋਂ ਪਹਿਲਾਂ ਪੰਚਵੇਂ ਪਾਤਸ਼ਾਹ ਦੀ ਸ਼ਹਾਦਤ ਵੇਲੇ ਹਦਾਇਤ ਸੀ ਕਿ ਗੁਰੂ ਹਰਿਰਾਏ ਸਾਹਿਬ ਹਥਿਆਰਬੰਦ ਹੋ ਕੇ ਗੁਰਗੱਦੀ ਤੇ ਬਿਰਾਜਮਾਨ ਹੋਣ। ਇਸ 'ਤੇ ਗੁਰੂ ਹਰਿਰਾਏ ਸਾਹਿਬ ਨੇ ਕੌਮ ਨੂੰ ਹਥਿਆਰਬੰਦ ਜਥੇਬੰਦਕ ਬਣਾਇਆ। ਸੰਗਤ ਦੇ ਹੌਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ ਜਬਰਦਸਤੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਅਪਣਾਉਣ ਲੱਗ ਪਏ। ਬਾਦਸ਼ਾਹ ਔਰੰਗਜੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਨੂੰ ਤਲਬ ਕਰਨਾ ਚਾਹਿਆ। ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਇ ਜੀ ਨੂੰ ਹਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿਟੀ ਬੇਈਮਾਨ ਕੀ ਲਫਜ਼ ਹੈ, ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾਂ ਬਾਬਾ ਰਾਮਰਾਇ ਜੀ ਨੂੰ ਛੇਕ ਦਿੱਤਾ। ਗੁਰੂ ਹਰਿਰਾਏ ਸਾਹਿਬ ਜੀ ਨੇ ਗੁਰਬਾਣੀ ਦੇ ਸਤਿਕਾਰ ਵਿਚ ਬੜੇ ਦ੍ਰਿੜ੍ਹ ਇਰਾਦੇ ਨਾਲ ਫੈਸਲਾ ਲਿਆ ਸੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਸੇ ਦ੍ਰਿੜ੍ਹਤਾ ਵਿਚ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਉਹਨਾਂ ਨੂੰ ਵੀ ਜਦੋਂ ਬਾਬਾ ਰਾਮਰਾਇ ਜੀ ਦੀ ਸ਼ਿਕਾਇਤ 'ਤੇ ਬਹਾਨੇ ਨਾਲ ਤਲਬ ਕੀਤਾ ਤਾਂ ਸਦਾ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜ਼ੇ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਾਉਣ ਦਾ ਜ਼ਿੰਮਾ ਆਪਣੇ ਸਿਰ ਲਿਆ। ਦੀਵਾਨ ਪਰਸ ਰਾਮ ਨੂੰ 50 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ 'ਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜ਼ਾਮੰਦ ਹੋ ਗਏ।

ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਮੇਰੇ ਨਾਲ ਸ਼ਾਸਤਰ ਹੱਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਨੂੰ ਸਾਵੀਂ ਪੱਧਰੀ ਰਾਹ ਤੇ ਤੋਰਨਾ ਹੈ, ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ, ਉਸਨੂੰ ਗਿਆਨ ਪ੍ਰਾਪਤੀ ਦੀ ਖੁੱਲ੍ਹ ਹੈ ਤਾਂ ਜੋ ਧਾਰਮਿਕ ਰਾਜਨੀਤਿਕ ਵਿਦਿਅਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ, ਤੁਹਾਨੂੰ ਉਤਰ ਮਿਲ ਜਾਵੇਗਾ। ਪੰਡਤ ਲੰਗਰਾਂ ਦੀ ਜਲ ਨਾਲ ਸੇਵਾ ਕਰਦੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਤ ਨੇ ਜੋ ਵੀ ਪੁੱਛਿਆ ਛੱਜੂ ਨੇ ਉਸਦਾ ਉਤਰ ਦਿੱਤਾ ਕਿਉਂਕਿ ਉਹ ਲੰਗਰਾਂ ਦੀ ਸੇਵਾ ਦੇ ਨਾਲ ਨਾਲ ਬਾਣੀ ਗੁਣਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਅੱਜਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਗੁਰੂ ਹੈ ਤਾਂ ਮੈਨੂੰ ਹੀ ਢੂਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿਚ ਮੈਂ ਕਿੱਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ-ਸਹੇਲੀਆਂ ਨੂੰ ਵੇਖ ਕੇ ਡੀਲ-ਡੌਲ ਤੋਂ ਗੋਲੀ ਬਣੀ ਹੋਈ ਰਾਣੀ ਨੂੰ ਪਛਾਣ ਲਿਆ ਅਤੇ ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਛਾਣਿਆ ਜਾ ਸਕਦਾ।

ਉਹਨੀਂ ਦਿਨੀਂ ਦਿੱਲੀ 'ਚ ਭਾਰੀ ਚੇਚਕ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ ਅਤੇ ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਨੇ ਵੀ ਇਧ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਬਿਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ।

ਪਰ ਪਾਤਸ਼ਾਹ ਨੇ ਇਸਨੂੰ ਰੱਬੀ ਰਮਜ਼ ਦੱਸਿਆ ਅਤੇ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਆਉਂਦਾ ਵੇਖ ਕੇ ਹੁਕਮ ਦਿੱਤਾ ਕਿ ਅਗਲਾ ਗੁਰੂ ''ਬਾਬਾ ਬਕਾਲਾ'' ਜਿਸਦਾ ਭਾਵ ਸੀ ਕਿ ਗੁਰੂ ''ਬਾਬਾ ਬਕਾਲਾ'' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਕ 30 ਮਾਰਚ, ਸੰਨ 1664 ਨੂੰ ਜੋਤੀ ਜੋਤ ਸਮਾ ਗਏ। ਆਪ ਦਾ ਸਸਕਾਰ ਮੌਜੂਦਾ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਵਾਲੀ ਜਗ੍ਹਾ ਤੇ ਹੋਇਆ।

ਵਰਣਨਯੋਗ ਹੈ ਕਿ ਆਪ ਜੀ ਨੇ ਬਾਲ ਉਮਰੇ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰੂਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਉਸੇ ਤਰ੍ਹਾਂ ਜਾਰੀ ਰੱਖਿਆ, ਜਿਵੇਂ ਪਹਿਲਾਂ ਤੋਂ ਚਲਿਆ ਆ ਰਿਹਾ ਸੀ। ਉਹਨਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣਾ ਦੀ ਧਰਮਸ਼ਾਲਾ (ਮੁਹੱਲਾ ਦਿਲਵਾਲੀ ਸਿੰਘਾ ਦਿੱਲੀ) ਵਿਖੇ ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ।

ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।

## ਉਹ ਮਹਾਨ ਹੁੰਦੇ

ਉਹ ਮਹਾਨ ਹੁੰਦੇ ਜਿਹੜੇ ਜੀਉਂਦੇ ਦੂਜਿਆਂ ਲਈ
ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ
ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ
ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ
ਪਰ ਮਹਾਨ ਮਨੁੱਖ ਉਹ
ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ
ਉਹ ਆਪਣੇ ਆਪ ਲਈ ਤਾਂ ਕੁਰਬਾਨੀ ਕਰ ਸਕਦੇ ਆ
ਪਰ ਉਹ ਆਪ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦੇ
ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਮੇਲੇ ਲਗਦੇ
ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ
ਸ਼ਹੀਦੀਆਂ ਪਾ ਜਾਂਦੇ
ਇੱਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ
ਨਾ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ
ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ
ਉਹ ਪਾ ਜਾਂਦੇ ਮੰਜ਼ਿਲਾਂ ਨੂੰ ਜਿਹੜੇ ਖਹਿ ਜਾਂਦੇ ਨਾਲ ਮੁਸੀਬਤਾਂ ਦੇ



- ਮਾਸਟਰ ਨਿਰਮਲ ਸਿੰਘ ਲਾਲੀ (530-777-0955)

# ਸਿੱਖਿਅਤ ਅਤੇ ਜਾਗ੍ਰਿਤ ਲੋਕਾਂ ਵਿੱਚ ਫ਼ਰਕ

(ਪਿਛਲੇ ਸਫੇ ਦੀ ਬਾਕੀ)

ਅਰਧ ਸੈਨਿਕ ਬਲਾਂ ਦੇ 26 ਜੁਆਨ ਮਾਰੇ ਗਏ ਸਨ। ਹਮਲੇ ਪਿੱਛੋਂ ਰਾਏਪੁਰ ਸੈਂਟਰਲ ਜੇਲ੍ਹ ਵਿੱਚ ਸਹਾਇਕ ਜੇਲ੍ਹ ਸੁਪਰਡੈਂਟ ਵਰਸ਼ਾ ਡੋਂਗਰੇ ਨੇ ਫੇਸਬੁੱਕ 'ਤੇ ਆਪਣੇ ਦਿਲ ਦੀ ਗੱਲ ਲਿਖੀ। ਉਸਦੀ ਪੋਸਟ 'ਤੇ ਜੇਲ੍ਹ ਸੁਪਰਡੈਂਟ ਗਿਰਧਰ ਨਾਇਕ ਨੇ ਜਾਂਚ ਦੇ ਹੁਕਮ ਦਿੱਤੇ ਹਨ। ਵਰਸ਼ਾ ਡੋਂਗਰੇ ਨੇ ਆਪਣੀ ਫੇਸਬੁੱਕ ਪੇਜ 'ਤੇ ਲਿਖਿਆ ਹੈ ਕਿ ਮੈਨੂੰ ਲੱਗਦਾ ਹੈ ਕਿ ਇੱਕ ਵਾਰ ਸਾਨੂੰ ਸਭ ਨੂੰ ਆਪਣੇ ਗਿਰੇਵਾਨ ਅੰਦਰ ਝਾਕ ਲੈਣਾ ਚਾਹੀਦਾ ਹੈ। ਸਚਾਈ ਖੁਦ-ਬ-ਖੁਦ ਸਾਹਮਣੇ ਆ ਜਾਵੇਗੀ। ਘਟਨਾ ਵਿੱਚ ਦੋਹੇ ਪਾਸੇ ਮਰਨ ਵਾਲ਼ੇ ਆਪਣੇ ਦੇਸ਼ ਵਾਸੀ ਹਨ, ਭਾਰਤੀ ਹਨ। ਇਸ ਲਈ ਕੋਈ ਵੀ ਮਰੇ ਤਕਲੀਫ ਸਾਨੂੰ ਸਭ ਨੂੰ ਹੁੰਦੀ ਹੈ। ਪੂੰਜੀਵਾਦੀ ਵਿਵਸਥਾ ਨੂੰ ਆਦਿਵਾਸੀ ਖੇਤਰਾਂ ਵਿੱਚ ਲਾਗੂ ਕਰਵਾਉਣਾ, ਉਹਨਾਂ ਦੇ ਜਲ-ਜੰਗਲ-ਜ਼ਮੀਨ ਤੋਂ ਬੇਦਖਲ ਕਰਨ ਲਈ ਪਿੰਡਾਂ ਦੇ ਪਿੰਡ ਜਲਾ ਦੇਣਾ, ਆਦਿਵਾਸੀ ਔਰਤਾਂ ਨਾ਼ਲ ਦੁਸ਼ਕਰਮ, ਆਦਿਵਾਸੀ ਔਰਤ ਨਕਸਲੀ ਹੈ ਜਾਂ ਨਹੀਂ ਇਹ ਜਾਣਨ ਲਈ ਉਹਨਾਂ ਦੀਆਂ ਛਾਤੀਆਂ ਨੂੰ ਨਿਚੋੜ ਕੇ ਦੇਖਿਆ ਜਾਂਦਾ ਹੈ। ਟਾਈਗਰ ਪ੍ਰੋਜੈਕਟ ਦੇ ਨਾਂਅ 'ਤੇ ਆਦਿਵਾਸੀਆਂ ਨੂੰ ਉਹਨਾਂ ਦੇ ਜਲ-ਜੰਗਲ-ਜ਼ਮੀਨ ਤੋਂ ਬੇਦਖਲ ਕਰਨ ਦੀ ਰਣਨੀਤੀ ਬਣਦੀ ਹੈ, ਜਦਕਿ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਅਨੁਸਾਰ ਕਿਸੇ ਸੈਨਿਕ ਜਾਂ ਸਰਕਾਰ ਨੂੰ ਇਸਨੂੰ ਹੜੱਪਣ ਦਾ ਹੱਕ ਨਹੀਂ ਹੈ। ਆਖਰ ਇਹ ਸਭ ਕੁੱਝ ਕਿਉਂ ਹੋ ਰਿਹਾ ਹੈ? ਨਕਸਲਵਾਦ ਦਾ ਖਾਤਮਾ ਕਰਨ ਦੇ ਲਈ ਲੱਗਦਾ ਨਹੀਂ।'

ਮੈਂ ਖੁਦ ਬਸਤਰ ਵਿੱਚ 14 ਸਾਲ ਤੋਂ 16 ਸਾਲ ਦੀਆਂ ਆਦਿਵਾਸੀ ਬੱਚੀਆਂ ਨੂੰ ਦੇਖਿਆ ਸੀ, ਜਿੰਨ੍ਹਾਂ ਨੂੰ ਥਾਣੇ ਵਿੱਚ ਮਹਿਲਾ ਪੁਲਿਸ ਨੂੰ ਬਾਹਰ ਕਰਕੇ ਨਿਰਵਸਤਰ ਕੀਤਾ ਗਿਆ ਅਤੇ ਅੱਤਿਆਚਾਰ ਕੀਤੇ ਗਏ। ਉਹਨਾਂ ਦੇ ਦੋਵੇਂ ਹੱਥਾਂ ਦੇ ਗੁੱਟਾਂ ਅਤੇ ਦੁੱਧੀਆਂ 'ਤੇ ਕਰੰਟ ਲਗਾਏ ਗਏ। ਮੈਂ ਕੰਬ ਗਈ ਸੀ ਕਿ ਇਹਨਾਂ ਛੋਟੀਆਂ-ਛੋਟੀਆਂ ਬੱਚੀਆਂ 'ਤੇ ਥਰਡ ਡਿਗਰੀ ਟਾਰਚਰ ਕਿਉਂ? ਮੈਂ ਡਾਕਟਰ ਨੂੰ ਉਚਿਤ ਇਲਾਜ ਅਤੇ ਜ਼ਰੂਰੀ ਕਾਰਵਾਈ ਲਈ ਕਿਹਾ। ਸੱਚ ਤਾਂ ਇਹ ਹੈ ਕਿ ਕੁਦਰਤੀ ਸੰਸਾਧਨ ਇਹਨਾਂ ਹੀ ਜੰਗਲਾਂ ਵਿੱਚ ਹਨ। ਜਿੰਨ੍ਹਾਂ ਨੂੰ ਪੂੰਜੀਵਾਦੀਆਂ ਨੂੰ ਵੇਚਣ ਲਈ ਖਾਲੀ ਕਰਵਾਉਣਾ ਹੈ। ਆਦਿ-ਵਾਸੀ ਜਲ-ਜੰਗਲ-ਜ਼ਮੀਨ ਖਾਲੀ ਨਹੀਂ ਕਰਨਗੇ ਕਿਉਂਕਿ ਇਹ ਉਹਨਾਂ ਦੀ ਮਾਤ-ਭੂਮੀ ਹੈ। ਉਹ ਮਾਓਵਾਦ ਦਾ ਅੰਤ ਤਾਂ ਚਾਹੁੰਦੇ ਹਨ ਪ੍ਰੰਤੂ ਜਿਸ ਤਰ੍ਹਾਂ ਨਾ਼ਲ ਦੇਸ਼ ਦੇ ਰਾਖੇ ਹੀ ਉਹਨਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਲੁੱਟ ਰਹੇ ਹਨ, ਉਹਨਾਂ ਦੇ ਘਰਾਂ ਨੂੰ ਜਲਾ ਰਹੇ ਹਨ, ਉਹਨਾਂ ਨੂੰ ਫਰਜੀ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਵਿੱਚ ਸੜਨ ਲਈ ਭੇਜਿਆ ਜਾ ਰਿਹਾ ਹੈ, ਆਖਿਰ ਉਹ ਨਿਆਂ ਵਾਸਤੇ ਕਿੱਥੇ ਜਾਣ? ਇਹ ਸਭ ਮੈਂ ਨਹੀਂ ਕਹਿ ਰਹੀ ਬਲਕਿ ਸੀ.ਬੀ.ਆਈ. ਰਿਪੋਰਟ ਕਹਿੰਦੀ ਹੈ। ਸੁਪਰੀਮ ਕੋਰਟ ਕਹਿੰਦੀ ਹੈ। ਜੋ ਵੀ ਆਦਿਵਾਸੀਆਂ ਦੀ ਸਮੱਸਿਆ ਦੇ ਹੱਲ ਦੀ ਕੋਸ਼ਿਸ਼ ਕਰਦੇ ਹਨ, ਚਾਹੇ ਉਹ ਮਨੁੱਖੀ ਅਧਿਕਾਰ ਕਾਰਕੁੰਨ ਹੋਣ, ਚਾਹੇ ਪੱਤਰਕਾਰ, ਉਹਨਾਂ ਨੂੰ ਫਰਜ਼ੀ ਮਾਓਵਾਦੀ ਕੇਸਾਂ ਵਿੱਚ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਹੈ।

ਕਾਨੂੰਨ ਕਿਸੇ ਨੂੰ ਇਹ ਹੱਕ ਨਹੀਂ ਦਿੰਦਾ ਕਿ ਕਿਸੇ ਦੇ ਨਾ਼ਲ ਅੱਤਿਆਚਾਰ ਕਰੇ, ਇਸ ਲਈ ਸਾਰਿਆਂ ਨੂੰ ਜਾਗਣਾ ਹੋਵੇਗਾ। ਰਾਜ ਵਿੱਚ ਪੰਜਵੀਂ ਅਨੁਸੂਚੀ ਲਾਗੂ ਹੋਣੀ ਚਾਹੀਦੀ ਹੈ। ਆਦਿਵਾਸੀਆਂ ਦਾ ਵਿਕਾਸ ਆਦਿਵਾਸੀਆਂ ਦੇ ਹਿਸਾਬ ਨਾ਼ਲ ਹੋਣਾ ਚਾਹੀਦਾ ਹੈ। ਉਹਨਾਂ 'ਤੇ ਜ਼ਬਰਦਸਤੀ ਵਿਕਾਸ ਨਾ ਥੋਪਿਆ ਜਾਵੇ। ਜਵਾਨ ਹੋਣ ਜਾਂ ਕਿਸਾਨ, ਸਭ ਭਾਈ-ਭਾਈ ਹਨ। ਇੱਕ-ਦੂਜੇ ਨੂੰ ਮਾਰ ਕੇ ਨਾ ਹੀ ਸ਼ਾਂਤੀ ਸਥਾਪਤ ਹੋਵੇਗੀ ਅਤੇ ਨਾ ਹੀ ਵਿਕਾਸ। ਅਸੀਂ ਵੀ ਸਿਸਟਮ ਦੇ ਸ਼ਿਕਾਰ ਹੋਏ, ਪ੍ਰੰਤੂ ਅਨਿਆਂ ਦੇ ਖ਼ਿਲਾਫ ਜੰਗ ਲੜੀ। ਛੜਯੰਤਰ ਰਚਕੇ ਝੁਕਾਉਣ ਦੀ ਕੋਸ਼ਿਸ ਕੀਤੀ ਗਈ। ਲਾਲਚ ਅਤੇ ਰਿਸ਼ਵਤ ਦਾ ਆਫਰ ਵੀ ਦਿੱਤਾ ਗਿਆ। ਅਸੀਂ ਸਾਰੇ ਇਰਾਦੇ ਨਾਕਾਮ ਕਰ ਦਿੱਤੇ ਅਤੇ ਸੱਚ ਦੀ ਜਿੱਤ ਹੋਈ।

ਵਰਸ਼ਾ ਡੋਂਗਰੇ ਦੀ ਹਮਾਇਤ ਵਿੱਚ ਜ਼ਿਆਦਾਤਰ ਲੋਕਾਂ ਨੇ ਉਹਨਾਂ ਦੀਆਂ ਗੱਲਾਂ ਦਾ ਸਮੱਰਥਨ ਕੀਤਾ ਹੈ। ਕੁੱਝ ਲੋਕਾਂ ਨੇ ਆਪਣੇ ਕਮੈਂਟਾਂ ਵਿੱਚ ਲਿਖਿਆ ਹੈ ਕਿ ਬਸਤਰ ਵਿੱਚ ਅਜਿਹਾ ਹੀ ਹੋ ਰਿਹਾ ਹੈ ਜਿਹੜਾ ਆਦਿਵਾਸੀਆਂ ਦੇ ਹਿਤ ਵਿੱਚ ਬਿਲਕੁਲ ਵੀ ਨਹੀਂ ਹੈ। ਕੁੱਝ ਨੇ ਇਹ ਵੀ ਲਿਖਿਆ ਹੈ ਕਿ ਸਰਕਾਰ ਮਾਓਵਾਦੀ ਸਮੱਸਿਆ ਦਾ ਹੱਲ ਕੱਢਣਾ ਨਹੀਂ ਚਾਹੁੰਦੀ। ਮਾਓਵਾਦੀ ਹਮਲੇ ਪਿੱਛੋਂ ਇੱਕ ਪੰਜਾਬੀ ਦੇ ਰੋਜ਼ਾਨਾ ਅਖ਼ਬਾਰ ਵਿੱਚ ਛਪਿਆ ਸੀ ਕਿ ਇਹ ਹਮਲਾ ਔਰਤਾਂ ਨੇ ਕੀਤਾ ਸੀ। ਉਹਨਾਂ ਨੇ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਮਾਰਨ ਪਿੱਛੋਂ ਉਹਨਾਂ ਦੇ ਹਥਿਆਰ ਖੋਹੇ ਅਤੇ ਜਾਂਦੇ ਸਮੇਂ ਇਹਨਾਂ ਜਵਾਨਾਂ ਦੇ ਗੁਪਤ ਅੰਗਾਂ ਨੂੰ ਵੱਢ ਦਿੱਤਾ। ਸ਼ਾਇਦ ਇਹ ਔਰਤਾਂ ਕਦੇ ਸੁਰੱਖਿਆ ਬਲਾਂ ਦੇ ਜਿਣਸੀ ਹਮਲਿਆਂ ਦੀਆਂ ਸ਼ਿਕਾਰ ਹੋਈਆਂ ਹੋਣਗੀਆਂ ਅਤੇ ਉਹਨਾਂ ਨੂੰ ਇਸ ਗੱਲ ਦਾ ਗੁੱਸਾ ਹੋਵੇਗਾ। ਵਰਸ਼ਾ ਡੋਂਗਰੇ ਦੀ ਗੱਲ ਤੋਂ ਜਾਪਦਾ ਹੈ ਕਿ ਉਸ ਨੇ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਵਿੱਚ ਗੱਲ ਕੀਤੀ ਹੈ ਅਤੇ ਆਪਣੇ ਲਈ ਖਤਰਾ ਸਹੇੜ ਲਿਆ ਹੈ। ਉਸਨੂੰ ਦੇਸ਼ ਧਰੋਹੀ ਗਰਦਾਨਿਆ ਜਾ ਸਕਦਾ ਹੈ ਅਤੇ ਕੋਲਕਾਤਾ ਹਾਈਕੋਰਟ ਦੇ ਜਸਟਿਸ ਸੀ.ਐਸ. ਕਰਣਨ ਵਾਂਗ ਸਜ਼ਾ ਸੁਣਾਈ ਜਾ ਸਕਦੀ ਹੈ। ਪਰ ਉਸ ਦੀ ਗੱਲ ਵਿੱਚ ਦਮ ਹੈ। ਆਪਣੇ ਅੰਦਰਲੀ ਭਾਵਨਾ ਨੂੰ ਉਭਾਰ ਕੇ ਚਰਚਾ ਵਿੱਚ ਆਈ ਇਸ ਮਹਿਲਾ ਅਫਸਰ ਦੇ ਉਪਨਾਮ ਡੋਂਗਰੇ ਤੋਂ ਜਾਪਦਾ ਹੈ ਕਿ ਸ਼ਾਇਦ ਉਹ ਬਹੁਜਨ ਸਮਾਜ 'ਚੋਂ ਹੈ। ਚਲੋ ਭਾਵੇਂ ਉਹ ਕਿਸੇ ਵੀ ਜਾਤੀ ਜਾਂ ਵਰਣ ਨਾ਼ਲ ਸੰਬੰਧਤ ਹੋਵੇ ਉਸ ਦੀ ਗੱਲ ਸਹੀ ਹੈ। ਉਸ ਨੇ ਪੜ੍ਹੇ-ਲਿਖੇ ਅਤੇ ਜਾਗ੍ਰਿਤ ਹੋਣ ਦਾ ਆਪਣਾ ਫਰਜ਼ ਨਿਭਾਇਆ ਹੈ। ਪਿਛਲੇ ਸਮੇਂ ਵਿੱਚ ਦੇਸ਼ ਦੀ ਸੁਪਰੀਮ ਕੋਰਟ ਨੇ ਵੀ ਕਹਿ ਦਿੱਤਾ ਸੀ ਕਿ ਆਦਿਵਾਸੀਆਂ ਦੀ ਜ਼ਮੀਨ ਸਰਕਾਰ ਦੁਆਰਾ ਹੜੱਪੇ ਜਾਣ ਨਾ਼ਲ ਨਕਸਲਵਾਦੀ ਪੈਦਾ ਹੁੰਦੇ ਹਨ। ਸਰਕਾਰ ਦਾ ਜ਼ੋਰ ਇਸ ਗੱਲ 'ਤੇ ਲੱਗਾ ਹੋਇਆ ਹੈ ਕਿ ਸੁਰੱਖਿਆ ਬਲਾਂ ਦੁਆਰਾ ਸੰਘਰਸ਼ ਨੂੰ ਦਬਾ ਦਿੱਤਾ ਜਾਵੇ। ਮਾਓਵਾਦ ਦੇ ਪੈਦਾ ਹੋਣ ਦੇ ਕਾਰਨਾਂ 'ਤੇ ਕੋਈ ਝਾਤ ਨਹੀਂ ਮਾਰਨਾ ਚਾਹੁੰਦਾ।

ਜਾਗ੍ਰਿਤ ਲੋਕ ਸਰਕਾਰ ਅਤੇ ਬ੍ਰਾਹਮਣਵਾਦ ਦੀਆਂ ਨੀਤੀਆਂ 'ਤੇ ਉਂਗ਼ਲ ਉਠਾਉਣ ਲੱਗੇ ਹਨ। ਆਰ.ਐਸ.ਐਸ. ਨੂੰ ਇਸ ਦਾ ਪਹਿਲਾਂ ਹੀ ਪਤਾ ਸੀ ਕਿ ਅਜਿਹਾ ਹੋ ਸਕਦਾ ਹੈ। ਇਸ ਲਈ ਉਹਨਾਂ ਨੇ ਇਸ ਦਾ ਬੰਦੋਬਸਤ ਦੇਸ਼ ਦੀ ਅਜ਼ਾਦੀ ਸਮੇਂ ਹੀ ਕਰਨ ਦੀ ਕੋਸ਼ਿਸ਼ ਕੀਤੀ ਵੀ ਸੀ। ਅਜਿਹੀ ਕੋਸ਼ਿਸ਼ ਕਰਨ ਵਾ਼ਲੇ ਇੱਕ ਵਿਅਕਤੀ ਸਨ- ਚੱਕ੍ਰਵਰਤੀ ਰਾਜ-ਗੋਪਾਲਾਚਾਰੀਆ। ਆਜ਼ਾਦ ਭਾਰਤ ਵਿੱਚ ਲਾਰਡ ਮਾਊਂਟਬੇਟਨ੍ਹੇ ਬਾਅਦ ਇਹ 21 ਜੂਨ 1948 ਤੋਂ 26 ਜਨਵਰੀ 1950 ਤੱਕ ਉਹ ਭਾਰਤ ਦੇ ਗਵਰਨਰ ਜਨਰਲ ਰਹੇ ਹਨ।

ਬ੍ਰਾਹਮਣ ਜਾਤੀ ਦੇ ਰਾਜਗੋਪਾਲਾਚਾਰੀਆ 10 ਅਪ੍ਰੈਲ 1952 ਤੋਂ 13 ਅਪ੍ਰੈਲ 1954 ਤੱਕ ਮਦਰਾਸ (ਤਾਮਿਲਨਾਡੂ) ਰਾਜ ਦੇ ਮੁੱਖ ਮੰਤਰੀ ਵੀ ਰਹੇ। 1952 ਵਿੱਚ ਉਹਨਾਂ ਨੇ ਪ੍ਰਾਇਮਰੀ ਸਿੱਖਿਆ ਨੂੰ ਲੈ ਕੇ ਇੱਕ ਮਨੂੰਵਾਦੀ ਫੁਰਮਾਨ ਜਾਰੀ ਕੀਤਾ। ਇਸ ਦੇ ਅਨੁਸਾਰ ਬੱਚਿਆਂ ਨੂੰ ਸਕੂਲ ਵਿੱਚ ਪਿਤਾ ਦੇ ਪੇਸ਼ੇ ਵਾਲੀ ਸਿੱਖਿਆ ਦਿੱਤੀ ਜਾਣੀ ਸੀ।

ਜਾਣੀ ਕਿ ਭੰਗੀ ਦੇ ਬੇਟੇ ਨੂੰ ਗੰਦ ਸਾਫ਼ ਕਰਨ ਦੀ ਸਿੱਖਿਆ, ਨਾਈ ਦੇ ਬੇਟੇ ਨੂੰ ਹਜਾਮਤਾਂ ਕਰਨ ਦੀ ਸਿੱਖਿਆ, ਤਰਖਾਣ ਦੇ ਬੇਟੇ ਨੂੰ ਫਰਨੀਚਰ ਬਣਾਉਣ ਦੀ ਸਿੱਖਿਆ, ਚਮਾਰ ਦੇ ਬੇਟੇ ਨੂੰ ਜੁੱਤੀਆਂ ਬਣਾਉਣ ਦੀ ਸਿੱਖਿਆ, ਪਾਸੀ ਦੇ ਬੇਟੇ ਨੂੰ ਤਾੜੀ ਉਤਾਰਨ ਦੀ ਸਿੱਖਿਆ, ਮੁਸਹਰ ਦੇ ਬੇਟੇ ਨੂੰ ਸੂਰ ਪਾਲਣ ਦੀ ਸਿੱਖਿਆ, ਧੋਬੀ ਦੇ ਬੇਟੇ ਨੂੰ ਕੱਪੜਾ ਧੋਣ ਦੀ ਸਿੱਖਿਆ, ਯਾਦਵ ਦੇ ਬੇਟੇ ਨੂੰ ਗਾਂ ਚੋਣ ਦੀ ਸਿੱਖਿਆ, ਕਹਾਰ ਦੇ ਬੇਟੇ ਨੂੰ ਡੋਲੀ ਉਠਾਉਣ ਦੀ ਸਿੱਖਿਆ, ਮਲਾਹ ਦੇ ਬੇਟੇ ਨੂੰ ਕਿਸ਼ਤੀ ਚਲਾਉਣ ਦੀ ਸਿੱਖਿਆ ਅਤੇ ਘੁਮਿਆਰ ਦੇ ਬੇਟੇ ਨੂੰ ਮਿੱਟੀ ਦੇ ਬਰਤਨ ਬਣਾਉਣ ਦੀ ਸਿੱਖਿਆ ਦਿੱਤਾ ਜਾਣਾ ਤੈਅ ਕੀਤਾ ਗਿਆ ਸੀ। ਜਦਕਿ ਬ੍ਰਾਹਮਣ, ਰਾਜਪੂਤ ਅਤੇ ਵੈਸ਼ ਦੇ ਬੱਚਿਆਂ ਨੂੰ ਸੰਸਕ੍ਰਿਤ, ਧਰਮ, ਸਾਹਿਤ, ਤਕਨੀਕ, ਅਸਤ੍ਰ-ਸ਼ਸਤ੍ਰ, ਘੋੜ ਸਵਾਰੀ, ਅਕਾਊਂਟ, ਗਣਿਤ, ਬਿਜਨਸ ਆਦਿ ਦੀ ਸਿੱਖਿਆ ਦਿੱਤਾ ਜਾਣਾ ਤੈਅ ਕੀਤਾ ਗਿਆ ਸੀ। ਮਤਲਬ ਸਵਰਨਾਂ ਦਾ ਬੱਚਾ ਵਿਗਿਆਨਿਕ ਸਿੱਖਿਆ ਪ੍ਰਾਪਤ ਕਰ ਕੇ ਉੱਚ ਅਧਿਕਾਰੀ ਬਣਦਾ ਅਤੇ ਦਲਿਤ ਪਛੜੇ ਸਮਾਜ ਦੇ ਲੋਕ ਜਿੱਥੇ ਸਨ, ਉੱਥੇ ਹੀ ਰਹਿ ਜਾਂਦੇ। ਇੰਨਾ ਹੀ ਨਹੀਂ ਉਸ ਨੇ ਦਲਿਤ ਪਛੜੇ ਸਮਾਜ ਦੀਆਂ ਲੜਕੀਆਂ ਲਈ ਭੋਰਾ ਵੀ ਨਹੀਂ ਸੋਚਿਆ ਕਿ ਉਹ ਕੀ ਪੜ੍ਹਨਗੀਆਂ? ਉਸ ਸਮੇਂ ਮਦਰਾਸ ਵਿੱਚ ਪੈਰੀਆਰ ਈ. ਵੀ. ਰਾਮਾਸਵਾਮੀ ਨਾਇਕਰ ਨੇ ਮਨੂੰਵਾਦੀ ਫੁਰਮਾਨ ਦਾ ਡਟ ਕੇ ਵਿਰੋਧ ਕੀਤਾ। ਮਜਬੂਰਨ ਇਸ ਸਿੱਖਿਆ ਨੀਤੀ ਨੂੰ ਵਾਪਸ ਲੈਣਾ ਪਿਆ।

ਸਵਰਨ ਜਾਤੀਆਂ ਦੇ ਲੋਕ ਅੱਜ ਵੀ ਆਪਣੇ ਪੁਰਖਿਆਂ ਦੀ ਸੋਚ ਪ੍ਰਤੀ ਡਟੇ ਹੋਏ ਹਨ। ਬਹੁਜਨ ਸਮਾਜ ਦੇ ਪੜ੍ਹਿਆਂ-ਲਿਖਿਆਂ ਨੂੰ ਵੀ ਆਪਣੇ ਪੁਰਖਿਆਂ ਦੇ ਇਤਿਹਾਸ ਜਾਣਨਾ ਅਤੇ ਜਾਗ੍ਰਿਤ ਹੋ ਕੇ ਉਹਨਾਂ ਦੀ ਸੋਚ ਨੂੰ ਸਮਰਪਿਤ ਹੋ ਜਾਣਾ ਚਾਹੀਦਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਬਹੁਜਨ ਸਮਾਜ ਦੇ ਬਹੁਤੇ ਪੜ੍ਹੇ ਲਿਖੇ ਆਪਣੇ ਪੁਰਖਿਆਂ ਦੀ ਸੋਚ ਤੋਂ ਜਾਣੂੰ ਹੋ ਕੇ ਵੀ ਜਾਣੇ-ਅਣਜਾਣੇ ਆਪਣੇ ਦੁਸ਼ਮਣਾਂ ਦੀਆਂ ਰੀਤਾਂ-ਰਸਮਾਂ ਨੂੰ ਅਪਣਾਈ ਬੈਠੇ ਹਨ ਅਤੇ ਉਹਨਾਂ ਦਾ ਹੀ ਸਾਥ ਦਿੰਦੇ ਦਿਖਾਈ ਦੇ ਰਹੇ ਹਨ। ਪਾਰਲੀਮੈਂਟ ਵਿੱਚ ਅਨੁਸੂਚਿਤ ਜਾਤੀਆਂ ਲਈ ਪ੍ਰਮੋਸ਼ਨ ਵਿੱਚ ਰਿਜ਼ਰਵੇਸ਼ਨ ਦੇ ਬਿਲ ਨੂੰ ਰਾਖਵੀਂ ਸੀਟ ਤੋਂ ਜਿੱਤੇ ਇੱਕ ਅਜਿਹੇ ਹੀ ਨਲਾਇਕ ਪੜ੍ਹੇ-ਲਿਖੇ ਮੈਂਬਰ ਪਾਰਲੀਮੈਂਟ ਨੇ ਪਾੜ ਦਿੱਤਾ ਸੀ। ਅਜਿਹੇ ਪੜ੍ਹਿਆਂ-ਲਿਖਿਆਂ ਤੋਂ ਵੀ ਸਾਵਧਾਨ ਰਹਿਣ ਦੀ ਜਰੂਰਤ ਹੈ।

# ਆਪ ਬੀਤੀ- ਜਿਸ ਦਿਨ ਸਾਨੂੰ ਬੂੰਦ ਬੂੰਦ ਲਈ ਤਰਸਣਾ ਪਿਆ!



ਗੁਰਦੀਸ਼ ਕੌਰ ਗਰੇਵਾਲ
403-404-1450 ਕੈਲਗਰੀ

**ਪਿਛਲੇ ਸਾਲ** ਜਦੋਂ ਮੈਂ ਇੰਡੀਆ ਗਈ ਤਾਂ ਇੱਕ ਦਿਨਸਵੇਰੇ ਬਿਜਲੀ ਚਲੀ ਗਈ ਤੇ ਨਾਲ ਹੀ ਪਾਣੀ ਵੀ। ਜੋ ਐਸੀ ਗਈ ਕਿ ਸਾਰਾ ਦਿਨ ਨਾ ਆਈ। ਕਿਸੇ ਦੀ ਟੈਂਕੀ ਵੀ ਖਾਲੀ..ਮੋਟਰ ਚਲਾ ਕੇ ਭਰੀ ਨਾ। ਕਿਸੇ ਦੇ ਭਾਂਡੇ ਸਫਾਈਆਂਰਹਿ ਗਏ ਤੇ ਕਿਸੇ ਦੇ ਕੱਪੜੇ ਧੋਣ ਵਾਲੇ।ਸ਼ਾਮ ਨੂੰ ਜੋ ਵੀ ਬਾਹਰ ਨਿਕਲੇ ਤਾਂ- ਪਾਣੀ ਬਿਜਲੀ ਦੀ ਹੀ ਚਰਚਾ ਕਰੇ। ਸਭ ਨੇ ਆਪੋ ਆਪਣੀਆਂ ਮੁਸ਼ਕਿਲਾਂ ਦੇ ਕਿੱਸੇ ਛੇੜੇ ਹੋਏ ਸਨ। ਮੇਰੀ ਇੱਕ ਗੁਆਂਢਣ ਮੈਨੂੰ ਕਹਿਣ ਲੱਗੀ-'ਗਰੇਵਾਲ ਮੈਡਮ, ਕੈਨੇਡਾ 'ਚ ਤਾਂ ਬਿਜਲੀ ਪਾਣੀ ਨਹੀਂ ਜਾਂਦਾ ਹੋਣਾ?' 'ਹਾਂ ਬਿਲਕੁੱਲ ਨਹੀਂ' ਮੈਂ ਬੜੇ ਮਾਣ ਨਾਲ ਕਿਹਾ-'ਕਦੇ ਕਦਾਈਂ ਜੇ ਰਿਪੇਅਰ ਵਗੈਰਾ ਹੋਵੇ ਤਾਂ ਜਲਦੀ ਹੀ ਆ ਜਾਂਦੀ ਹੈ ਲਾਈਟ ਤਾਂ..ਪਰ ਪਾਣੀ ਦੀ ਤਾਂ ਉਸ ਮੁਲਕ ਵਿੱਚ ਅਜੇ ਕੋਈ ਕਮੀ ਨਹੀਂ..ਝੀਲਾਂ, ਝਰਨੇ, ਦਰਿਆ, ਸਮੁੰਦਰ ਬਹੁਤ ਹਨ..ਟੂਟੀ ਇੱਕ ਪਾਸੇ ਘੁਮਾਓ ਠੰਡਾ ਪਾਣੀ..ਦੂਜੇ ਪਾਸੇ ਘੁਮਾਓ ਗਰਮ ਪਾਣੀ..ਜਿੰਨਾ ਮਰਜ਼ੀ ਸ਼ਾਵਰ ਕਰੋ..' ਮੈਂ ਦੱਸੀ ਜਾ ਰਹੀ ਸੀ ਕੈਨੇਡਾ ਦੀਆਂ ਸਿਫਤਾਂ।'ਤਾਂ ਹੀ ਤਾਂ ਸਾਡੇ ਲੋਕ ਕੈਨੇਡਾ ਨੂੰ ਤੁਰੇ ਜਾ ਰਹੇ ਹਨ' ਦੂਜੀ ਕਹਿਣ ਲੱਗੀ। ਮਨ ਹੀ ਮਨ ਵਿੱਚ, ਮੈਨੂੰ ਆਪਣੇ ਕੈਨੇਡੀਅਨ ਹੋਣ ਦਾ ਮਾਣ ਮਹਿਸੂਸ ਹੋਣ ਲੱਗਾ।

ਮੈਂ ਤੇ ਮੇਰਾ ਪਰਿਵਾਰ, ਇੱਥੇ (ਕੈਨੇਡਾ) ਇੱਕ ਬਿਲਡਿੰਗ ਵਿੱਚ ਪਿਛਲੇ ਦੋ ਕੁ ਸਾਲਾਂ ਤੋਂਰਹਿ ਰਹੇ ਹਾਂ। ਇਸ ਅਰਸੇ ਦੌਰਾਨ ਇੱਥੇ ਇੱਕ ਵਾਰੀ ਲਾਈਟ ਗਈ ਤੇ ਇੱਕ ਵਾਰੀ ਪਾਣੀ- ਉਹ ਵੀ ਕੇਵਲ ਚਾਰ ਘੰਟਿਆਂ ਲਈ। ਜਿਸ ਦਾ ਨੋਟਿਸ ਬਿਲਡਿੰਗ ਦੇ ਮੇਨ ਗੇਟ ਤੇ ਪਹਿਲਾਂ ਹੀ ਲੱਗਿਆ ਹੋਇਆ ਸੀ -'ਕਿ ਰਿਪੇਅਰ ਕਾਰਨ ਇੰਨੇ ਘੰਟਿਆਂ ਲਈ ਪਾਣੀ ਜਾਂ ਬਿਜਲੀ ਬੰਦ ਰਹੇਗਾ'। ਸੋ ਅਸੀਂ ਸਭ ਨੇ ਤਕਰੀਬਨ ਪਹਿਲਾਂ ਕਾਫੀ ਪਾਣੀ ਭਰ ਲਿਆ ਸੀ। ਜਿਸ ਨੇ ਨੋਟਿਸ ਵੱਲ ਧਿਆਨ ਨਹੀਂ ਦਿੱਤਾ, ਉਹਨਾਂ ਨੂੰ ਹੀ ਕੁੱਝ ਮੁਸ਼ਕਲ ਆਈ ਬਾਕੀਆਂ ਨੂੰ ਨਹੀਂ। ਪਰ ਪਿਛਲੇ ਮਹੀਨੇ ਦੀ ਘਟਨਾ ਨੇ ਤਾਂ ਸਾਨੂੰ ਇੰਡੀਆ ਯਾਦ ਕਰਾ ਦਿੱਤਾ।

ਹੋਇਆ ਇੰਜ ਕਿ- ਪਿਛਲੇ ਮਹੀਨੇ ਇੱਕ ਦਿਨ ਬਿਨਾਂ ਨੋਟਿਸ ਦੇ, ਸ਼ਾਮ ਨੂੰ 6 ਕੁ ਵਜੇ ਅਚਾਨਕ ਪਾਣੀ ਚਲਾ ਗਿਆ। ਕਿਸੇ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਇਹ ਕਿੰਨੀ ਦੇਰ ਬਾਅਦ ਆਏਗਾ।ਜਿੰਨਾ ਕੁ ਪਾਣੀ ਘਰ ਵਿੱਚ, ਕਿਸੇ ਜੱਗ ਜਾਂ ਬੋਤਲਾਂ ਵਿੱਚ ਸੀ, ਅਸਾਂ ਸੰਭਲ ਸੰਭਲ ਕੇ ਵਰਤਿਆ ਸਵੇਰ ਤੱਕ। ਤਾਂ ਵੀ ਛੇ ਕੁ ਵਜੇ ਤੱਕ ਸਾਡੇ ਕੋਲ ਦੋ ਚਾਰ ਘੁੱਟ ਹੀ ਪਾਣੀ ਬਚਿਆ, ਜੋ ਛੋਟੇ ਬੱਚੇ ਦੇ ਪੀਣ ਲੱਈ ਰੱਖ ਲਿਆ। ਮੇਰੀ ਨੂੰਹ ਨੇ ਆਪਣੇ ਯੂਨੀਵਰਸਿਟੀ ਪੜ੍ਹਦੇ ਭਰਾ ਨੂੰ ਫੋਨ ਕੀਤਾ ਕਿ- 'ਸਾਡੀ ਬਿਲਡਿੰਗ ਵਿੱਚ ਪਾਣੀ ਚਲਾ ਗਿਆ ਹੈ- ਤੂੰ ਕੁਝ ਖਾਲੀ ਬੋਤਲਾਂ ਭਰ ਕੇ ਦੇ ਜਾ'। ਰਾਤੀਂ ਦੇਰ ਨਾਲ ਸੌਣ ਕਾਰਨ ਉਹ ਅਜੇ ਨੀਂਦ ਵਿੱਚ ਹੀ ਸੀ, ਉਸ ਫੋਨ ਨਾ ਚੁੱਕਿਆ। ਬਿਲਡਿੰਗ ਦੇ ਮਾਲਕ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ- ਪਾਈਪ ਫਟ ਗਈ ਹੈ ਤੇ ਰਿਪੇਅਰ ਚਲ ਰਹੀ ਹੈ। ਉਮੀਦ ਹੈ 11: 30 ਤੱਕ ਠੀਕ ਹੋ ਜਾਏਗੀ। ਟੌਇਲਟ ਜਾਣ ਤੋਂ ਵੀ ਸਾਰਾ ਔਖੇ। ਕਹਿੰਦੇ ਹਨ ਕਿ- ਜਦੋਂ ਕਿਸੇ ਚੀਜ਼ ਦੀ ਕਮੀ ਹੋ ਜਾਵੇ ਤਾਂ ਉਸ ਦੀ ਕੀਮਤ ਬਾਰੇ ਪਤਾ ਚਲਦਾ ਹੈ। ਸੋ ਖੁਲ੍ਹਾ ਪਾਣੀ ਵਰਤਣ ਵਾਲਿਆਂ ਨੂੰ, ਪਹਿਲੀ ਬਾਰ ਪਾਣੀ ਦੀ ਅਸਲੀ ਅਹਿਮੀਅਤ ਦਾ ਪਤਾ ਲੱਗਾ।

ਸ਼ਾਮ ਦਾ ਪਾਣੀ ਗਿਆ ਹੋਣ ਕਾਰਨ, ਰਾਤ ਦੇ ਸਾਰੇ ਬਰਤਨ ਜੂਠੇ ਹੋਣ ਦੇ ਨਾਲ ਨਾਲ, ਸੁੱਕੇ ਵੀ ਪਏ ਸਨ। ਕਿਉਂਕਿ ਪਾਣੀ ਦੀ ਕਮੀ ਕਾਰਨ,ਅਸਾਂ ਕਿਸੇ ਭਾਂਡੇ ਵਿੱਚ ਪਾਣੀ ਵੀ ਨਾ ਪਾਇਆ। ਦੋ ਕੁ ਬੂੰਦਾਂ ਨਾਲ ਹੱਥ ਸੁੱਚੇ ਕਰਦੇ ਤੇ ਕੁੱਝ ਖਾ ਪੀ ਲੈਂਦੇ। ਇੰਨਾ ਸ਼ੁਕਰ ਸੀ ਕਿ- ਦੁਪਹਿਰ ਵੇਲੇ ਦਾਲ ਸਬਜ਼ੀ ਇੰਨੀ ਕੁ ਬਣਾ ਲਈ ਸੀ ਜੋ ਦੂਜੇ ਦਿਨ ਤੱਕ ਵੀ ਚਲਦੀ ਰਹੀ। ਮੈਨੂੰ ਗੁਰਦੁਆਰੇ ਰਾਈਡ ਦੇਣ ਵਾਲੀ ਲੜਕੀ ਦਾ ਖਿਆਲ ਆਇਆ। ਉਸ ਦਾ ਘਰ ਮੇਰੇ ਘਰ ਤੋਂ ਕੋਈ ਬਹੁਤਾ ਦੂਰ ਨਹੀਂ ਸੀ। ਉਹ ਸਕੂਲ ਬੱਸ ਚਲਾਉਂਦੀ, ਤੇ ਉਸ ਨੇ 7 ਵਜੇ ਬੱਚੇ ਛੱਡਣ ਚਲੇ ਜਾਣਾ ਸੀ। ਮੈਂ ਉਸ ਨੂੰ ਮੈਸਜ ਤੇ ਹੀ ਕਿਹਾ ਕਿ- ਸਾਡੇ ਘਰ ਪਾਣੀ ਦੀ ਬੂੰਦ ਨਹੀਂ ਹੈ। ਜੇ ਹੋ ਸਕੇ ਤਾਂ ਇੱਕ ਦੋ ਬੋਤਲਾਂ ਭਰ ਕੇ ਜਾਣ ਲੱਗੀ ਫੜਾ ਦੇਵੇ। ਉਸ ਦੇ ਘਰ ਦੋ ਦਿਨ ਪਹਿਲਾਂ ਹੀ ਸਿਮਰਨ ਸਮਾਗਮ ਹੋ ਕੇ ਹਟੇ ਸਨ। ਉਸ ਨੇ ਕੁਦਰਤੀ ਬਾਹਰ ਨਿਕਲਣ ਵੇਲੇ ਮੈਸਜ ਦੇਖ ਲਿਆ- ਪਰ ਉਸ ਕੋਲ ਵੀ ਖਾਲੀ ਬੋਤਲਾਂ ਲੱਭ ਕੇ ਪਾਣੀ ਭਰਨ ਦਾ ਟਾਈਮ ਨਹੀਂ ਸੀ। ਉਸ ਨੇ, ਘਰ ਸਿਮਰਨ ਲਈ ਆਈਆਂ ਪਾਣੀ ਦੀਆਂ ਬਚੀਆਂ ਬੰਦ ਬੋਤਲਾਂ ਵਿਚੋਂ, ਚਾਰ ਬੋਤਲਾਂ ਲਿਫਾਫੇ ਵਿੱਚ ਪਾਈਆਂ ਤੇ ਰੋਡ ਤੇ ਫੜਾ ਗਈ। ਉਸ ਤੋਂ ਲਿਫਾਫਾ ਫੜਦਿਆਂ, ਮੈਂ ਕਈ ਵਾਰ ਉਸ ਦਾ ਧੰਨਵਾਦ ਕੀਤਾ।

ਹਰ ਰੋਜ਼ ਸ਼ਾਮ ਨੂੰ ਲੇਕ ਤੇ ਸੈਰ ਕਰਦਿਆਂ, ਮੇਰੀਆਂ ਕਈ ਸਹੇਲੀਆਂ ਬਣ ਗਈਆਂ। ਜਿਹਨਾਂ ਵਿੱਚੋਂ ਇੱਕ ਇਸੇ ਹੀ ਬਿਲਡਿੰਗ ਦੀ ਚੌਥੀ ਮੰਜ਼ਿਲ ਤੇ, ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਉਸ ਦਾ ਬੇਟਾ ਐਡਮੰਟਨ ਦੇ ਨੇੜੇ ਜੌਬ ਕਰਦਾ ਤੇ ਵੀਕ ਐਂਡ ਤੇ ਹੀ ਆਉਂਦਾ ਜਦ ਕਿ ਉਸ ਦੀ ਪੀ.ਐਚ.ਡੀ ਕਰਦੀ ਨੂੰਹ, ਆਪਣੇ ਪਰੋਜੈਕਟ ਦੇ ਸਬੰਧ ਵਿੱਚ ਚਾਰ ਦਿਨ ਲਈ ਯੂ. ਐਸ. ਏ. ਗਈ ਹੋਈ ਸੀ। ਸੋ ਇਸ ਘਟਨਾ ਵਾਲੇ ਦਿਨ, ਉਹ ਤੇ ਉਸ ਦੀਢਾਈ ਕੁ ਸਾਲ ਦੀ ਪੋਤੀ ਹੀ ਸਨ ਘਰੇ। ਮੈਨੂੰ ਆਪਣੇ ਨਾਲੋਂ ਵੱਧ ਉਹਨਾਂ ਦਾ ਫਿਕਰ ਸੀ। ਮੇਰੇ ਕੋਲ ਤਾਂ ਮੇਰੀ ਨੂੰਹ ਵੀ ਸੀ, ਜਿਸ ਨੇ ਦੋ ਦਿਨ ਘਰੋਂ ਕੰਮ ਕਰਨਾ ਸੀ, ਪਰ ਉਹ ਤਾਂ ਵਿਚਾਰੀ ਪੋਤੀ ਨੂੰ ਛੱਡ ਕੇ, ਕਿਤੋਂ ਪਾਣੀ ਲੈਣ ਵੀ ਨਹੀਂ ਜਾ ਸਕਦੀ। ਮੈਂ ਸਵੇਰ ਹੁੰਦਿਆਂ ਹੀ, ਪਹਿਲਾਂ ਉਸ ਦਾ ਹਾਲ ਪੁੱਛਿਆ। ਉਸ ਨੇ ਦੱਸਿਆ ਕਿ-'ਇੱਕ ਪਾਣੀ ਦੀ ਕੇਨੀ ਸਟੋਰ ਵਿੱਚ ਐਮਰਜੈਂਸੀ ਲਈ ਸਾਂਭੀ ਹੋਈ ਸੀ ਬੇਟੇ ਨੇ, ਜਿਸ ਨਾਲ ਮੈਂ ਹੁਣ ਤੱਕ ਸਾਰਿਆ। ਪੀਣ ਦਾ ਤਾਂ ਸਰ ਗਿਆ,ਪਰ ਹੱਥ ਸੁੱਚੇ ਕਰਨ ਲਈ ਪਾਣੀ ਨਹੀਂ। ਕਿਚਨ ਵਿੱਚ ਕਿਵੇਂ ਜਾਵਾਂ? ਜੇ ਤੁਹਾਡੇ ਕੋਲ ਹੈ ਤਾਂ ਇੱਕ ਮੱਘ ਦੇ ਜਾਵੋ'। ਮੈਂ ਉਹਨਾਂ ਚਾਰ ਬੋਤਲਾਂ ਵਿੱਚੋਂ ਦੋ ਲਿਫਾਫੇ ਵਿੱਚ ਪਾ ਕੇ ਲਿਫਟ ਰਾਹੀਂ ਉਸ ਨੂੰ ਦੇਣ ਚਲੀ ਗਈ। ਪਰ ਮੈਂ ਹੈਰਾਨ ਹੋਈ ਉਸ ਦੀ ਕਿਚਨ ਦੇਖ ਕੇ- ਸਾਰੇ ਬਰਤਨ ਵਗੈਰਾ ਸਾਫ ਪਏ ਸਨ। ਮੇਰੇ ਪੁੱਛਣ ਤੇ ਉਸ ਦੱਸਿਆ ਕਿ-'ਮੈਨੂੰ ਰਾਤੀਂ ਨੀਂਦ ਨਹੀਂ ਸੀ ਆ ਰਹੀ- ਤੇ ਮੈਂ ਟੂਟੀ ਵੀ ਖੁਲ੍ਹੀ ਛੱਡੀ ਸੀ ਤਾਂ ਕਿ ਪਾਣੀ ਦਾ ਪਤਾ ਲੱਗ ਜਾਵੇ। ਰਾਤ 11 ਵਜੇ ਪਾਣੀ ਆਇਆ ਤਾਂ ਮੈਂ ਫਟਾ ਫਟ ਸਾਰੇ ਬਰਤਨ ਕਰ ਲਏ ਜਦ ਕਿ ਅੱਧੇ ਘੰਟੇ ਬਾਅਦ ਫਿਰ ਬੰਦ ਹੋ ਗਿਆ'। ਪਰ ਅਸੀਂ ਤਾਂ ਸਾਢੇ ਕੁ ਦਸ ਵਜੇ ਤੱਕ ਪਾਣੀ ਉਡੀਕ ਕੇ ਸੌਂ ਗਏ ਸੀ। ਵਾਪਸੀ ਤੇ ਲਿਫਟ 'ਚ ਕਈ ਬੱਚੇ ਮਿਲੇ- ਜੋ ਵਿਚਾਰੇ ਕੁਮਲਾਏ ਚਿਹਰਿਆਂ ਨਾਲ ਹੀ ਕੰਮਾਂ ਤੇ ਜਾ ਰਹੇ ਸਨ।

ਤਕਰੀਬਨ ਨੌਂ ਕੁ ਵਜੇ, ਮੇਰੀ ਨੂੰਹ ਦੇ ਭਰਾ ਨੇ ਮੈਸਜ ਦੇਖੇ ਤਾਂ ਉਹ ਦੁੱਧ ਦੀਆਂ ਖਾਲੀ ਕੇਨੀਆਂ ਤੇ ਕੋਲਡ ਡਰਿੰਕ ਦੀਆਂ ਬੋਤਲਾਂ, ਸਾਰੀਆਂ ਭਰ ਕੇ ਦੇ ਗਿਆ। ਮੈਂ ਫਿਰ ਆਪਣੀ ਸਹੇਲੀ ਨੂੰ ਪੁੱਛਿਆ ਕਿ- 'ਹੁਣ ਪਾਣੀ ਬਹੁਤ ਆ ਗਿਆ ਹੈ..ਜੇ ਲੋੜ ਹੈ ਤਾਂ ਦੇ ਜਾਵਾਂ'। ਪਰ ਉਸ ਦੱਸਿਆ ਕਿ ਉਸ ਨੇ ਹਿਊਮਡਿਟੀ ਫਾਇਰ ਵਿੱਚੋਂ ਇੱਕ ਮੱਘ ਪਾਣੀ ਕੱਢ ਲਿਆ ਸੀ ਹੱਥ ਵਗੈਰਾ ਧੋਣ ਲਈ। ਮੈਂ ਦੇਖਿਆ ਕਿ- ਮੇਰੇ ਘਰ ਵੀ ਤਾਂ ਉਸ ਵਿੱਚਦੋ ਕੁ ਗਲਾਸ ਪਾਣੀ ਪਿਆ ਸੀ, ਪਰ ਮੈਨੂੰ ਉਸ ਦਾ ਧਿਆਨ ਨਹੀਂ ਰਿਹਾ। ਭਾਈ- ਲੋੜ ਕਾਢ ਦੀ ਮਾਂ ਹੈ। ਸਵੇਰੇ 11:30 ਵਜੇ ਪਾਣੀ ਆਇਆ, ਪਰ ਬਰਫ ਵਰਗਾ ਠੰਢਾ। ਤਾਂ ਵੀ ਅਸੀਂ ਸ਼ੁਕਰ ਕੀਤਾ ਕਿ ਠੰਢਾ ਹੀ ਸਹੀ, ਪਾਣੀ ਤਾਂ ਹੈ। ਉਸ ਪਾਣੀ ਨਾਲ ਹੀ ਰਸੋਈ ਸਾਂਭੀ। ਘੰਟੇ ਕੁ ਬਾਅਦ ਫਿਰ ਚਲਾ ਗਿਆ ਪਰ ਅਸੀਂ ਉਸ ਸਮੇਂ ਵਿੱਚ ਬਾਥ ਰੂਮ ਵਿੱਚ ਵੀ ਬਾਲਟੀ ਭਰ ਕੇ ਰੱਖ ਲਈ। ਪਰ ਉਸ ਦਿਨ ਕੋਈ ਵੀ ਨ੍ਹਾਤਾ ਧੋਤਾ ਨਾ। ਮੇਰੇ ਵਰਗੀ ਨੇ ਤਾਂ ਹੱਥ ਮੂੰਹ ਧੋ ਕੇ ਨਿੱਤ ਨੇਮ ਕਰ, ਅਰਦਾਸ ਵਿੱਚ ਗੁਰੂ ਸਾਹਿਬ ਤੋਂ ਭੁੱਲ ਚੁੱਕ ਦੀ ਖਿਮਾ ਮੰਗ ਲਈ, ਤੇ ਨਾਸ਼ਤਾ ਕਰ ਲਿਆ। ਪਰ ਮੇਰੀ ਸਹੇਲੀ ਤਾਂ ਆਪਣੇ ਹਿੰਦੂ ਧਰਮ ਵਿੱਚ ਬਹੁਤ ਪ੍ਰਪੱਕ ਸੀ। ਉਹ ਤਾਂ ਨਹਾ ਕੇ, ਪੂਜਾ ਪਾਠ ਕਰਕੇ ਹੀ ਕੁੱਝ ਖਾਂਦੀ ਸੀ। ਉਸ ਨੇ ਪੋਤੀ ਨੂੰ ਦੁੱਧ ਜਾਂ ਫਰੂਟ ਖੁਆ ਦਿੱਤਾ-ਪਰ ਆਪ ਪਾਣੀ ਦਾ ਘੁੱਟ ਵੀ ਨਹੀਂ ਸੀ ਪੀਤਾ 11 ਵਜੇ ਤੱਕ। 11:30 ਪਾਣੀ ਆਇਆ ਤਾਂ ਉਸ ਨੇ ਚਿਲਡ ਵਾਟਰ ਨਾਲ ਹੀ ਇਸ਼ਨਾਨ ਕੀਤਾ, ਪੂਜਾ ਪਾਠ ਕੀਤਾ ਤੇ ਫਿਰ ਕੁਝ ਖਾਧਾ। ਮੈਂ ਹੈਰਾਨ ਹੁੰਦੀ ਹਾਂ- ਉਸ ਦਾ ਸਬਰ ਸੰਤੋਖ ਵੇਖ ਕੇ।

ਦੋ ਦਿਨ ਇਸੇ ਤਰ੍ਹਾਂ, ਠੰਢਾ ਪਾਣੀ ਲੁਕਣ ਮੀਟੀ ਖੇਡਦਾ ਰਿਹਾ ਸਾਡੇ ਨਾਲ। ਤੀਸਰੇ ਦਿਨ ਮੇਰੀ ਨੂੰਹ ਨੇ ਔਫਿਸ ਜਾਣਾ ਸੀ, ਉਸ ਦੀ ਜਰੂਰੀ ਮੀਟਿੰਗ ਸੀ। ਉਸ ਦਾ ਸਿਰ ਧੋਣ ਵਾਲਾ ਸੀ, ਪਰ ਅਜੇ ਵੀ ਪਾਣੀ ਗਰਮ ਨਹੀਂ ਸੀ ਆ ਰਿਹਾ। ਸ਼ਾਇਦ ਕੋਈ ਵੱਡਾ ਹੀ ਨੁਕਸ ਪੈ ਗਿਆ ਸੀ। ਵੈਸੇ ਕੈਨੇਡਾ ਵਿੱਚ ਤਾਂ ਇੰਨੀ ਦੇਰ ਕਦੇ ਰਿਪੇਅਰ ਨੂੰ ਲਗਦੀ ਨਹੀਂ। ਮੈਂ ਉਸ ਨੂੰ ਕਿਹਾ ਕਿ-'ਮੈਂ ਤਾਂ ਅੱਜ ਗੈਸ ਤੇ ਪਤੀਲਾ ਗਰਮ ਕਰਕੇ, ਉਸ ਪਾਣੀ ਵਿੱਚ ਮਿਲਾ ਕੇ ਨਹਾ ਲਿਆ। ਸੋ ਤੈਨੂੰ ਵੀ ਗੈਸ ਤੇ ਕਰ ਦਿੰਦੇ ਹਾਂ'। ਅਸਾਂ ਪੁੱਛਿਆ ਕਿ-'ਦੋ ਕੁ ਬਾਲਟੀਆਂ ਨਾਲ ਨਹਾ ਲਵੇਂਗੀ?'ਪਰ ਉਸ ਕਿਹਾ,'ਮੈਂ ਤਾਂ ਪਹਿਲਾਂ ਸ਼ੈਂਪੂ ਕਰਨਾ ਹੈ ਫਿਰ ਕੰਡੀਸ਼ਨਰ- ਪਤਾ ਨਹੀਂ ਕਿੰਨੀਆਂ ਕੁ ਬਾਲਟੀਆਂ, ਮੈਂ ਸ਼ਾਵਰ ਕਰਦੇ ਹੋਏ ਵਰਤ ਲੈਂਦੀ ਹਾਂ'। ਮੈਨੂੰ ਅਹਿਸਾਸ ਹੋਇਆ ਕਿ- ਅਸੀਂ ਲੋਕ ਸ਼ਾਵਰ ਕਰਦੇ ਹੋਏ, ਕਿੰਨਾ ਪਾਣੀ ਜ਼ਾਇਆ ਕਰ ਦਿੰਦੇ ਹਨ।

ਮੇਰੀ ਸੋਚ ਕਈ ਵਰ੍ਹੇ ਪਿੱਛੇ ਚਲੀ ਗਈ। ਕਿਵੇਂ ਸਾਡੇ ਬੀਜ਼ੀ ਐਤਵਾਰ ਸਵੇਰੇ ਹੀ ਚੁਲ੍ਹੇ ਵਿੱਚ ਮੋਟੀਆਂ ਲੱਕੜਾਂ ਲਾ ਦਿੰਦੇ ਤੇ ਸਭ ਨੂੰ ਨਹਾਉਣ ਲਈ ਕਹੀ ਜਾਂਦੇ। ਸਾਨੂੰ ਹੁਕਮ ਹੁੰਦਾ ਸੀ ਕਿ-ਜਿੰਨਾ ਪਾਣੀ ਪਤੀਲੇ ਚੋਂ ਲੈ ਲਵੋ, ਉਨਾ ਹੋਰ ਪਾ ਦਿਓ। ਸ਼ਹਿਰ ਵਿੱਚ ਵੀ ਇਕਾਸੀ ਬਿਆਸੀ ਤੱਕ- ਸਟੋਵ, ਅੰਗੀਠੀ, ਚੁਲ੍ਹੇ ਹੀ ਹੁੰਦੇ ਸਨ। ਗੈਸ ਜਾਂ ਗੀਜ਼ਰ ਅਜੇ ਨਹੀਂ ਸੀ ਆਏ ਘਰ੍ਹਾਂ ਵਿੱਚ। ਉਦੋਂ ਵੀ ਸਾਡੇ ਬੇਜੀ ਅੰਗੀਠੀ ਜਾਂ ਚੁਲ੍ਹੇ ਤੇ, ਪਾਣੀ ਦੇ ਪਤੀਲੇ ਸਰਦੀ ਵਿੱਚ ਗਰਮ ਕਰ ਕਰਕੇ, ਸਭ ਨੂੰ ਨਹਾਉਣ ਲਈ ਦਿੰਦੇ। ਸੋ ਮੈਂ ਵੀ ਉਸ ਦਿਨ ਇਹੀ ਕੀਤਾ। ਗੈਸ ਦੇ ਚਾਰੇ ਚੁਲ੍ਹਿਆਂ ਤੇ ਚਾਰ ਪਤੀਲੇ ਭਰ ਕੇ ਰੱਖ ਦਿੱਤੇ। ਮੈਂ ਪੋਤੇ ਨੂੰ ਲੈ ਕੇ ਆਪਣੇ ਕਮਰੇ ਵਿੱਚ ਖਿਡਾਉਣ ਲੱਗੀ, ਤੇ ਬੇਟੇ ਦੀ ਡਿਊਟੀ ਲਾਈ ਕਿ- ਉਹ ਉਸ ਨੂੰ ਬਾਥ ਰੂਮ ਵਿੱਚ ਇੱਕ ਇੱਕ ਪਤੀਲਾ ਦੇਈ ਜਾਵੇ। ਸੋ ਇਸ ਤਰ੍ਹਾਂ ਚਾਰ ਬਾਲਟੀਆਂ ਨਾਲ,ਰਾਤ ਨੂੰ ਉਸ ਦਾ ਸਿਰ ਧੁਆਇਆ।

ਮੰਗਲਵਾਰ ਸ਼ਾਮ ਦਾ ਪਾਣੀ ਗਿਆ ਹੋਇਆ, ਜਾ ਕੇ ਸ਼ੁਕਰਵਾਰ ਸਵੇਰੇ ਨੌਰਮਲ (ਗਰਮ- ਠੰਢਾ) ਪਾਣੀ ਆਇਆ ਤਾਂ ਸਭ ਨੇ ਸੁੱਖ ਦਾ ਸਾਹ ਲਿਆ। ਹੁਣਉਸ ਦਿਨ ਤੋਂ, ਸਭ ਨੇ ਕੁਝ ਪਾਣੀ ਆਪਣੇ ਸਟੋਰਾਂ ਵਿੱਚ ਸਟੋਰ ਕਰ ਲਿਆ ਹੈ।

ਸਾਥੀਓ- ਉਸ ਦਿਨ ਸਾਨੂੰ ਸਮਝ ਪਈ ਕਿ- ਪਾਣੀ ਤੋਂ ਬਿਨਾ ਜਿਉਣਾ ਕਿੰਨਾ ਮੁਸ਼ਕਿਲ ਹੈ। ਸ਼ੁਕਰਾਨਾ ਕਰੀਏ ਕੁਦਰਤ ਦਾ- ਜੋ ਸਾਨੂੰ ਹਵਾ- ਪਾਣੀ ਮੁਫਤ ਦੇ ਰਹੀ ਹੈ। ਪਰ ਅਸੀਂ- ਲੋਕ ਸ਼ਾਵਰ ਕਰਦੇ, ਬੁਰੱਸ਼ ਕਰਦੇ, ਬਰਤਨ ਮਾਂਜਦੇ..ਕਿੰਨਾ ਹੀ ਪਾਣੀ ਵੇਸਟ ਕਰੀ ਜਾਂਦੇ ਹਾਂ। ਟੂਟੀਆਂ ਲਗਾਤਾਰ ਚਲਦੀਆਂ ਰਹਿੰਦੀਆਂ ਹਨ। ਕੁਦਰਤੀ ਨਿਆਮਤਾਂ ਦੀ ਸੰਭਾਲ ਕਰਨਾ ਤਾਂ ਸਾਡਾ ਫਰਜ਼ ਬਣਦਾ ਹੈ ਨਾ! ਪਾਣੀ ਦੇ ਸਰੋਤਾਂ ਬਾਰੇ ਚਿੰਤਾ ਕਰਦਿਆਂ ਹੀ, ਮੈਂ ਇੱਕ ਗੀਤ ਲਿਖਿਆ ਹੈ-

ਧਰਤੀ ਮਾਂ ਦੀ ਹਿੱਕ ਦੇ ਵਿੱਚੋਂ, ਮੁੱਕ ਚਲਿਆ ਏ ਪਾਣੀ,
ਧਰਤੀ ਤੇ ਕੋਈ ਜੀਵ ਨ੍ਹੀ ਬਚਣਾ, ਹੋਣੀ ਖਤਮ ਕਹਾਣੀ।

# ਵਿਰੋਧੀ ਧਿਰਾਂ ਜਨਤਾ ਨੂੰ ਭ੍ਰਿਸ਼ਟਾਚਾਰ-ਮੁਕਤ ਸਰਕਾਰ ਦੇਣ ਦਾ ਭਰੋਸਾ ਦਿਵਾਉਣ

ਬਿਹਾਰ 'ਚ ਮੌਜੂਦਾ ਸੰਕਟ ਭਾਰਤ ਦੀਆਂ ਵਿਰੋਧੀ ਪਾਰਟੀਆਂ ਨੂੰ ਦਰਪੇਸ਼ ਇਕ ਵਿਆਪਕ ਸਮੱਸਿਆ ਨੂੰ ਪ੍ਰਤੀਬਿੰਬਤ ਕਰਦਾ ਹੈ। ਵਿਰੋਧੀ ਪਾਰਟੀਆਂ ਨੂੰ ਲਗਾਤਾਰ ਇਹ ਸਮੱਸਿਆ ਦਰਪੇਸ਼ ਰਹੇਗੀ ਅਤੇ 2019 ਦੀਆਂ ਆਮ ਚੋਣਾਂ ਵਿਚ ਵੀ ਉਨ੍ਹਾਂ ਨੂੰ ਪ੍ਰਭਾਵਿਤ ਕਰੇਗੀ। ਇਹ ਸਮੱਸਿਆ ਹੈ ਭਰੋਸੇਯੋਗਤਾ ਦੀ ਅਤੇ ਮੈਂ ਅਗਲੇ ਕੁਝ ਪਲਾਂ ਵਿਚ ਇਸ ਸਮੱਸਿਆ ਵੱਲ ਪਰਤਾਂਗਾ।

ਬਿਹਾਰ ਦਾ ਮੁੱਦਾ ਬਿਲਕੁਲ ਆਸਾਨ ਹੈ : ਉਪ-ਮੁੱਖ ਮੰਤਰੀ ਤੇਜਸਵੀ ਯਾਦਵ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਇਸ ਸੰਬੰਧ ਵਿਚ ਕੇਂਦਰੀ ਜਾਂਚ ਬਿਊਰੋ ਨੇ ਐਫ. ਆਈ. ਆਰ. ਦਰਜ ਕੀਤੀ ਹੈ। ਸਰਕਾਰ ਨੇ ਤੇਜਸਵੀ ਯਾਦਵ ਅਤੇ ਉਸ ਦੇ ਪਰਿਵਾਰ ਦੀ ਮਾਲਕੀ ਵਾਲੀਆਂ ਕੁਝ ਜਾਇਦਾਦਾਂ ਦੇ ਵੇਰਵਿਆਂ ਦਾ ਖੁਲਾਸਾ ਕੀਤਾ ਹੈ ਜਾਂ ਫਿਰ ਇਨ੍ਹਾਂ ਨੂੰ ਲੀਕ ਕੀਤਾ ਹੈ। ਦੋਸ਼ ਕੋਈ ਛੋਟੇ-ਮੋਟੇ ਨਹੀਂ ਹਨ। ਜਾਇਦਾਦਾਂ ਦੇ ਆਕਾਰ ਦਾ ਖੁਲਾਸਾ ਤਾਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਮੀਡੀਆ ਵਿਚ ਉਪ-ਮੁੱਖ ਮੰਤਰੀ ਦੀ ਹਮਾਇਤ ਲੱਗਭਗ ਗਾਇਬ ਹੈ। ਪਰਿਵਾਰ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਹਨ, ਜੋ ਭਾਜਪਾ ਦੇ ਵਿਰੁੱਧ ਸਾਂਝੇ ਫਰੰਟ ਦੇ ਸਭ ਤੋਂ ਬੜਬੋਲੇ ਪੱਖੀਆਂ 'ਚੋਂ ਇਕ ਹਨ। ਬਿਹਾਰ ਸਰਕਾਰ ਦਾ ਸੰਚਾਲਨ ਲਾਲੂ ਯਾਦਵ ਦੀ ਪਾਰਟੀ ਰਾਸ਼ਟਰੀ ਜਨਤਾ ਦਲ, ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂਨਾਈਟਿਡ) ਦੇ ਗੱਠਜੋੜ ਵਲੋਂ ਕੀਤਾ ਜਾ ਰਿਹਾ ਹੈ। ਕਿਸੇ ਜ਼ਮਾਨੇ ਵਿਚ ਇਹ ਦੋਵੇਂ ਪਾਰਟੀਆਂ ਇਕ ਹੀ ਵਿਚਾਰਧਾਰਾ ਨਾਲ ਜੁੜੀਆਂ ਹੋਈਆਂ ਸਨ, ਜਿਸ ਨੂੰ ਲੋਹੀਆਵਾਦੀ ਸਮਾਜਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਵਿਚਾਰਧਾਰਾ ਦਾ ਨਾਮਕਰਨ ਭਾਰਤੀ ਸਿਆਸਤ ਦੇ ਸਭ ਤੋਂ ਚਮਤਕਾਰੀ ਵਿਅਕਤੀਆਂ 'ਚੋਂ ਇਕ ਰਾਮਮਨੋਹਰ ਲੋਹੀਆ ਦੇ ਨਾਂ 'ਤੇ ਕੀਤਾ ਗਿਆ ਸੀ, ਜਿਨ੍ਹਾਂ ਨੂੰ ਹੁਣ ਲੱਗਭਗ ਮੁਕੰਮਲ ਤੌਰ 'ਤੇ ਭੁਲਾ ਦਿੱਤਾ ਗਿਆ ਹੈ, ਮੂਲ ਤੌਰ 'ਤੇ ਸਮਾਜਵਾਦੀ ਕਾਂਗਰਸ ਦਾ ਵਿਰੋਧ ਕਰਦੇ ਸਨ। ਪਰ ਭਾਰਤੀ ਜਨਤਾ ਪਾਰਟੀ ਦੀ ਚੜ੍ਹਤ ਅਤੇ ਖਾਸ ਤੌਰ 'ਤੇ ਬਾਬਰੀ ਢਾਂਚੇ ਵਿਰੁੱਧ ਸਫਲਤਾ ਨੇ ਲੋਹੀਆਵਾਦੀ ਸਿਆਸਤਦਾਨਾਂ ਨੂੰ ਹਿੰਦੂਤਵ ਵਿਰੋਧੀ ਬਣਾ ਦਿੱਤਾ ਤੇ ਉਨ੍ਹਾਂ ਨੇ ਖੁੱਲ੍ਹੇ ਤੌਰ 'ਤੇ ਕਾਂਗਰਸ ਨਾਲ ਗਲਵੱਕੜੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਬੇਸ਼ੱਕ ਜਾਰਜ ਫਰਨਾਂਡੀਜ਼ ਅਤੇ ਕੁਝ ਹੱਦ ਤਕ ਨਿਤੀਸ਼ ਕੁਮਾਰ ਵਰਗੇ ਲੋਕ ਕਾਂਗਰਸ ਵਿਰੋਧ ਦੇ ਪੈਂਤੜੇ ਉੱਤੇ ਡਟੇ ਰਹੇ ਤਾਂ ਵੀ ਉਹ ਸਾਰੇ ਦੇ ਸਾਰੇ ਭਾਜਪਾ ਵਿਰੋਧ ਦੀ ਆਪਣੀ ਮੂਲ ਪੁਜ਼ੀਸ਼ਨ 'ਤੇ ਪਰਤ ਆਏ।

ਹੁਣ ਉਨ੍ਹਾਂ 'ਤੇ ਵਿਚਾਰਧਾਰਾ ਦਾ ਤਿਆਗ ਕਰਨ ਅਤੇ ਪਾਖੰਡਬਾਜ਼ੀ ਵਿਚ ਸ਼ਾਮਿਲ ਹੋਣ ਦੇ ਦੋਸ਼ ਲਾਏ ਜਾ ਰਹੇ ਹਨ। ਆਖਿਰ ਇਹ ਕਿੱਥੋਂ ਦਾ ਸਮਾਜ ਹੈ, ਜਦੋਂ ਕਥਿਤ ਸਮਾਜਵਾਦੀ ਨੇਤਾ ਅਤੇ ਉਨ੍ਹਾਂ ਦੇ ਪਰਿਵਾਰ ਅਜਿਹੇ ਸੂਬਿਆਂ ਵਿਚ ਅਰਬਾਂ ਰੁਪਿਆਂ ਦੀ ਕਮਾਈ ਕਰ ਰਹੇ ਹਨ, ਜਿਥੇ ਜ਼ਿਆਦਾ ਲੋਕ ਦੋ-ਟੁੱਕ ਦੀ ਰੋਟੀ ਲਈ ਵੀ ਮੁਥਾਜ ਹਨ? ਲਾਲੂ ਯਾਦਵ ਦੇ ਪਰਿਵਾਰ ਨਾਲ ਸੰਬੰਧਿਤ ਜੋ ਰਿਪੋਰਟਾਂ ਪ੍ਰਕਾਸ਼ਿਤ ਹੋਈਆਂ ਹਨ, ਉਹ 1 ਕਰੋੜ ਰੁਪਏ ਤੋਂ ਵੀ ਵੱਧ ਬੇਨਾਮੀ ਸੌਦਿਆਂ ਦਾ ਵਰਣਨ ਕਰਦੀਆਂ ਹਨ। ਮੈਂ ਇਹ ਸਵੀਕਾਰ ਕਰਦਾ ਹਾਂ ਕਿ ਇਹ ਸਿਰਫ ਦੋਸ਼ ਹਨ ਅਤੇ ਕਿਸੇ ਨਾ ਕਿਸੇ ਅਦਾਲਤ ਵਿਚ ਜ਼ਰੂਰ ਹੀ ਪ੍ਰਮਾਣਿਤ ਕੀਤੇ ਜਾਣੇ ਚਾਹੀਦੇ ਹਨ ਪਰ ਯਾਦਵ ਪਰਿਵਾਰ ਆਪਣੇ ਬਚਾਅ ਵਿਚ ਜੋ ਦਲੀਲਾਂ ਪੇਸ਼ ਕਰ ਰਿਹਾ ਹੈ, ਉਹ ਤੱਥਾਂ 'ਤੇ ਆਧਾਰਿਤ ਨਹੀਂ ਹਨ। ਯਾਦਵ ਪਰਿਵਾਰ ਦੇ ਮੈਂਬਰ ਬਹੁਤ ਹਿੱਕ ਠੋਕ ਕੇ ਕਹਿ ਰਹੇ ਹਨ ਕਿ ਉਹ ਭਾਜਪਾ ਤੋਂ ਨਹੀਂ ਡਰਦੇ ਅਤੇ ਫਿਰਕੂ ਤਾਕਤਾਂ ਵਿਰੁੱਧ ਲੜਦੇ ਰਹਿਣਗੇ।



ਸਮਾਜਵਾਦੀਆਂ ਵਲੋਂ ਕਾਂਗਰਸ ਉੱਤੇ ਪਰਿਵਾਰਵਾਦ ਨੂੰ ਉਤਸ਼ਾਹ ਦੇਣ ਦਾ ਦੋਸ਼ ਲਾਇਆ ਜਾਂਦਾ ਰਿਹਾ ਹੈ, ਜੋ ਕਿ ਕਿਸੇ ਵੀ ਤਰ੍ਹਾਂ ਗਲਤ ਨਹੀਂ ਸੀ। ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਨਹਿਰੂ ਨੇ ਇੰਦਰਾ ਨੂੰ ਅੱਗੇ ਵਧਾਇਆ ਸੀ ਅਤੇ ਰਾਜੀਵ ਤੋਂ ਬਾਅਦ ਸੋਨੀਆ ਗਾਂਧੀ ਕਾਂਗਰਸ ਪ੍ਰਧਾਨ ਬਣੀ ਸੀ? ਅਜਿਹੇ ਦੋਸ਼ ਲਾਉਣ ਵਾਲੇ ਸਮਾਜਵਾਦੀਆਂ ਤੋਂ ਤਾਂ ਸਾਨੂੰ ਬਿਲਕੁਲ ਇਹ ਉਮੀਦ ਨਹੀਂ ਸੀ ਕਿ ਉਹ ਖ਼ੁਦ ਪਰਿਵਾਰਵਾਦ ਦੀਆਂ ਰਵਾਇਤਾਂ ਸ਼ੁਰੂ ਕਰ ਲੈਣਗੇ।

ਉੱਤਰ ਪ੍ਰਦੇਸ਼ ਵਾਲੇ ਯਾਦਵਾਂ ਨੇ ਸਮਾਜਵਾਦੀ ਪਾਰਟੀ ਨੂੰ ਆਪਣੀ 'ਜੇ. ਬੀ. ਪਾਰਟੀ' ਬਣਾ ਦਿੱਤਾ ਅਤੇ ਉਹ ਹੁਣ ਸਿਰਫ ਨਾਂ ਦੀ ਹੀ ਸਮਾਜਵਾਦੀ ਰਹਿ ਗਈ ਹੈ। ਦਾਦੇ ਅਤੇ ਬਾਬੇ ਦੇ ਭਰਾਵਾਂ ਦੀਆਂ ਔਲਾਦਾਂ 'ਚੋਂ ਵੀ ਮੁਸ਼ਕਿਲ ਨਾਲ ਹੀ ਮੁਲਾਇਮ ਸਿੰਘ ਯਾਦਵ ਦਾ ਕੋਈ ਰਿਸ਼ਤੇਦਾਰ ਅਜਿਹਾ ਬਚਿਆ ਹੋਵੇਗਾ, ਜਿਸ ਨੂੰ ਸਮਾਜਵਾਦੀ ਪਾਰਟੀ ਨੇ ਲੋਕ ਸਭਾ ਜਾਂ ਵਿਧਾਨ ਸਭਾ ਲਈ ਟਿਕਟ ਨਾ ਦਿੱਤੀ ਹੋਵੇ ਅਤੇ ਅਜਿਹੀ ਤਾਂ ਮੁਸ਼ਕਿਲ ਨਾਲ ਹੀ ਕੋਈ ਮਿਸਾਲ ਮਿਲਦੀ ਹੋਵੇਗੀ ਕਿ ਚੋਣ ਜਿੱਤੇ ਹੋਏ ਅਜਿਹੇ ਯਾਦਵ ਨੂੰ ਮੰਤਰੀ ਅਹੁਦਾ ਜਾਂ ਹੋਰ ਕਿਸੇ ਮਲਾਈਦਾਰ ਅਹੁਦੇ ਤੋਂ ਵਾਂਝੇ ਰੱਖਿਆ ਗਿਆ ਹੋਵੇ।

ਇਹ ਹੈ ਉਨ੍ਹਾਂ ਸਮਾਜਵਾਦੀਆਂ ਦੀਆਂ ਕਰਤੂਤਾਂ ਦਾ ਕੱਚਾ ਚਿੱਠਾ, ਜੋ ਦੁਹਾਈ ਦਿੰਦੇ ਹਨ ਕਿ ਉਹ ਮੌਜੂਦਾ ਸਮੇਂ ਦੀ ਫਿਰਕੂ ਅਤੇ ਫੁੱਟਪਾਊ ਰਾਜਨੀਤੀ ਦੇ ਵਿਰੁੱਧ ਨਿਰਣਾਇਕ ਲੜਾਈ ਲੜ ਰਹੇ ਹਨ। ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਘੱਟਗਿਣਤੀਆਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਬਹੁਤ ਮਜ਼ਬੂਤ ਹੈ ਅਤੇ ਭਾਰਤ ਦੀ ਉਨ੍ਹਾਂ ਦੀ ਕਲਪਨਾ ਵਿਸਤ੍ਰਿਤ ਹੈ ਪਰ ਰਾਜਨੀਤੀ ਦੇ ਮਜ਼੍ਹਬ ਨਾਲ ਸੰਬੰਧ ਨਾ ਰੱਖਣ ਵਾਲੇ ਮੁੱਦਿਆਂ 'ਤੇ ਉਨ੍ਹਾਂ ਦੀ ਕੋਈ ਭਰੋਸੇਯੋਗਤਾ ਨਹੀਂ ਹੈ। ਜਿਥੋਂ ਤਕ ਭ੍ਰਿਸ਼ਟਾਚਾਰ ਦਾ ਸੰਬੰਧ ਹੈ, ਯੂ. ਪੀ. ਅਤੇ ਬਿਹਾਰ ਦੇ ਯਾਦਵਾਂ ਲਈ ਭਾਜਪਾ ਅਤੇ ਇਸ ਦੇ ਸਮਰਥਕਾਂ ਵਲੋਂ ਲਾਏ ਜਾ ਰਹੇ ਦੋਸ਼ਾਂ ਦਾ ਉੱਤਰ ਦੇਣਾ ਬਹੁਤ ਮੁਸ਼ਕਿਲ ਹੋਵੇਗਾ।

ਭਰੋਸੇਯੋਗਤਾ ਦੀ ਇਸ ਕਮੀ ਨੇ ਖ਼ੁਦ ਨੂੰ ਸਮਾਜਵਾਦੀ ਕਹਿਣ ਵਾਲੇ ਯਾਦਵਾਂ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਰੱਖਿਆ ਹੈ। ਅਜਿਹੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ ਕਿ 2019 ਦੀਆਂ ਆਮ ਚੋਣਾਂ ਵਿਚ ਫਿਰਕਾਪ੍ਰਸਤੀਵਾਦ ਦਾ ਕੋਈ ਵੱਡਾ ਮੁੱਦਾ ਬਣ ਕੇ ਉੱਭਰੇਗਾ। ਇਸ ਦਾ ਕਾਰਨ ਇਹ ਹੈ ਕਿ ਭਾਜਪਾ ਨੇ ਗਊ ਹੱਤਿਆ ਵਰਗੇ ਮੁੱਦਿਆਂ 'ਤੇ ਹਿੰਸਾ ਦੀ ਸਥਿਤੀ ਨੂੰ ਆਮ ਕਰ ਲਿਆ। ਦੇਸ਼ ਹਰ ਦੂਜੇ, ਚੌਥੇ ਦਿਨ ਮੁਸਲਮਾਨਾਂ ਦੀ ਭੀੜ ਹੱਥੋਂ ਹੱਤਿਆ ਨੂੰ ਬਹੁਤ ਆਸਾਨੀ ਨਾਲ ਹਜ਼ਮ ਕਰ ਸਕਦਾ ਹੈ ਅਤੇ ਇਸ ਨੂੰ ਕੋਈ ਬਹੁਤ ਵੱਡਾ ਮੁੱਦਾ ਨਹੀਂ ਸਮਝਿਆ ਜਾਂਦਾ। ਜੇਕਰ ਇਹ ਕੋਈ ਵੱਡਾ ਮੁੱਦਾ ਹੁੰਦਾ ਤਾਂ ਸਾਨੂੰ ਰੋਜ਼ਾਨਾ ਦੀਆਂ ਘਟਨਾਵਾਂ ਵਿਚ ਇਸ ਦਾ ਪ੍ਰਤੀਬਿੰਬ ਕਿਤੇ ਨਾ ਕਿਤੇ ਦਿਖਾਈ ਦਿੰਦਾ ਪਰ ਅਜਿਹੀ ਕੋਈ ਗੱਲ ਦੇਖਣ ਵਿਚ ਨਹੀਂ ਆ ਰਹੀ। ਇਹ ਸਥਿਤੀ ਸ਼ਰਮਨਾਕ ਹੈ ਪਰ ਸੱਚਾਈ ਇਹੀ ਹੈ। ਅਜਿਹੀਆਂ ਹੱਤਿਆਵਾਂ ਹੁਣ ਗੌਣ ਮੁੱਦੇ ਬਣ ਕੇ ਰਹਿ ਗਈਆਂ ਹਨ। 2019 ਦੀਆਂ ਚੋਣਾਂ ਦਾ ਮੁੱਖ ਸੁਰ 2014 ਦੀਆਂ ਚੋਣਾਂ ਦਾ ਦੁਹਰਾਅ ਹੀ ਹੋਵੇਗਾ। ਮੋਦੀ ਕਹਿਣਗੇ ਕਿ ਦੇਸ਼ ਨੂੰ ਉਨ੍ਹਾਂ ਭ੍ਰਿਸ਼ਟ ਨੇਤਾਵਾਂ ਨੇ ਦਲਦਲ ਵਿਚ ਜਕੜ ਰੱਖਿਆ ਹੈ, ਜੋ ਅੱਤਵਾਦ ਪ੍ਰਤੀ ਨਰਮ ਰੁਖ਼ ਅਪਣਾਉਂਦੇ ਹਨ ਅਤੇ ਭਾਰਤ ਨੂੰ ਧੱਕਾ ਲੱਗਣ ਦਿੰਦੇ ਹਨ ਕਿਉਂਕਿ ਉਹ ਸਿਰਫ ਆਪਣੇ ਆਪ ਵਿਚ ਹੀ ਰੁਚੀ ਲੈਂਦੇ ਹਨ ਅਤੇ ਆਪਣੇ ਪਰਿਵਾਰਾਂ ਨੂੰ ਅਮੀਰ ਕਰਨ ਵਿਚ ਲੱਗੇ ਹਨ।

ਇਹ ਸਿੱਧੇ-ਸਾਦੇ ਤੇ ਗਵਾਰ ਲੋਕਾਂ ਵਾਲੀ ਦਲੀਲ ਹੈ ਅਤੇ ਮੈਂ ਇਹ ਨਹੀਂ ਮੰਨਦਾ ਕਿ ਇਹ ਸਹੀ ਹੈ ਪਰ ਇਸ ਦੇ ਵਿਰੁੱਧ ਜੁਆਬੀ ਹੱਲਾ ਬੋਲਣਾ ਅਤੇ ਆਪਣਾ ਪੱਖ ਠੋਸ ਢੰਗ ਨਾਲ ਪੇਸ਼ ਕਰਨਾ ਸਿਆਸੀ ਆਪੋਜ਼ੀਸ਼ਨ ਦੀ ਜ਼ਿੰਮੇਵਾਰੀ ਹੈ। ਜਦੋਂ ਤਕ ਇਸ ਦੀ ਪ੍ਰਤੀਕਿਰਿਆ ਸਿਰਫ ਫਿਰਕਾਪ੍ਰਸਤੀਵਾਦ ਦੇ ਦੋਸ਼ਾਂ ਤਕ ਸੀਮਤ ਰਹੇਗੀ, ਉਦੋਂ ਤਕ ਇਸ ਤੋਂ ਕੋਈ ਖਾਸ ਲਾਭ ਹੋਣ ਵਾਲਾ ਨਹੀਂ ਹੈ। ਉਨ੍ਹਾਂ ਨੂੰ ਕੁਲਹਿੰਦ ਪੱਧਰ 'ਤੇ ਕੋਈ ਮੁੱਦਾ ਉਠਾਉਣਾ ਹੋਵੇਗਾ ਅਤੇ ਜ਼ਿਆਦਾਤਰ ਭਾਰਤੀਆਂ ਨੂੰ ਇਸ 'ਤੇ ਸੰਤੁਸ਼ਟ ਕਰਵਾਉਣਾ ਪਵੇਗਾ, ਤਾਂ ਹੀ ਉਨ੍ਹਾਂ ਨੂੰ ਵਿਸ਼ਵਾਸ ਹੋਵੇਗਾ ਕਿ ਆਪੋਜ਼ੀਸ਼ਨ ਸੱਤਾ ਵਿਚ ਆਉਣ 'ਤੇ ਭ੍ਰਿਸ਼ਟਾਚਾਰ ਰਹਿਤ ਸਰਕਾਰਾਂ ਦਾ ਸੰਚਾਲਨ ਕਰ ਸਕਦੀ ਹੈ। ਉਨ੍ਹਾਂ ਨੂੰ ਜਨਤਾ ਨੂੰ ਵੀ ਇਹ ਵਿਸ਼ਵਾਸ ਦਿਵਾਉਣਾ ਹੋਵੇਗਾ ਕਿ ਉਹ ਵੀ ਮਨਮੋਹਨ ਸਿੰਘ ਅਤੇ ਨਰਿੰਦਰ ਮੋਦੀ ਵਾਂਗ ਬੇਦਾਗ਼ ਹਨ ਅਤੇ ਵਿਅਕਤੀਗਤ ਤੌਰ 'ਤੇ ਉਨ੍ਹਾਂ 'ਤੇ ਉਂਗਲੀ ਨਹੀਂ ਚੁੱਕੀ ਜਾ ਸਕਦੀ।


ਬਿਹਾਰ, ਯੂ. ਪੀ. ਅਤੇ ਕਈ ਹੋਰ ਸੂਬਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਅਨੇਕ ਸਾਲਾਂ ਤੋਂ ਦਾਗ਼ਦਾਰ ਅਤੇ ਕਲੰਕਿਤ ਚਿਹਰਿਆਂ ਨੂੰ ਅੱਗੇ ਕਰ ਕੇ ਅਜਿਹੀ ਉਪਲੱਬਧੀ ਹਾਸਿਲ ਕਰਨ ਦੀ ਕੋਈ ਸੰਭਾਵਨਾ ਦਿਖਾਈ ਨਹੀਂ ਦਿੰਦੀ। ਇਹ ਅਜਿਹਾ ਬੋਝ ਹੈ, ਜੋ 2019 ਤਕ ਵੀ ਆਪੋਜ਼ੀਸ਼ਨ ਦਾ ਪਿੱਛਾ ਨਹੀਂ ਛੱਡੇਗਾ। ਜਦੋਂ ਤਕ ਆਪੋਜ਼ੀਸ਼ਨ ਇਸ ਅਸਲੀਅਤ ਨੂੰ ਸਵੀਕਾਰ ਨਹੀਂ ਕਰਦੀ ਅਤੇ ਇਸ ਨੂੰ ਬਦਲਣ ਲਈ ਜ਼ੋਰਦਾਰ ਢੰਗ ਨਾਲ ਯਤਨ ਨਹੀਂ ਕਰਦੀ, ਉਦੋਂ ਤਕ 2014 ਵਾਂਗ ਹੀ ਇਸ ਦੇ ਕੀਤੇ-ਕਰਾਏ 'ਤੇ ਪਾਣੀ ਫਿਰਦਾ ਰਹੇਗਾ।

# ਕੀ ਭਾਰਤ ਦੇ ਨਵੇਂ ਰਾਸ਼ਟਰਪਤੀ ਅੰਬੇਡਕਰਵਾਦੀ ਨਹੀ ਹੋਣਗੇ?

ਭਾਰਤ ਦਾ ਨਵਾਂ ਰਾਸ਼ਟਰਪਤੀ ਦਲਿਤ ਤਾਂ ਹੋਵੇਗਾ ਪਰ ਅੰਬੇਡਕਰਵਾਦੀ ਨਹੀਂ ਹੋਵੇਗਾ। ਕੇ. ਆਰ. ਨਾਰਾਇਣਨ ਦੇ ਮਾਮਲੇ ਵਿਚ ਵੀ ਅਜਿਹਾ ਹੀ ਹੋਇਆ ਸੀ, ਜਦੋਂ ਉਹ 1997 ਵਿਚ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਸਨ ਪਰ ਉਹ ਸਮਾਂ ਬਸਪਾ ਦੇ ਉਭਾਰ ਦਾ ਸੀ। ਬਸਪਾ ਨੇ ਯੂ. ਪੀ. ਵਿਚ ਗੱਠਜੋੜ ਸਹਿਯੋਗੀ ਵਜੋਂ 'ਅੰਬੇਡਕਰ ਗ੍ਰਾਮ' ਵਰਗੀਆਂ ਵੱਡੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਸਨ ਪਰ ਅੱਜ ਸਥਿਤੀ ਬਿਲਕੁਲ ਵੱਖਰੀ ਹੈ।

ਬਸਪਾ ਅੱਜ ਸੰਕਟ ਵਿਚ ਘਿਰੀ ਹੋਈ ਹੈ ਕਿਉਂਕਿ ਯੂ. ਪੀ. ਵਿਧਾਨ ਸਭਾ ਦੀਆਂ ਚੋਣਾਂ ਵਿਚ ਇਹ ਸਿਰਫ 19 ਸੀਟਾਂ ਹੀ ਜਿੱਤ ਸਕੀ, ਜਦਕਿ ਲੋਕ ਸਭਾ ਚੋਣਾਂ 'ਚ ਇਸ ਨੂੰ ਇਕ ਵੀ ਸੀਟ ਨਹੀਂ ਮਿਲੀ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਦਲਿਤ ਖ਼ੁਦ ਮਾਰ ਖਾ ਰਹੇ ਹਨ।

ਦਮਨ ਅਤੇ ਲੁੱਟ-ਖੋਹ ਦੀ ਵਿਰਾਸਤ ਯਕੀਨੀ ਤੌਰ 'ਤੇ ਬਹੁਤ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ। ਸੈਂਟਰ ਫਾਰ ਇਕਵਿਟੀ ਸਟੱਡੀਜ਼ (ਸੀ. ਈ. ਐੱਸ.) ਦੀ 2016 ਵਾਲੀ ਇਕ ਰਿਪੋਰਟ 'ਚ ਇਹ ਖੁਲਾਸਾ ਹੋਇਆ ਸੀ ਕਿ ਬੇਜ਼ਮੀਨੀ ਦੀ ਦਰ ਮੁਸਲਮਾਨਾਂ 'ਚ 52.6 ਫੀਸਦੀ ਹੈ, ਜਦਕਿ ਦਲਿਤਾਂ 'ਚ 58.3 ਫੀਸਦੀ ਹੈ, ਜੋ ਕਿ ਸਭ ਤੋਂ ਜ਼ਿਆਦਾ ਹੈ। ਜਿਹੜੇ ਦਲਿਤਾਂ ਕੋਲ ਜ਼ਮੀਨ ਹੈ, ਉਸ ਦਾ ਆਕਾਰ ਬਹੁਤ ਛੋਟਾ ਹੈ। ਸਿਰਫ 2.08 ਫੀਸਦੀ ਦਲਿਤ ਪਰਿਵਾਰਾਂ ਕੋਲ 2 ਹੈਕਟੇਅਰ ਜਾਂ ਇਸ ਨਾਲੋਂ ਜ਼ਿਆਦਾ ਜ਼ਮੀਨ ਹੈ।





ਦਲਿਤਾਂ ਦੀ ਤਰਸਯੋਗ ਸਥਿਤੀ ਨੂੰ ਪ੍ਰਤੀਬਿੰਬਤ ਕਰਨ ਵਾਲਾ ਇਕ ਹੋਰ ਤੱਥ ਹੈ ਜੇਲਾਂ ਵਿਚ ਆਪਣੀ ਆਬਾਦੀ ਦੇ ਅਨੁਪਾਤ ਮੁਤਾਬਿਕ ਉਨ੍ਹਾਂ ਦੀ ਮੁਕਾਬਲਤਨ ਜ਼ਿਆਦਾ ਗਿਣਤੀ। ਦੇਸ਼ ਦੀ ਕੁਲ ਆਬਾਦੀ ਵਿਚ ਦਲਿਤਾਂ ਦਾ ਅਨੁਪਾਤ 16.6 ਫੀਸਦੀ ਹੈ, ਜਦਕਿ ਜੇਲਾਂ ਵਿਚ ਦਲਿਤ ਕੈਦੀਆਂ ਦੀ ਗਿਣਤੀ 21.6 ਫੀਸਦੀ ਹੈ। ਸਿਰਫ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ ਕੈਦੀਆਂ ਦੀ ਗਿਣਤੀ ਹੀ ਦਲਿਤਾਂ ਨਾਲੋਂ ਜ਼ਿਆਦਾ ਹੈ। ਕੁਝ ਸੂਬਿਆਂ ਵਿਚ ਤਾਂ ਇਹ ਅੰਕੜਾ ਬਹੁਤ ਹੀ ਚਿੰਤਾਜਨਕ ਹੈ। ਮਿਸਾਲ ਵਜੋਂ ਮੱਧ ਪ੍ਰਦੇਸ਼ 'ਚ ਦਲਿਤਾਂ ਦਾ ਆਬਾਦੀ ਵਿਚ ਅਨੁਪਾਤ 15.6 ਫੀਸਦੀ ਹੈ, ਜਦਕਿ ਕੈਦੀਆਂ ਵਿਚ ਉਨ੍ਹਾਂ ਦੀ ਹਿੱਸੇਦਾਰੀ 22.2 ਫੀਸਦੀ ਹੈ। ਗੁਜਰਾਤ ਵਿਚ ਤਾਂ ਸਥਿਤੀ ਇਸ ਨਾਲੋਂ ਵੀ ਭਿਆਨਕ ਹੈ, ਜਿਥੇ ਆਬਾਦੀ 'ਚ ਸਿਰਫ 6.7 ਫੀਸਦੀ ਦੀ ਹਿੱਸੇਦਾਰੀ ਹੁੰਦੇ ਹੋਏ ਵੀ ਜੇਲ ਦੇ ਕੈਦੀਆਂ ਵਿਚ ਉਨ੍ਹਾਂ ਦੀ ਹਿੱਸੇਦਾਰੀ 17 ਫੀਸਦੀ ਹੈ।

ਅਨੁਸੂਚਿਤ ਜਾਤਾਂ ਨੂੰ ਰਾਖਵੇਂਕਰਨ ਦਾ ਲਾਭ ਮਿਲਿਆ ਹੋਇਆ ਹੈ, ਇਸ ਲਈ ਇਸ ਵਰਗ ਦੇ ਲੋਕ ਮਹਾਨਗਰਾਂ 'ਚ ਉੱਭਰੇ ਮੱਧਵਰਗ ਵਿਚ ਸ਼ਾਮਿਲ ਹੋਣ ਦਾ ਰੁਝਾਨ ਰੱਖਦੇ ਹਨ ਪਰ ਰਾਖਵੇਂ ਕੋਟੇ ਦਾ ਲਾਭ ਕੁਲ ਦਲਿਤ ਆਬਾਦੀ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਹੀ ਉਠਾਉਣ ਵਿਚ ਸਫਲ ਹੁੰਦਾ ਹੈ। ਇਸ ਦੀ ਇਕ ਵਜ੍ਹਾ ਤਾਂ ਇਹ ਹੈ ਕਿ ਰਾਖਵੇਂ ਅਹੁਦੇ ਖਾਲੀ ਪਏ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਭਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਦੂਜੀ ਵਜ੍ਹਾ ਇਹ ਹੈ ਕਿ ਉਦਾਰਵਾਦ ਦੇ ਯੁੱਗ ਵਿਚ ਰਾਖਵੀਆਂ ਨੌਕਰੀਆਂ ਸੁੰਗੜ ਰਹੀਆਂ ਹਨ ਪਰ ਜੋ ਰਾਖਵਾਂਕਰਨ ਮਿਲਦਾ ਹੈ, ਉਹ ਵੀ ਅਨੁਸੂਚਿਤ ਜਾਤਾਂ ਦੇ ਕੁਝ ਵਰਗਾਂ ਵਲੋਂ ਹੀ ਹਥਿਆ ਲਿਆ ਜਾਂਦਾ ਹੈ, ਜਿਨ੍ਹਾਂ ਨੂੰ 'ਮਲਾਈਦਾਰ ਪਰਤ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਰਾਖਵੇਂਕਰਨ ਦੇ ਦੌਰ ਵਿਚ 'ਜੇਤੂ' ਰਹਿਣ ਵਾਲੇ ਲੋਕ ਵੀ ਸਮਾਜਿਕ ਵਿਤਕਰੇ ਜਾਂ ਕਲੰਕ ਤੋਂ ਮੁਕਤ ਨਹੀਂ ਹੁੰਦੇ ਅਤੇ ਨੌਕਰੀਆਂ ਵਿਚ ਵੀ ਉਨ੍ਹਾਂ ਨੂੰ ਬਿਲਕੁਲ ਉਸੇ ਤਰ੍ਹਾਂ ਇਕ ਅਲੱਗ-ਥਲੱਗ ਭਾਈਚਾਰੇ ਦੇ ਰੂਪ ਵਿਚ ਰਹਿਣਾ ਪੈਂਦਾ ਹੈ, ਜਿਵੇਂ ਅਸਲੀ ਜੀਵਨ ਵਿਚ ਉਨ੍ਹਾਂ ਦੀਆਂ ਬਸਤੀਆਂ ਵੱਖਰੀਆਂ ਹੁੰਦੀਆਂ ਹਨ।

ਪਰ ਸਮਾਜਿਕ ਢਾਂਚੇ ਨਾਲ ਸੰਬੰਧਿਤ ਇਹ ਸਮੱਸਿਆਵਾਂ ਪਿਛਲੇ 3 ਸਾਲਾਂ ਦੌਰਾਨ ਹੋਈਆਂ ਘਟਨਾਵਾਂ ਨਾਲੋਂ ਹੋਰ ਵੀ ਗੰਭੀਰ ਰੂਪ ਅਖਤਿਆਰ ਕਰ ਗਈਆਂ ਹਨ। ਪਹਿਲੀ ਘਟਨਾ ਸੀ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਅਤੇ ਉਸ ਤੋਂ ਬਾਅਦ ਜਾਤੀਗਤ ਪਛਾਣ ਨੂੰ ਲੈ ਕੇ ਉੱਠਿਆ ਵਿਵਾਦ, ਜਿਸ ਨੇ ਦੇਸ਼ ਭਰ ਵਿਚ ਦਲਿਤਾਂ ਨੂੰ ਝੰਜੋੜ ਦਿੱਤਾ ਸੀ। ਦੂਜੀ ਘਟਨਾ ਸੀ ਗੁਜਰਾਤ ਦੇ ਊਨਾ ਕਸਬੇ ਵਿਚ ਦਲਿਤ ਮੁੰਡਿਆਂ ਨਾਲ ਮਾਰ-ਕੁਟਾਈ, ਜਿਸ ਦਾ ਕਾਫੀ ਵਿਆਪਕ ਅਸਰ ਪਿਆ ਸੀ। ਨਾ ਸਿਰਫ ਗੁਜਰਾਤ, ਸਗੋਂ ਹੋਰਨਾਂ ਸੂਬਿਆਂ ਵਿਚ ਵੀ ਇਸ ਵਿਰੁੱਧ ਭਾਰੀ ਅੰਦੋਲਨ ਚੱਲਿਆ ਸੀ।

ਤੀਜੀ ਘਟਨਾ ਹੈ ਗਊ ਰੱਖਿਆ ਅੰਦੋਲਨ ਤੇ ਇਸ ਨਾਲ ਸੰਬੰਧਿਤ ਕਾਨੂੰਨ, ਜਿਨ੍ਹਾਂ ਕਾਰਨ ਚਮੜਾ ਉਦਯੋਗ ਵਿਚ ਕੰਮ ਕਰਨ ਵਾਲੇ ਕਰੋੜਾਂ ਦਲਿਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਚੌਥੀ ਘਟਨਾ ਇਹ ਹੈ ਕਿ ਦਲਿਤਾਂ 'ਤੇ ਅੱਤਿਆਚਾਰ ਨਾਲ ਸੰਬੰਧਿਤ ਘਟਨਾਵਾਂ ਮੀਡੀਆ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ, ਜਿਵੇਂ ਕਿ 2017 ਦੀਆਂ ਕੁਝ ਰਿਪੋਰਟਾਂ ਤੋਂ ਸਪੱਸ਼ਟ ਹੁੰਦਾ ਹੈ : ''ਮੱਧ ਪ੍ਰਦੇਸ਼ ਵਿਚ ਵਿਆਹ ਮੌਕੇ ਬੈਂਡ ਵਜਾਉਣ ਵਾਲੇ ਦਲਿਤਾਂ ਦੇ ਸਿਰ ਵਿਚ ਕੈਰੋਸਿਨ ਪਾਇਆ ਗਿਆ'', ''ਯੂ. ਪੀ. ਵਿਚ ਇਕ ਮੰਦਿਰ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ 90 ਸਾਲਾ ਦਲਿਤ ਨੂੰ ਜ਼ਿੰਦਾ ਸਾੜ ਦਿੱਤਾ ਗਿਆ'' ਵਗੈਰਾ-ਵਗੈਰਾ।

ਪੰਜਵੀਂ ਘਟਨਾ ਇਹ ਹੈ ਕਿ ਸਰਕਾਰ ਨੇ ਸਮਾਜਿਕ ਬਾਈਕਾਟ ਅਤੇ ਸਮਾਵੇਸ਼ਣ (ਰਲੇਵਾਂ) ਨੀਤੀ ਦੇ ਅਧਿਐਨ 'ਚ ਜੁਟੇ ਅਦਾਰਿਆਂ ਦੀ ਵਿੱਤੀ ਸਹਾਇਤਾ ਰੋਕ ਕੇ ਦਲਿਤ ਬੁੱਧੀਜੀਵੀਆਂ ਦੇ ਇਕ ਪੂਰੇ ਵਰਗ ਨੂੰ ਬੇਗਾਨਾ ਕਰ ਦਿੱਤਾ ਹੈ। ਅਜਿਹੇ ਅਧਿਐਨ ਕੇਂਦਰ 11ਵੀਂ ਅਤੇ 12ਵੀਂ ਪੰਜ ਸਾਲਾ ਯੋਜਨਾਵਾਂ ਦੌਰਾਨ 35 ਯੂਨੀਵਰਸਿਟੀਆਂ 'ਚ ਸਥਾਪਿਤ ਕੀਤੇ ਗਏ ਸਨ। ਇਸ ਕੜੀ 'ਚ ਆਖਰੀ ਅਤੇ ਕਿਸੇ ਵੀ ਤਰ੍ਹਾਂ ਘੱਟ ਅਹਿਮੀਅਤ ਨਾ ਰੱਖਣ ਵਾਲੀ ਘਟਨਾ ਯੂ. ਪੀ. ਦੀਆਂ ਚੋਣਾਂ ਦੀ ਹੈ, ਜੋ ਕਈ ਦਲਿਤਾਂ ਲਈ ਕਿਸੇ ਸਦਮੇ ਤੋਂ ਘੱਟ ਨਹੀਂ। ਯੂ. ਪੀ. ਵਿਚ ਬਸਪਾ ਨਾ ਸਿਰਫ ਹਾਰ ਗਈ, ਸਗੋਂ ਉਥੋਂ ਦੀ ਨਵੀਂ ਵਿਧਾਨ ਸਭਾ ਵਿਚ ਉੱਚ ਜਾਤਾਂ ਦੀ ਨੁਮਾਇੰਦਗੀ ਵਧ ਕੇ 44 ਫੀਸਦੀ ਤੋਂ ਜ਼ਿਆਦਾ ਹੋ ਗਈ ਹੈ, ਜੋ ਕਿ 2012 ਦੇ ਮੁਕਾਬਲੇ 12 ਫੀਸਦੀ ਜ਼ਿਆਦਾ ਅਤੇ 1980 ਤੋਂ ਬਾਅਦ ਸਭ ਤੋਂ ਜ਼ਿਆਦਾ ਹੈ। ਅਜਿਹਾ ਲੱਗਦਾ ਹੈ ਕਿ ਯੋਗੀ ਆਦਿੱਤਿਆਨਾਥ ਦੀ ਸਰਕਾਰ ਉੱਚ ਜਾਤਾਂ ਦੀ ਸੰਸਕ੍ਰਿਤੀ ਦੀ ਹੀ ਨੁਮਾਇੰਦਗੀ ਕਰਦੀ ਹੈ। ਸੱਤਾ ਵਿਚ ਆਉਂਦਿਆਂ ਹੀ ਯੋਗੀ ਨੇ ਲਖਨਊ ਵਿਚ ਸਥਿਤ ਸੀ. ਐੱਮ. ਓ. ਦੇ ਸ਼ੁੱਧੀਕਰਨ ਦਾ ਹੁਕਮ ਜਾਰੀ ਕਰ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਦਲਿਤਾਂ ਨੇ ਰੋਸ ਵਜੋਂ ਉਨ੍ਹਾਂ ਨੂੰ ਸਾਬਣ ਭੇਟ ਕਰਨਾ ਸ਼ੁਰੂ ਕਰ ਦਿੱਤਾ। ਯੋਗੀ ਨੇ ਗਊ ਰੱਖਿਅਕਾਂ ਦੀ ਪਿੱਠ ਥਾਪੜ ਕੇ ਅਤੇ ਨਾਜਾਇਜ਼ ਬੁੱਚੜਖਾਨਿਆਂ ਨੂੰ ਬੰਦ ਕਰ ਕੇ ਗਊ ਰੱਖਿਆ ਵਿਵਸਥਾਵਾਂ ਨੂੰ ਕਾਫੀ ਕਠੋਰ ਬਣਾ ਦਿੱਤਾ ਹੈ। ਮਈ 'ਚ ਜਦੋਂ ਸਹਾਰਨਪੁਰ ਵਿਚ ਹਿੰਸਾ ਭੜਕੀ ਤਾਂ ਦਲਿਤਾਂ ਨੇ ਮਹਾਰਾਣਾ ਪ੍ਰਤਾਪ ਦੀ ਯਾਦ ਵਿਚ ਕੱਢੇ ਜਾ ਰਹੇ ਜਲੂਸ ਦੇ ਰਵਿਦਾਸ ਮੰਦਿਰ 'ਚੋਂ ਲੰਘਾਉਣ 'ਤੇ ਇਤਰਾਜ਼ ਕੀਤਾ ਤਾਂ ਜਲੂਸ ਕੱਢ ਰਹੇ ਰਾਜਪੂਤਾਂ ਨੇ ਕਥਿਤ ਤੌਰ 'ਤੇ ਦਲਿਤਾਂ 'ਤੇ ਹਮਲਾ ਕੀਤਾ। ਇਸ ਦੌਰਾਨ ਦੋਹਾਂ ਪਾਸਿਆਂ ਦੇ 3 ਵਿਅਕਤੀ ਮਾਰੇ ਗਏ। ਇਸ ਹਿੰਸਾ ਵਿਰੁੱਧ ਲੱਗਭਗ 5 ਹਜ਼ਾਰ ਦਲਿਤਾਂ ਨੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਦਿੱਲੀ ਦੇ ਜੰਤਰ-ਮੰਤਰ ਵਿਖੇ ਸ਼ਾਂਤਮਈ ਮੁਜ਼ਾਹਰਾ ਕੀਤਾ ਤੇ ਉਨ੍ਹਾਂ 'ਚੋਂ ਕੁਝ ਨੇ ਹਿੰਦੂ ਮਤ ਛੱਡ ਕੇ ਬੁੱਧ ਮਤ ਅਪਣਾ ਲਿਆ।

ਦਲਿਤ ਅੰਦੋਲਨ ਦਾ ਆਯੋਜਨ ਕਰਨ ਵਾਲੀ ਭੀਮ ਸੈਨਾ ਦਾ ਗਠਨ 2015 ਵਿਚ ਸਹਾਰਨਪੁਰ ਦੇ ਇਕ ਦਲਿਤ ਵਕੀਲ ਚੰਦਰਸ਼ੇਖਰ ਆਜ਼ਾਦ ਵਲੋਂ ਕੀਤਾ ਗਿਆ ਸੀ, ਜਿਸ 'ਤੇ ਯੂ. ਪੀ. ਪੁਲਸ ਨੇ ਸਹਾਰਨਪੁਰ ਦੀ ਹਿੰਸਾ ਭੜਕਾਉਣ ਦਾ ਦੋਸ਼ ਲਾਇਆ ਤੇ ਆਖਿਰ ਵਿਚ ਉਸ ਨੂੰ ਪੁਲਸ ਨੇ ਜੂਨ 'ਚ ਗ੍ਰਿਫਤਾਰ ਕਰ ਲਿਆ। ਉਸ ਨੇ ਜੰਤਰ-ਮੰਤਰ ਵਿਖੇ ਮੁਜ਼ਾਹਰੇ ਦੌਰਾਨ ਅਚਾਨਕ ਸਾਹਮਣੇ ਆ ਕੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਸੀ। ਉਸ ਨੇ ਵਿਖਾਵਾਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ''ਇਸ ਭਰਮ ਵਿਚ ਨਾ ਰਹੋ ਕਿ ਅਸੀਂ ਕਮਜ਼ੋਰ ਹਾਂ, ਇਸ ਲਈ ਚੁੱਪਚਾਪ ਬੈਠੇ ਹਾਂ। ਅਸੀਂ ਤਾਂ ਚੁੱਪ ਇਸ ਲਈ ਬੈਠੇ ਹਾਂ ਕਿਉਂਕਿ ਅਸੀਂ ਸੰਵਿਧਾਨ ਦੀ ਪਾਲਣਾ ਕਰਦੇ ਹਾਂ।''

ਸੰਵਿਧਾਨ ਬਣਾਉਣ 'ਚ ਬਾਬਾ ਸਾਹਿਬ ਅੰਬੇਡਕਰ ਨੇ ਜੋ ਭੂਮਿਕਾ ਨਿਭਾਈ ਸੀ, ਉਸ ਨੂੰ ਦੇਖਦਿਆਂ ਦਲਿਤਾਂ ਲਈ ਸੰਵਿਧਾਨ ਬਹੁਤ ਪਵਿੱਤਰ ਦਰਜਾ ਰੱਖਦਾ ਹੈ। ਦਲਿਤਾਂ ਨੇ ਇਕ ਸੈਨਾ ਕਾਇਮ ਕਰ ਲਈ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਨਾਜਾਇਜ਼ ਤਰੀਕੇ ਅਪਣਾਉਣਗੇ। ਡਾ. ਅੰਬੇਡਕਰ ਨੇ ਖ਼ੁਦ ਵੀ 1927 'ਚ ਮਹਾੜ ਸੱਤਿਆਗ੍ਰਹਿ ਮੌਕੇ ਇਕ ਸਵੈ-ਰੱਖਿਆ ਦਲ ਦਾ ਗਠਨ ਕੀਤਾ ਸੀ, ਜਿਸ ਦਾ ਨਾਂ ਸੀ 'ਸਮਤਾ ਸੈਨਿਕ ਦਲ'।

ਪਰ ਅੱਜ ਦਲਿਤ ਡੂੰਘੇ ਰੋਸ ਦੀ ਭਾਵਨਾ ਪ੍ਰਗਟਾਅ ਰਹੇ ਹਨ, ਜਿਸ ਦੀ ਪੁਸ਼ਟੀ ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਨੇ ਖ਼ੁਦ ਕੀਤੀ ਹੈ। ਬੀਤੇ ਅਪ੍ਰੈਲ ਮਹੀਨੇ 'ਚ ਥਾਵਰ ਚੰਦ ਗਹਿਲੋਤ ਨੇ ਐਲਾਨ ਕੀਤਾ ਸੀ ਕਿ ''ਤੁਹਾਡੇ ਲਈ (ਭਾਵ ਉੱਚ ਜਾਤਾਂ ਲਈ) ਖੂਹ ਸਾਡੇ ਲੋਕ ਪੁੱਟਦੇ ਹਨ ਪਰ ਜਦੋਂ ਤੁਸੀਂ ਇਸ ਦੇ ਮਾਲਕ ਬਣ ਜਾਂਦੇ ਹੋ ਤਾਂ ਸਾਨੂੰ ਉਥੇ ਪਾਣੀ ਪੀਣ ਦੀ ਵੀ ਇਜਾਜ਼ਤ ਨਹੀਂ ਹੁੰਦੀ। ਜਦੋਂ ਤਲਾਬ ਪੁੱਟਣਾ ਹੁੰਦਾ ਹੈ ਤਾਂ ਮਜ਼ਦੂਰੀ ਸਾਡੇ ਤੋਂ ਕਰਵਾਈ ਜਾਂਦੀ ਹੈ। ਉਦੋਂ ਅਸੀਂ ਉਥੇ ਥੁੱਕ ਵੀ ਦਿੰਦੇ ਹਾਂ, ਇਥੋਂ ਤਕ ਕਿ ਪਿਸ਼ਾਬ ਵੀ ਕਰ ਦਿੰਦੇ ਹਾਂ ਪਰ ਜਦੋਂ ਤਲਾਬ ਤਿਆਰ ਹੋਣ ਤੋਂ ਬਾਅਦ ਉਥੇ ਪਾਣੀ ਪੀਣ ਦਾ ਸਮਾਂ ਆਉਂਦਾ ਹੈ ਤਾਂ ਸਾਡੇ ਲੋਕਾਂ ਨੂੰ ਇਹ ਕਹਿ ਕੇ ਪਾਣੀ ਪੀਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ ਹੈ ਕਿ ਤੁਹਾਨੂੰ ਦੇਣ ਨਾਲ ਪਾਣੀ



ਅਪਵਿੱਤਰ ਹੋ ਜਾਵੇਗਾ।

ਤੁਸੀਂ ਲੋਕ ਮੰਤਰ ਪੜ੍ਹ ਕੇ ਮੰਦਿਰਾਂ 'ਚ ਮੂਰਤੀਆਂ ਦੀ ਸਥਾਪਨਾ ਕਰਦੇ ਹੋ ਅਤੇ ਉਸ ਤੋਂ ਬਾਅਦ ਸਾਡੇ ਲੋਕਾਂ ਲਈ ਮੰਦਿਰਾਂ ਦੇ ਬੂਹੇ ਬੰਦ ਹੋ ਜਾਂਦੇ ਹਨ। ਇਸ ਸਥਿਤੀ ਨੂੰ ਕੌਣ ਸੁਧਾਰੇਗਾ। ਇਹ ਮੂਰਤੀਆਂ ਦਲਿਤਾਂ ਵਲੋਂ ਹੀ ਬਣਾਈਆਂ ਜਾਂਦੀਆਂ ਹਨ। ਬੇਸ਼ੱਕ ਇਸ ਦੇ ਲਈ ਉਨ੍ਹਾਂ ਨੂੰ ਪੈਸੇ ਦਿੱਤੇ ਜਾਂਦੇ ਹਨ ਪਰ ਬਾਅਦ ਵਿਚ ਇਨ੍ਹਾਂ ਮੂਰਤੀਆਂ ਦੇ ਦਰਸ਼ਨ ਕਰਨ ਜਾਂ ਛੂਹਣ ਤੋਂ ਸਾਨੂੰ ਵਾਂਝੇ ਕਿਉਂ ਰੱਖਿਆ ਜਾਂਦਾ ਹੈ?''

ਇਸ ਨਜ਼ਰੀਏ ਦਾ ਅਸਲ 'ਚ ਸ਼ੁੱਧੀਕਰਨ ਦੀ ਫਿਲਾਸਫੀ ਨਾਲ ਕੋਈ ਤਾਲਮੇਲ ਨਹੀਂ। ਸੱਚਾਈ ਤਾਂ ਇਹ ਹੈ ਕਿ ਦਲਿਤਾਂ ਵਲੋਂ ਆਪਣੇ ਅਧਿਕਾਰਾਂ ਦੀ ਦਾਅਵੇਦਾਰੀ ਦੇ ਸਿੱਟੇ ਵਜੋਂ ਸੰਘ ਪਰਿਵਾਰ ਨੂੰ ਸ਼ਾਇਦ ਇਕ ਨਵੀਂ ਤ੍ਰਾਸਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸ਼ਾਇਦ ਇਹ ਗੱਲ ਜ਼ਿਆਦਾ ਅਹਿਮ ਹੈ ਕਿ ਸਰਕਾਰ ਨੂੰ ਤਣਾਅ ਦੂਰ ਕਰਨ ਲਈ ਉਨ੍ਹਾਂ ਵੱਲ ਹੱਥ ਵਧਾਉਣਾ ਪਵੇਗਾ।

ਹੁਣ ਤਕ ਦਲਿਤ ਇਸੇ ਲਈ ਹਿੰਸਕ ਰਾਹ ਨਹੀਂ ਅਪਣਾਉਂਦੇ ਸਨ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਬਸਪਾ ਸੱਤਾ ਵਿਚ ਆਏਗੀ ਅਤੇ ਉਨ੍ਹਾਂ ਨੂੰ ਸੰਵਿਧਾਨਿਕ ਬਦਲ ਮੁਹੱਈਆ ਕਰਵਾਏ ਜਾਣਗੇ ਪਰ ਚੋਣ ਨਤੀਜਿਆਂ ਨੇ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਹੀ ਫੇਰ ਦਿੱਤਾ, ਜਿਸ ਕਾਰਨ ਦਲਿਤਾਂ 'ਚ ਰੋਸ ਵਧ ਗਿਆ ਹੈ।

ਕੀ ਰਾਸ਼ਟਰਪਤੀ ਦੇ ਅਹੁਦੇ ਲਈ ਰਾਜਗ ਦੇ ਉਮੀਦਵਾਰ ਦੀ ਚੋਣ ਦਲਿਤਾਂ ਲਈ ਕਾਫੀ ਹੋਵੇਗੀ? ਸ਼ਾਇਦ ਦਲਿਤਾਂ ਦਾ ਨਵਾਂ ਮੱਧਵਰਗ ਇਸ ਸਥਿਤੀ ਤੋਂ ਖੁਸ਼ ਹੋਵੇਗਾ ਪਰ ਬਾਕੀ ਦਲਿਤ ਕਿਸੇ ਵੱਖਰੇ ਦਿਸਹੱਦੇ ਵੱਲ ਨਜ਼ਰਾਂ ਦੌੜਾ ਸਕਦੇ ਹਨ। ਅਜੇ ਵੀ ਉਨ੍ਹਾਂ ਲਈ ਸੰਭਾਵਨਾਵਾਂ ਦੇ ਬੂਹੇ ਬੰਦ ਨਹੀਂ ਹੋਏ। ਦੇਸ਼ ਦੇ ਹੋਰ ਦਲਿਤ ਵੀ ਮਹਾਰਾਸ਼ਟਰ ਦੇ 'ਦਲਿਤ ਪੈਂਥਰ ਅੰਦੋਲਨ' ਦੀ ਕਾਰਜਸ਼ੈਲੀ ਨੂੰ ਅਪਣਾ ਸਕਦੇ ਹਨ। ਆਖਿਰ ਡਾ. ਅੰਬੇਡਕਰ ਨੇ ਵੀ 1950 ਦੇ ਸ਼ੁਰੂ 'ਚ ਐਲਾਨ ਕੀਤਾ ਸੀ ਕਿ ਉਹ ਭਾਰਤੀ ਸੰਵਿਧਾਨ ਨੂੰ ਅਗਨ ਭੇਟ ਕਰਨਾ ਪਸੰਦ ਕਰਨਗੇ।

# ਚੀਨ ਵੱਲੋਂ ਭਾਰਤ ਨੂੰ ਘੇਰਨ ਦੀਆਂ ਤਿਆਰੀਆਂ



ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ

ਮੱਧ ਜੂਨ ਤੋਂ ਸਿੱਕਮ, ਭੂਟਾਨ ਤੇ ਤਿੱਬਤ ਦੇ ਭੂ-ਖੰਡ ਨਾਲ ਜੁੜੇ ਡੋਕਲਾਮ ਇਲਾਕੇ ਦੇ ਸੰਧੀ ਸਥਾਨ ਨੂੰ ਲੈ ਕੇ ਤਣਾਅਪੂਰਨ ਸਥਿਤੀ ਪੈਦਾ ਹੋ ਚੁੱਕੀ ਹੈ, ਜਿਸ ਦਾ ਮੂਲ ਕਾਰਨ ਚੀਨ ਵੱਲੋਂ ਇਸ ਇਲਾਕੇ ਅੰਦਰ ਸੜਕ ਦੀ ਉਸਾਰੀ ਕਰਨਾ ਹੈ। ਇਹ ਸੜਕ ਉਸ ਇਲਾਕੇ ਵਿੱਚ ਉਸਾਰੀ ਜਾ ਰਹੀ ਹੈ ਜਿਸ ਉਪਰ ਭੂਟਾਨ ਆਪਣਾ ਹੱਕ ਜਤਾਉਂਦਾ ਹੈ। ਭਾਰਤ-ਚੀਨ ਦੀ 3488 ਕਿਲੋਮੀਟਰ ਲੰਬੀ ਸਰਹੱਦ ਵਿੱਚ ਸਿੱਕਮ ਦਾ ਤਿੱਬਤ ਨਾਲ 220 ਕਿਲੋਮੀਟਰ ਵਾਲਾ ਬਾਰਡਰ ਪੈਂਦਾ ਹੈ, ਜਦਕਿ ਭੂਟਾਨ ਦੀ ਚੀਨ ਨਾਲ 470 ਕਿਲੋਮੀਟਰ ਅਤੇ ਭਾਰਤ ਦੀ ਭੂਟਾਨ ਨਾਲ 699 ਕਿਲੋਮੀਟਰ ਲੰਬੀ ਸਰਹੱਦ ਲੱਗਦੀ ਹੈ।

16 ਜੂਨ ਨੂੰ ਜਦੋਂ ਇਹ ਪਤਾ ਚੱਲਿਆ ਕਿ ਪੀਪਲਜ਼ ਲਿਬਰੇਸ਼ਨ ਆਰਮੀ (ਪੀਐਲਏ) ਦੀ ਦੇਖ-ਰੇਖ ਹੇਠ ਚੀਨ ਦੀ ਸੜਕ ਨਿਰਮਾਣ ਕਰਨ ਵਾਲੀ ਫੋਰਸ ਭੂਟਾਨ ਦੇ ਸਮਤਲ ਡੋਕਲਾਮ ਇਲਾਕੇ ਵਿੱਚ ਦਾਖਲ ਹੋ ਗਈ ਹੈ ਤਾਂ ਭਾਰਤੀ ਫੌਜ ਦੀ ਇਕ ਟੁਕੜੀ, ਜੋ ਪਹਿਲਾਂ ਹੀ ਇਸ ਟ੍ਰਾਈਜੰਕਸ਼ਨ 'ਤੇ ਤਾਇਨਾਤ ਸੀ, ਨੇ ਭੂਟਾਨ ਦੀ ਰਜ਼ਾਮੰਦੀ ਨਾਲ ਚੀਨ ਦੀ ਇਕਤਰਫਾ ਕਾਰਵਾਈ ਦਾ ਵਿਰੋਧ ਕੀਤਾ। ਇਸ 'ਤੇ ਦੋਵਾਂ ਧਿਰਾਂ ਦੇ ਜਵਾਨ ਗੁੱਥਮ-ਗੁੱਥਾ ਵੀ ਹੋਏ। ਇਹ ਅੜਿੱਕਾ ਅਜੇ ਵੀ ਬਰਕਰਾਰ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲੂ ਕਾਂਗ ਨੇ 29 ਜੂਨ ਨੂੰ ਇਕ ਪ੍ਰੈੱਸ ਕਾਨਫਰੰਸ 'ਚ ਇਹ ਦੋਸ਼ ਲਾਇਆ ਕਿ ਭਾਰਤੀ ਫੌਜ ਨੇ ਚੀਨੀ ਇਲਾਕੇ ਵਿੱਚ ਘੁਸਪੈਠ ਕੀਤੀ ਹੈ। ਉਸ ਨੇ 1962 ਵਾਲੀ ਜੰਗ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਭਾਰਤ ਇਤਿਹਾਸ ਤੋਂ ਸਬਕ ਸਿੱਖੇ। ਉਨ੍ਹਾਂ ਇਹ ਵੀ ਕਿਹਾ ਜਦੋਂ ਤੱਕ ਭਾਰਤ ਆਪਣੀ ਫੌਜ ਵਾਪਸ ਨਹੀਂ ਬੁਲਾਉਂਦਾ ਉਦੋਂ ਤੱਕ ਗੱਲਬਾਤ ਸੰਭਵ ਨਹੀਂ। ਪ੍ਰਾਪਤ ਜਾਣਕਾਰੀ ਅਨੁਸਾਰ ਚੀਨ ਦੀ ਭੂਟਾਨ ਨਾਲ ਸਿੱਧੇ ਤੌਰ 'ਤੇ ਗੱਲਬਾਤ ਜ਼ਰੂਰ ਚੱਲ ਰਹੀ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਭਾਰਤ ਤੇ ਚੀਨ ਦਰਮਿਆਨ 2012 ਵਿੱਚ ਇਕ ਵਿਵਸਥਾ ਬਣਾਈ ਗਈ ਸੀ, ਜਿਸ ਤਹਿਤ ਸਰਹੱਦੀ ਵਿਵਾਦ ਨਾਲ ਜੁੜੇ ਮਸਲਿਆਂ ਨੂੰ ਕਈ ਪੱਧਰਾਂ 'ਤੇ ਗੱਲਬਾਤ ਰਾਹੀਂ ਸੁਲਝਾਇਆ ਜਾਵੇਗਾ। ਕਿਉਂਕਿ ਇਹ ਮਸਲਾ ਝਗੜੇ ਵਾਲੇ ਤਿੰਨ ਮੁਲਕਾਂ ਦੇ ਟ੍ਰਾਈ ਜੰਕਸ਼ਨ ਨਾਲ ਜੁੜਿਆ ਹੋਇਆ ਹੈ, ਇਸ ਵਾਸਤੇ ਭਾਰਤ ਨੂੰ ਵੀ ਗੱਲਬਾਤ 'ਚ ਸ਼ਾਮਲ ਕਰਨ ਦੀ ਲੋੜ ਹੈ।

ਭੂਟਾਨ ਤੇ ਤਿੱਬਤ ਦੀ ਬੜੀ ਪੁਰਾਣੀ ਇਤਿਹਾਸਕ, ਧਾਰਮਿਕ, ਸਭਿਆਚਾਰਕ ਤੇ ਆਰਥਿਕ ਸਾਂਝ ਰਹੀ ਹੈ। ਇਨ੍ਹਾਂ ਖੇਤਰਾਂ ਦਰਮਿਆਨ ਹੱਦਬੰਦੀ ਕਦੇ ਵੀ ਨਿਰਧਾਰਤ ਨਹੀਂ ਕੀਤੀ ਗਈ। ਪ੍ਰੰਤੂ ਜਦੋਂ ਬ੍ਰਿਟਿਸ਼ ਹਕੂਮਤ ਤੇ ਤਿੱਬਤ ਦਰਮਿਆਨ ਲੜਾਈ ਸਮੇਂ ਭੂਟਾਨ ਨੇ ਬ੍ਰਿਟਿਸ਼ ਬਸਤੀਵਾਦੀਆਂ ਦਾ ਸਾਥ ਦਿੱਤਾ ਤਾਂ ਭੂਟਾਨ-ਤਿੱਬਤ ਦੇ ਰਿਸ਼ਤਿਆਂ ਦਰਮਿਆਨ ਦਰਾੜ ਪੈਣੀ ਸ਼ੁਰੂ ਹੋ ਗਈ। ਚੀਨੀ ਗਣਰਾਜ ਨੇ ਇਨਕਲਾਬ ਉਪ੍ਰੰਤ ਸਭ ਤੋਂ ਪਹਿਲਾਂ ਤਿੱਬਤ ਨੂੰ ਹੜੱਪ ਲਿਆ ਤੇ ਨਾਲ ਹੀ 8 ਪੱਛਮੀ ਤਿੱਬਤੀਅਨ ਇਨਕਲੇਵ, ਜੋ ਭੂਟਾਨ ਦੇ ਪ੍ਰਬੰਧਕੀ ਕੰਟਰੋਲ ਹੇਠ ਸਨ, ਉਨ੍ਹਾਂ ਨੂੰ ਵੀ ਕਬਜ਼ੇ ਹੇਠ ਲੈ ਲਿਆ। ਇਥੇ ਹੀ ਬਸ ਨਹੀਂ, ਚੁੰਬੀ ਘਾਟੀ ਨਾਲ ਲੱਗਦੇ ਭੂਟਾਨ ਦੇ ਉੱਤਰੀ ਹਿੱਸੇ ਦਾ ਤਕਰੀਬਨ 900 ਵਰਗ ਕਿਲੋਮੀਟਰ ਇਲਾਕਾ ਅਤੇ ਸਿੱਕਮ ਨਾਲ ਜੁੜਿਆ ਪੱਛਮੀ ਭੂਟਾਨ ਵਾਲਾ ਹਿੱਸਾ, ਚੀਨ ਨੇ 1950 ਤੋਂ ਆਪਣੇ ਨਕਸ਼ਿਆਂ ਵਿੱਚ ਦਿਖਾਉਣਾ ਸ਼ੁਰੂ ਕਰ ਦਿੱਤਾ। ਇਸ ਵਿੱਚ ਸੰਧੀ ਸਥਾਨ ਨਾਲ ਲੱਗਦਾ ਡੋਕਲਾਮ ਇਲਾਕਾ ਵੀ ਸ਼ਾਮਲ ਹੈ, ਜਿੱਥੇ ਭੂਟਾਨ ਤੇ ਭਾਰਤ ਦੀ ਸਾਂਝੀ ਫੌਜ ਨੇ ਪੀ.ਐਲ.ਏ. ਦੇ ਖ਼ਿਲਾਫ਼ ਮੋਰਚੇ ਸੰਭਾਲੇ ਹੋਏ ਹਨ।

ਚੀਨ-ਭੂਟਾਨ ਦਰਮਿਆਨ 1984 ਤੋਂ ਹੁਣ ਤੱਕ ਇਸ ਝਗੜੇ ਨੂੰ ਨਿਪਟਾਉਣ ਖਾਤਰ 24 ਵਾਰਤਾਵਾਂ ਹੋ ਚੁੱਕੀਆਂ ਹਨ। ਆਖ਼ਰੀ ਮੀਟਿੰਗ ਭਾਰਤ ਦੇ ਵਿਦੇਸ਼ ਮੰਤਰੀ ਨੇ ਪੇਈਚਿੰਗ ਵਿੱਚ 16 ਅਗਸਤ 2016 ਨੂੰ ਕੀਤੀ ਪਰ ਅਜੇ ਤੱਕ ਕੋਈ ਸਿੱਟਾ ਨਹੀਂ ਨਿਕਲਿਆ। ਕੁਝ ਸਮਾਂ ਪਹਿਲਾਂ ਚੀਨ ਨੇ ਭੂਟਾਨ ਨੂੰ ਇਕ ਪੈਕਜ ਦੀ ਪੇਸ਼ਕਸ਼ ਕੀਤੀ ਸੀ ਜਿਸ ਤਹਿਤ ਉਹ ਭੂਟਾਨ ਦੇ 900 ਕਿਲੋਮੀਟਰ ਵਾਲੇ ਉੱਤਰ-ਪੂਰਬੀ ਖੇਤਰ ਉਪਰ ਆਪਣਾ ਅਧਿਕਾਰ ਤਿਆਗ ਦੇਵੇਗਾ, ਬਸ਼ਰਤੇ ਭੂਟਾਨ ਚੁੰਬੀ ਘਾਟੀ ਨਾਲ ਲੱਗਦੇ ਆਪਣੇ ਪੱਛਮੀ ਹਿੱਸੇ ਵਿੱਚੋਂ ਤਕਰੀਬਨ 400 ਕਿਲੋਮੀਟਰ ਇਲਾਕਾ, ਜਿਸ ਦੇ ਕੁਝ ਹਿੱਸੇ ਵਿੱਚ ਹੁਣ ਸੜਕ ਵੀ ਬਣਾਈ ਜਾ ਰਹੀ ਹੈ, ਚੀਨ ਦੇ ਰਾਜ-ਭਾਗ ਦਾ ਹਿੱਸਾ ਬਣ ਜਾਵੇ। ਇਸ ਦੇ ਨਾਲ ਹੀ ਚੀਨ ਨੇ ਭੂਟਾਨ ਨਾਲ ਕੂਟਨੀਤਕ ਸਬੰਧ ਕਾਇਮ ਕਰਨ ਦੀ ਗੱਲ ਵੀ ਕੀਤੀ ਹੈ।

ਚੀਨ ਨੇ ਆਪਣੇ 14 ਗੁਆਂਢੀ ਮੁਲਕਾਂ ਵਿੱਚੋਂ 12 ਦੇਸ਼ਾਂ ਨਾਲ ਸਰਹੱਦੀ ਵਿਵਾਦ ਸੁਲਝਾ ਲਏ ਹਨ, ਕੇਵਲ ਭਾਰਤ ਤੇ ਭੂਟਾਨ ਹੀ ਬਾਕੀ ਹਨ। ਐਸਾ ਕਿਉਂ? ਕਿਉਂਕਿ ਚੀਨ ਦੇ ਇਰਾਦੇ ਨੇਕ ਨਹੀਂ? ਹਕੀਕਤ ਇਹ ਹੈ ਕਿ ਦੁਨੀਆਂ ਦੇ ਦੂਸਰੇ-ਤੀਸਰੇ ਨੰਬਰ ਵਾਲਾ ਸ਼ਕਤੀਸ਼ਾਲੀ ਪ੍ਰੰਤੂ ਵਿਸਥਾਰਵਾਦੀ ਚੀਨ ਦੀਆਂ ਸ਼ੱਕੀ ਨਜ਼ਰਾਂ ਹੁਣ ਕੁਦਰਤੀ ਮਹਿਕ ਵਾਲੇ ਹਿਮਾਲਿਆ ਦੀ ਸੁੰਦਰ ਗੋਦ ਵਿੱਚ ਵਸੇ ਭੂਟਾਨ 'ਤੇ ਟਿਕੀਆਂ ਹਨ। ਚੀਨ ਸਰਕਾਰ ਚਿਰਸਥਾਈ ਨੀਤੀ ਤਹਿਤ ਭੂਟਾਨ ਨੂੰ ਹਰ ਕਿਸਮ ਦੇ ਲੋਭ ਦੇ ਕੇ ਭਾਰਤ ਦੀ ਘੇਰਾਬੰਦੀ ਕਰਨਾ ਚਾਹੁੰਦੀ ਹੈ। ਇਸ ਵਾਸਤੇ ਭੂਟਾਨ ਨਾਲ ਭਾਰਤ ਦੀ ਨੇੜਤਾ ਰਣਨੀਤਕ ਪੱਖੋਂ ਬੇਹੱਦ ਲਾਜ਼ਮੀ ਹੈ। ਵਰਨਣਯੋਗ ਹੈ ਕਿ 1962 ਦੀ ਭਾਰਤ-ਚੀਨ ਜੰਗ ਸਮੇਂ ਭੂਟਾਨ ਨੇ ਭਾਰਤੀ ਫੌਜ ਨੂੰ ਆਪਣੇ ਇਲਾਕੇ ਦਾ ਇਸਤੇਮਾਲ ਕਰਨ ਦੀ ਇਜਾਜ਼ਤ ਤਾਂ ਦਿੱਤੀ ਸੀ ਪ੍ਰੰਤੂ ਜਦੋਂ ਭਾਰਤ ਜੰਗ ਹਾਰ ਗਿਆ ਤਾਂ ਉਸ ਦਾ ਭਾਰਤ ਉਪਰ ਭਰੋਸਾ ਉੱਠਦਾ ਨਜ਼ਰ ਆਇਆ। ਉਸ ਨੇ ਗੁੱਟ ਨਿਰਲੇਪਤਾ ਵਾਲੀ ਨੀਤੀ ਅਪਨਾਉਣੀ ਸ਼ੁਰੂ ਕਰ ਦਿੱਤੀ। ਕਿਉਂਕਿ ਭੂਟਾਨ ਦੇ ਅਜੇ ਤੱਕ ਚੀਨ ਨਾਲ ਨਾ ਤਾਂ ਕੂਟਨੀਤਕ ਸਬੰਧ ਹਨ ਅਤੇ ਨਾ ਹੀ ਖਾਸ ਵਪਾਰਕ ਸਾਂਝ ਹੈ। ਇਸ ਵਾਸਤੇ 1974 ਵਿੱਚ ਚੀਨ ਦੇ ਭਾਰਤ ਵਿੱਚ ਰਾਜਦੂਤ ਨੂੰ ਜਿਗਮੇ ਸਿੰਘੇ ਵਾਂਗਚੁੱਕ ਦੀ ਤਾਜ਼ਪੋਸ਼ੀ ਸਮੇਂ ਭੂਟਾਨ ਬੁਲਾਇਆ ਗਿਆ। 1983 ਵਿੱਚ ਭੂਟਾਨ ਦੇ ਵਿਦੇਸ਼ ਮੰਤਰੀ ਨੇ ਚੀਨ ਦੇ ਹਮਰੁਤਬਾ ਨਾਲ ਨਿਊਯਾਰਕ 'ਚ ਦੁਵੱਲੇ ਸਬੰਧ ਕਾਇਮ ਕਰਨ ਦੀ ਗੱਲਬਾਤ ਸ਼ੁਰੂ ਕਰ ਦਿੱਤੀ ਅਤੇ ਦੋਵਾਂ ਮੁਲਕਾਂ ਦਰਮਿਆਨ 1998 ਵਿੱਚ ਸੀਮਾਵਰਤੀ ਇਲਾਕੇ 'ਚ ਸ਼ਾਂਤੀ ਬਰਕਰਾਰ ਰੱਖਣ ਬਾਰੇ ਸਮਝੌਤਾ ਵੀ ਹੋਇਆ। ਹੁਣ ਚੀਨ ਭੂਟਾਨ ਨੂੰ ਭਾਰਤ ਨਾਲੋਂ ਨਿਖੇੜ ਕੇ ਗੱਲਬਾਤ ਕਰਨੀ ਚਾਹੁੰਦਾ ਹੈ। ਭੂਟਾਨ ਨਾਲ ਭਾਰਤ ਦੀ ਮਿੱਤਰਤਾ ਵਾਲੀ ਸੰਧੀ (2007) ਅਨੁਸਾਰ ਭਾਰਤ, ਭੂਟਾਨ

(ਬਾਕੀ ਅਗਲੇ ਸਫੇ ਤੇ)

# ਭਾਰਤੀ ਸੰਵਿਧਾਨ ਦੀ 370 ਬਾਰੇ ਅਹਿਮ ਜਾਣਕਾਰੀ



ਕੁਲਵੰਤ ਸਿੰਘ ਟਿੱਬਾ
91-92179-71379

ਜੰਮੂ ਕਸ਼ਮੀਰ ਭਾਰਤ ਦਾ ਇੱਕ ਅਜਿਹਾ ਸੂਬਾ ਹੈ, ਜਿੱਥੇ ਭਾਰਤ ਸਰਕਾਰ ਜਾਂ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਦੇ ਫ਼ੈਸਲੇ ਲਾਗੂ ਨਹੀਂ ਹੁੰਦੇ। ਕੇਂਦਰ ਸਰਕਾਰ ਕੋਲ ਵੀ ਜੰਮੂ ਕਸ਼ਮੀਰ ਸਬੰਧੀ ਸੀਮਤ ਸ਼ਕਤੀਆਂ ਹਨ, ਜਿਨ੍ਹਾਂ ਵਿੱਚ ਰੱਖਿਆ, ਵਿੱਤ, ਦੂਰਸੰਚਾਰ ਅਤੇ ਵਿਦੇਸ਼ ਮਾਮਲੇ ਆਉਂਦੇ ਹਨ। ਇਨ੍ਹਾਂ ਤੋਂ ਬਿਨਾਂ ਹੋਰ ਕਿਸੇ ਵੀ ਵਿਭਾਗ ਸਬੰਧੀ ਕੇਂਦਰ ਸਰਕਾਰ ਦਾ ਕੋਈ ਵੀ ਕਾਨੂੰਨ ਉਦੋਂ ਤੱਕ ਲਾਗੂ ਨਹੀਂ ਹੁੰਦਾ, ਜਦੋਂ ਤੱਕ ਜੰਮੂ ਕਸ਼ਮੀਰ ਦੀ ਐਸੰਬਲੀ ਉਸ ਕਾਨੂੰਨ ਨੂੰ ਮਾਨਤਾ ਨਹੀਂ ਦਿੰਦੀ। ਇਸ ਤੋਂ ਇਲਾਵਾ ਹੋਰ ਅਨੇਕ ਵਿਸ਼ੇਸ਼ ਅਧਿਕਾਰ ਜੰਮੂ ਕਸ਼ਮੀਰ ਕੋਲ ਹਨ, ਜੋ ਭਾਰਤ ਦੇ ਕਿਸੇ ਹੋਰ ਸੂਬੇ ਕੋਲ ਨਹੀਂ ਹਨ। ਅਜਿਹਾ ਭਾਰਤ ਦੇ ਸੰਵਿਧਾਨ ਦੀ ਧਾਰਾ 370 ਕਾਰਣ ਹੈ, ਜੋ ਸੰਵਿਧਾਨ ਅੰਦਰ ਬਾਅਦ ਵਿੱਚ ਵਿਸ਼ੇਸ਼ ਕਾਰਨਾਂ ਕਰਕੇ ਦਰਜ ਕੀਤੀ ਗਈ ਸੀ ਅਤੇ ਇਹ ਧਾਰਾ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦਿੰਦੀ ਹੈ। ਸੰਵਿਧਾਨ ਦੀ ਇਸ ਧਾਰਾ ਦੀ ਚਰਚਾ ਆਮ ਹੁੰਦੀ ਰਹਿੰਦੀ ਹੈ ਕਿਉਂਕਿ ਸੰਘ ਅਤੇ ਸੱਤਾਧਾਰੀ ਧਿਰ ਭਾਜਪਾ ਦੇ ਜ਼ਿਆਦਾਤਰ ਆਗੂ ਇਸ ਧਾਰਾ ਨੂੰ ਖ਼ਤਮ ਕਰਨ ਦੀ ਵਕਾਲਤ ਕਰਦੇ ਰਹਿੰਦੇ ਹਨ, ਜਦਕਿ ਨੈਸ਼ਨਲ ਕਾਨਫ਼ਰੰਸ ਦੇ ਆਗੂ ਅਤੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਮੰਨਣਾ ਹੈ ਕਿ ਸੰਵਿਧਾਨ ਦੀ ਧਾਰਾ 370 ਕਰਕੇ ਹੀ ਜੰਮੂ ਕਸ਼ਮੀਰ ਭਾਰਤ ਦਾ ਹਿੱਸਾ ਹੈ। ਸੰਵਿਧਾਨ ਦੀ ਇਸ ਸਬੰਧੀ ਵੱਖ ਵੱਖ ਸਰਕਾਰੀ ਵਿਭਾਗਾਂ ਦੀ ਭਰਤੀ ਸਬੰਧੀ ਆਯੋਜਿਤ ਪ੍ਰੀਖਿਆਵਾਂ ਵਿੱਚ ਪ੍ਰਸ਼ਨ ਪੁੱਛਿਆ ਜਾਂਦਾ ਹੈ। ਭਾਰਤ ਦੀ ਆਜ਼ਾਦੀ ਸਮੇਂ ਅਖੰਡ ਭਾਰਤ ਵਿੱਚ ਦੇਸੀ ਰਿਆਸਤਾਂ ਸਨ ਅਤੇ ਜੰਮੂ ਕਸ਼ਮੀਰ ਦੀ ਰਿਆਸਤ ਵੀ ਸ਼ਾਮਿਲ ਸੀ। ਬਰਤਾਨੀਆ ਸਰਕਾਰ ਨੇ ਰਿਆਸਤਾਂ ਨੂੰ ਉਨ੍ਹਾਂ ਦੀ ਪਸੰਦ ਮੁਤਾਬਿਕ ਹੀ ਭਾਰਤ ਜਾਂ ਪਾਕਿਸਤਾਨ ਵਿੱਚ ਸ਼ਾਮਿਲ ਕੀਤਾ ਗਿਆ। ਇਸ ਤੋਂ ਦੂਜਾ ਨੁਕਤਾ ਇਹ ਸੀ ਕਿ ਜਿੱਥੇ ਮੁਸਲਿਮ ਵਸੋਂ 50 ਫ਼ੀਸਦੀ ਤੋਂ ਜ਼ਿਆਦਾ ਹੈ , ਉਹ ਪਾਕਿਸਤਾਨ ਦਾ ਹਿੱਸਾ ਹੋਵੇਗਾ। ਪਰ ਜੰਮੂ ਕਸ਼ਮੀਰ ਵਿੱਚ ਮੁਸਲਿਮ ਵਸੋਂ 77 ਫ਼ੀਸਦੀ ਹੋਣ ਦੇ ਬਾਵਜੂਦ ਵੀ ਉਸ ਸਮੇਂ ਜੰਮੂ ਕਸ਼ਮੀਰ ਦੇ ਰਾਜਾ ਹਰੀ ਸਿੰਘ ਨੇ ਆਜ਼ਾਦ ਰਿਆਸਤ ਵਜੋਂ ਰਹਿਣ ਦਾ ਫ਼ੈਸਲਾ ਕੀਤਾ। ਰਾਜਾ ਹਰੀ ਸਿੰਘ ਦੇ ਫ਼ੈਸਲੇ ਜੰਮੂ ਕਸ਼ਮੀਰ ਭਾਰਤ ਜਾਂ ਪਾਕਿਸਤਾਨ ਦਾ ਹਿੱਸਾ ਹੋਣ ਦੀ ਥਾਂ ਆਪਣੀ ਆਜ਼ਾਦ ਹਸਤੀ ਰਹੇਗਾ । ਰਾਜਾ ਹਰੀ ਸਿੰਘ ਨੇ ਪਾਕਿਸਤਾਨ ਨਾਲ ਇੱਕ ਸਮਝੌਤਾ ਕੀਤਾ ਕਿ ਉਹ ਸਥਿਤੀ ਨੂੰ ਜਿਉਂ ਦੀ ਤਿਉਂ ਰੱਖੇਗਾ, ਪਾਕਿਸਤਾਨ ਨਾਲ ਵਪਾਰ ਕਰੇਗਾ ਅਤੇ ਸੜਕੀ ਆਵਾਜਾਈ ਲਈ ਕੋਈ ਬੰਦਿਸ਼ ਨਹੀਂ ਹੋਵੇਗੀ। ਇਸ ਤਰਾਂ ਦਾ ਸਮਝੌਤਾ ਰਾਜਾ ਹਰੀ ਸਿੰਘ ਭਾਰਤ ਨਾਲ ਵੀ ਕਰਨਾ ਚਾਹੁੰਦਾ ਸੀ ਪਰ ਰਾਜਾ ਦੇ ਇਸ ਫ਼ੈਸਲੇ ਨਾਲ ਕਸ਼ਮੀਰ ਵਿੱਚ ਬਗ਼ਾਵਤ ਹੋ ਗਈ ਅਤੇ ਪਾਕਿਸਤਾਨ ਨੇ ਕਸ਼ਮੀਰ ਤੇ ਹਮਲਾ ਕਰ ਦਿੱਤਾ। ਰਾਜਾ ਹਰੀ ਸਿੰਘ ਦੀ ਫ਼ੌਜੀ ਸਕਤੀ ਕਮਜ਼ੋਰ ਹੋਣ ਕਾਰਣ ਉਸ ਨੂੰ ਭਾਰਤ ਤੋਂ ਸਹਿਯੋਗ ਦੀ ਮੰਗ ਕੀਤੀ ਪਰ ਭਾਰਤ ਨੇ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਿਲ ਕਰਨ ਦੀ ਸ਼ਰਤ ਤੇ ਰਾਜਾ ਹਰੀ ਸਿੰਘ ਮਦਦ ਕੀਤੀ। ਇਸ ਪਿੱਛੋਂ ਜੰਮੂ ਕਸ਼ਮੀਰ ਰਿਆਸਤ ਨੂੰ ਕੁੱਝ ਵਿਸ਼ੇਸ਼ ਅਧਿਕਾਰ ਦੇ ਕੇ ਭਾਰਤ ਵਿੱਚ ਸ਼ਾਮਿਲ ਕੀਤਾ। ਇਹ ਵਿਸ਼ੇਸ਼ ਅਧਿਕਾਰ ਭਾਰਤ ਦੇ ਸੰਵਿਧਾਨ ਦੀ ਧਾਰਾ 370 ਰਾਹੀਂ ਪ੍ਰਦਾਨ ਕੀਤੇ ਗਏ । ਪਰ ਇਹ ਧਾਰਾ ਆਰਜ਼ੀ ਤੌਰ ਤੇ ਲਿਖਿਆ ਹੋਇਆ ਹੈ ਜਦਕਿ ਉਸ ਸਮੇਂ ਇਸ ਧਾਰਾ ਦੀ ਪੱਕੇ ਤੌਰ ਤੇ ਮੰਗ ਕੀਤੀ ਗਈ ਸੀ। ਇਸ ਧਾਰਾ ਤਹਿਤ ਜੰਮੂ ਕਸ਼ਮੀਰ ਦੇ ਨਾਗਰਿਕਾਂ ਕੋਲ ਦੋਹਰੀ ਨਾਗਰਿਕਤਾ ਹੁੰਦੀ ਹੈ। ਪਹਿਲੀ ਨਾਗਰਿਕਤਾ ਕਸ਼ਮੀਰ ਅਤੇ ਦੂਜੀ ਨਾਗਰਿਕਤਾ ਭਾਰਤ ਦੀ। ਭਾਰਤ ਦੇ ਕਿਸੇ ਹੋਰ ਰਾਜ ਦਾ ਵਸਨੀਕ ਜੰਮੂ ਕਸ਼ਮੀਰ ਵਿੱਚ ਜ਼ਮੀਨ ਨਹੀਂ ਖ਼ਰੀਦ ਸਕਦਾ ਅਤੇ ਨਾ ਹੀ ਕੋਈ ਉਦਯੋਗ ਲਗਾ ਸਕਦਾ ਹੈ।

ਜੰਮੂ ਕਸ਼ਮੀਰ ਦਾ ਆਪਣਾ ਖ਼ੁਦ ਦਾ ਕੌਮੀ ਝੰਡਾ ਹੈ, ਜੇਕਰ ਜੰਮੂ ਕਸ਼ਮੀਰ ਵਿੱਚ ਭਾਰਤ ਦੇ ਰਾਸ਼ਟਰੀ ਝੰਡੇ ਤਿਰੰਗੇ ਦਾ ਅਪਮਾਨ ਹੋ ਜਾਂਦਾ ਹੈ ਤਾਂ ਉਸ ਨੂੰ ਅਪਰਾਧ ਨਹੀਂ ਮੰਨਿਆ ਜਾਂਦਾ। ਇਸ ਧਾਰਾ ਕਾਰਣ ਹੀ ਜੰਮੂ ਕਸ਼ਮੀਰ ਦੀ ਵਿਧਾਨ ਸਭਾ ਦਾ ਕਾਰਜਕਾਲ ਛੇ ਸਾਲ ਦਾ ਹੁੰਦਾ ਹੈ ਜਦਕਿ ਭਾਰਤ ਦੇ ਬਾਕੀ ਰਾਜਾਂ ਅੰਦਰ ਪੰਜ ਸਾਲ ਦੀ ਟਰਨ ਹੁੰਦੀ ਹੈ। ਜੇਕਰ ਜੰਮੂ ਕਸ਼ਮੀਰ ਦੀ ਲੜਕੀ ਭਾਰਤ ਦੇ ਕਿਸੇ ਹੋਰ ਰਾਜ ਦੇ ਲੜਕੇ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਉਸ ਲੜਕੀ ਦੀ ਕਸ਼ਮੀਰ ਦੀ ਨਾਗਰਿਕਤਾ ਰੱਦ ਹੋ ਜਾਂਦੀ ਹੈ ਪਰ ਜੇਕਰ ਇਸ ਦੇ ਉਲਟ ਕਸ਼ਮੀਰ ਦੀ ਲੜਕੀ ਪਾਕਿਸਤਾਨ ਦੇ ਲੜਕੇ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਉਸ ਲੜਕੀ ਦੀ ਨਾਗਰਿਕਤਾ ਵੀ ਬਰਕਰਾਰ ਰਹਿੰਦੀ ਹੈ ਸਗੋਂ ਪਾਕਿਸਤਾਨੀ ਲਾੜੇ ਨੂੰ ਵੀ ਕਸ਼ਮੀਰ ਦੀ ਨਾਗਰਿਕਤਾ ਮਿਲ ਜਾਂਦੀ ਹੈ। ਜਿਸਦੇ ਸਿੱਟੇ ਵਜੋਂ ਉਹ ਪਾਕਿਸਤਾਨੀ ਲਾੜਾ ਆਪਣੇ ਆਪ ਹੀ ਭਾਰਤ ਦਾ ਨਾਗਰਿਕ ਵੀ ਬਣ ਜਾਂਦਾ ਹੈ। ਜੰਮੂ ਕਸ਼ਮੀਰ ਵਿੱਚ ਭਾਰਤੀ ਰਾਸ਼ਟਰੀ ਸੰਵਿਧਾਨ ਦੀ ਧਾਰਾ 360 ਅਧੀਨ ਵਿੱਤੀ ਐਮਰਜੈਂਸੀ ਨਹੀਂ ਲਗਾ ਸਕਦਾ।

ਇਸ ਤੋਂ ਇਲਾਵਾ ਰਾਸ਼ਟਰਪਤੀ ਕਸ਼ਮੀਰ ਵਿੱਚ ਧਾਰਾ 356 ਅਧੀਨ ਨੈਸ਼ਨਲ ਐਮਰਜੈਂਸੀ ਲਾਗੂ ਨਹੀਂ ਹੋ ਸਕਦੀ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਜਾਂ ਵਜੀਰ ਏ ਆਲ੍ਹਾ ਕਿਹਾ ਜਾਂਦਾ ਹੈ। ਭਾਰਤ ਸਰਕਾਰ ਦੇ ਅਹਿਮ ਕਾਨੂੰਨ ਆਰ.ਟੀ.ਆਈ (ਸੂਚਨਾ ਦਾ ਅਧਿਕਾਰ), ਆਰ. ਟੀ. ਈ.(ਸਿੱਖਿਆ ਦਾ ਅਧਿਕਾਰ) ਅਤੇ ਕੈਗ ਆਦਿ ਜੰਮੂ ਕਸ਼ਮੀਰ ਵਿੱਚ ਲਾਗੂ ਨਹੀਂ ਹਨ। ਇੱਥੋਂ ਤੱਕ ਕਿ ਸੁਪਰੀਮ ਕੋਰਟ ਦਾ ਆਦੇਸ਼ ਵੀ ਜੰਮੂ ਕਸ਼ਮੀਰ ਵਿੱਚ ਲਾਗੂ ਨਹੀਂ ਹੁੰਦਾ।ਅ

# "ਮੇਰੀ ਐੱਨ.ਜੀ.ਓ. ਦੇ ਸਕੱਤਰ ਨਾਲ ਮੁਲਾਕਾਤ"



ਅਮਨਪ੍ਰੀਤ ਸਿੰਘ
09465554088

ਮੈਂ ਇੱਕ ਵਾਰ ਕਿਸੇ ਕੰਮ ਜਾ ਰਿਹਾ ਸੀ ਕਿ ਰਸਤੇ ਵਿੱਚ ਮੈਂ ਇੱਕ ਲਾਈਬਰੇਰੀ ਦੇਖੀ। ਜਦ ਮੈਂ ਲਾਈਬਰੇਰੀ ਦੇ ਵਿੱਚ ਅੰਦਰ ਜਾ ਕੇ ਦੇਖਿਆ ਤਾਂ, ਲਾਈਬਰੇਰੀ ਦੇ ਵਿੱਚ ਕਿਤਾਬਾਂ ਵੀ ਚੰਗੀਆਂ ਪਈਆਂ ਸਨ। ਮੈਂ ਲਾਈਬਰੇਰੀਅਨ ਨਾਲ ਗਲਾਂ ਕਰਨ ਲਗ ਗਿਆ ਅਤੇ ਲਾਈਬਰੇਰੀ ਬਾਰੇ ਪੁੱਛਣ ਲਗ ਗਿਆ। ਪੁੱਛਣ ਤੋਂ ਪਤਾ ਲਗਿਆ ਕਿ ਲਾਈਬਰੇਰੀ ਇੱਕ ਐੱਨ.ਜੀ.ਓ. ਦੀ ਹੈ। ਮੈਨੂੰ ਇਹ ਸੁਣਕੇ ਬਹੁਤ ਚੰਗਾ ਲਗਿਆ। ਫਿਰ ਮੈਨੂੰ ਲਾਈਬਰੇਰੀਅਨ ਤੋਂ ਉਸ ਐੱਨ.ਜੀ.ਓ. ਦੇ ਪ੍ਰੋਜੈਕਟ ਅਫਸਰ ਬਾਰੇ ਵੀ ਪਤਾ ਲਗਾ। ਉਹਨਾਂ ਨੇ ਪ੍ਰੋਜੈਕਟ ਅਫਸਰ ਦੀ ਕਾਫੀ ਤਾਰੀਫ ਵੀ ਕੀਤੀ। ਮੈਨੂੰ ਪਤਾ ਲਗਾ ਕਿ ਉਸ ਪ੍ਰੋ-ਜੈਕਟ ਅਫਸਰ ਨੇ ਉਸ ਸੰਸਥਾ ਵਿੱਚ ਕੰਮ ਕਰਨ ਤੋਂ ਇਲਾਵਾ ਹੋਰ ਵੀ ਬਹੁਤ ਚੰਗੇ ਸਮਾਜ ਸੇਵੀ ਕੰਮ ਕੀਤੇ ਹਨ। ਮੈਨੂੰ ਉਸ ਨਾਲ ਮਿਲਣ ਦੀ ਦਿਲੋਂ ਇੱਛਾ ਹੋਈ। ਮੈਂ ਝੱਟ ਹੀ ਉਹਨਾਂ ਦਾ ਫੋਨ ਨੰਬਰ ਪਤਾ ਕੀਤਾ ਅਤੇ ਉਹਨਾਂ ਨੂੰ ਜਾ ਕੇ ਮਿਲਿਆ। ਉਹਨਾਂ ਨੇ ਵੀ ਮੇਰੇ ਨਾਲ ਬਹੁਤ ਵਧੀਆ ਢੰਗ ਨਾਲ ਗਲ ਕੀਤੀ। ਇਸ ਮੁਲਾਕਾਤ ਬਾਰੇ ਵਿਸਥਾਰ ਵਿੱਚ ਮੈਂ ਫਿਰ ਕਦੇ ਦੱਸਾਂਗਾ। ਉਹਨਾਂ ਨੇ ਮੈਨੂੰ ਇੱਕ ਵਾਰ ਫਿਰ ਮਿਲਣ ਲਈ ਕਿਹਾ ਅਤੇ ਮੈਨੂੰ ਆਪਣੇ ਸੁਝਾਅ ਦੇਣ ਲਈ ਵੀ ਕਿਹਾ। ਮੈਂ ਕੁੱਝ ਦਿਨਾਂ ਬਾਅਦ ਫਿਰ ਉਹਨਾਂ ਦੇ ਦਫਤਰ ਉਸੇ ਅਫਸਰ ਨੂੰ ਮਿਲਣ ਗਿਆ। ਪਰ ਇਸ ਵਾਰ ਉਹ ਅਫਸਰ ਤਾਂ ਨਹੀਂ ਸਨ, ਪਰ ਉਸ ਸੰਸਥਾ ਦੇ ਸਕੱਤਰ ਮੌਜੂਦ ਸਨ। ਮੈਂ ਸੋਚਿਆ ਮੈਂ ਉਸ ਸਕੱਤਰ ਨਾਲ ਹੀ ਮਿਲ ਲੈਂਦਾ ਹਾਂ। ਪਰ ਇਹ ਮੁਲਾਕਾਤ ਕੁੱਝ ਅਜਿਹੀ ਹੋਣੀ ਸੀ, ਇਹ ਮੈਂ ਕਦੇ ਸੋਚਿਆ ਵੀ ਨਹੀਂ ਸੀ। ਮੈਨੂੰ ਇਹ ਪਤਾ ਚਲ ਚੁੱਕਾ ਸੀ ਕਿ ਜੋ ਇਸ ਸੰਸਥਾ ਦੇ ਸਕੱਤਰ ਹਨ, ਉਹ ਮੇਰੇ ਕਦੇ ਪ੍ਰਿੰਸੀਪਲ ਵੀ ਰਹੇ ਸਨ। ਪਰ ਮੈਨੂੰ ਇਸ ਗਲ ਦੀ ਕੋਈ ਖੁਸ਼ੀ ਨਹੀਂ ਸੀ। ਮੈਨੂੰ ਯਾਦ ਆਇਆ ਇੱਕ ਵਾਰ ਮੈਂ ਦੱਸਵੀਂ ਪਾਸ ਕਰਨ ਤੋਂ ਬਾਅਦ ਉਹਨਾਂ ਦੇ ਘਰ ਗਿਆ ਸੀ ਇੱਕ ਸਲਾਹ ਲੈਣ ਵਾਸਤੇ। ਮੈਂ ਉਹਨਾਂ ਤੋਂ ਪੁੱਛਿਆ ਸੀ ਉਸਰ ਮੈਂ ਪੀ.ਸੀ.ਐੱਸ ਕਰਨਾ ਚਾਹੁੰਦਾ ਹਾਂ। ਕ੍ਰਿਪਾ ਕਰਕੇ ਮੈਨੂੰ ਪੀ.ਸੀ.ਐੱਸ ਬਾਰੇ ਦੱਸੋ ਅਤੇ ਇਹ ਵੀ ਦੱਸੋ ਕਿ ਪੀ.ਸੀ.ਐੱਸ ਕਰਨ ਲਈ ਮੈਂ ਗਿਆਰਵੀਂ ਬਾਰਵੀਂ ਵਿੱਚ ਕਿਹੜੇ ਵਿਸ਼ੇ ਰੱਖਾਂ? ਪਰ ਮੇਰੀ ਇੱਕ ਸਮੱਸਿਆ ਹੈ ਮੈਂ ਘਰੋਂ ਜ਼ਿਆਦਾ ਤੱਕੜਾ ਨਹੀਂ ਹਾਂ।" ਉਹਨਾਂ ਨੇ ਕਿਹਾ ਉਇਨਸਾਨ ਜਿੰਨ੍ਹਾਂ ਥੱਲ੍ਹੇ ਹੁੰਦਾ, ਉਹ ਉਨਾਂ ਹੀ ਉੱਚਾ ਉੱਡਣ ਦੀ ਕੋਸ਼ਸ਼ ਕਰਦਾ।" ਉਹਨਾਂ ਦਾ ਇਹ ਉੱਤਰ ਹੀ ਮੇਰੇ ਲਈ ਕਾਫੀ ਸੀ ਇਹ ਸਮਝਣ ਲਈ ਕਿ ਮੇਰਾ ਇਸ ਕੋਲ ਆਉਣ ਦਾ ਕੋਈ ਫਾਇਦਾ ਨਹੀਂ, ਉਲਟਾ ਨੁਕਸਾਨ ਹੈ। ਪਰ ਫਿਰ ਮੈਂ ਸੋਚਿਆ ਉਇਸ ਗਲ ਨੂੰ 13 ਸਾਲ ਹੋ ਚੁੱਕੇ ਹਨ, ਇਹ ਇਨਸਾਨ ਅੱਜ ਉਹੋ ਹੀ ਇਨਸਾਨ ਥੋੜ੍ਹੀ ਹੋਵੇਗਾ। ਕਿੰਨ੍ਹੇ ਸਾਲ ਬੀਤ ਗਏ। ਇਨਸਾਨ ਦੀ ਸੋਚ ਇੱਕ ਸਾਲ ਵਿੱਚ ਬਦਲ ਜਾਂਦੀ ਹੈ, ਪਰ ਇਹਨਾਂ ਨੂੰ ਤਾਂ ਤੇਰਾਂ ਸਾਲ ਹੋ ਚੁੱਕੇ ਹਨ। ਕੋਈ ਗਲ ਨਹੀਂ ਯਾਰ, ਤੂੰ ਇਹਨਾਂ ਨਾਲ ਬੇਝਿਜਕ ਹੋਕੇ ਮਿਲ।" ਮੈਂ ਇਹ ਸੋਚਕੇ ਉਹਨਾਂ ਦਾ ਕਮਰੇ ਵਿੱਚ ਦਾਖਲ ਹੋ ਗਿਆ। ਮੈਂ ਕਿਹਾ ਉਸਰ ਮੇਰੀ ਮੁਲਾਕਾਤ ਪ੍ਰੋਜੈਕਟ ਅਫਸਰ ਨਾਲ ਕੁੱਝ ਦਿਨ ਪਹਿਲਾਂ ਹੋਈ ਸੀ। ਉਹ ਇਨਸਾਨ ਮੈਨੂੰ ਬਹੁਤ ਚੰਗੇ ਲੱਗੇ। ਉਹਨਾਂ ਨੇ ਮੈਨੂੰ ਪ੍ਰੇਰਿਤ ਕੀਤਾ ਇੱਥੇ ਆਉਣ ਲਈ ਅਤੇ ਆਪਣੇ ਸੁਝਾਅ ਪੇਸ਼ ਕਰਨ ਲਈ। ਮੈਂ ਅੱਜ ਇਹ ਹੀ ਸੁਝਾਅ ਦੇਣ ਆਇਆਂ ਹਾਂ ਕਿ ਤੁਹਾਡਾ ਲਾਈਬਰੇਰੀ ਵਾਲਾ ਪ੍ਰੋਜੈਕਟ ਬਹੁਤ ਵਧੀਆ ਹੈ। ਪਰ ਦੁੱਖ ਦੀ ਗਲ ਇਹ ਹੈ ਕਿ ਇਸ ਵਿੱਚ ਲੋਕ ਬਹੁਤ ਘੱਟ ਆਉਂਦੇ ਹਨ। ਮੈਂ ਜਦ ਇਸ ਲਾਈਬਰੇਰੀ ਬਾਰੇ ਬਾਹਰ ਗਲ ਕੀਤੀ ਤਾਂ ਮੈਂ ਹੈਰਾਨ ਹੀ ਰਹਿ ਗਿਆ ਕਿ ਇਸ ਲਾਈਬਰੇਰੀ ਬਾਰੇ ਕਿਸੇ ਨੂੰ ਕੁੱਝ ਪਤਾ ਹੀ ਨਹੀਂ ਸੀ। ਮੇਰੇ ਹਿਸਾਬ ਨਾਲ ਇਸ ਲਾਈਬਰੇਰੀ ਦੀ ਐਡ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਪਤਾ ਚਲ ਸਕੇ। ਦਿੱਕਤ ਸਿਰਫ ਇੱਥੇ ਹੈ ਕਿ ਆਪਣੇ ਕੋਲ ਸੋਨਾ ਤਾਂ ਪਿਆ ਹੈ, ਪਰ ਲੋਕਾਂ ਨੂੰ ਇਸ ਬਾਰੇ ਪਤਾ ਨਹੀਂ ਹੈ।" ਸਕੱਤਰ ਨੇ ਪੁੱਛਿਆ ਉਵੈਸੇ ਤੁਸੀਂ ਕਰਦੇ ਕੀ ਹੋਂ?" ਮੈਂ ਜਵਾਬ ਦਿੱਤਾ ਉਅਧਿਆਪਕ ਹਾਂ ਜੀ।" ਸਕੱਤਰ ਨੇ ਕਿਹਾ ਉਵੈਸੇ ਤੇਰੀ ਤੌਰ ਤਾਂ ਅਧਿਆਪਕ ਵਾਲੀ ਲਗਦੀ ਨਹੀਂ, ਤੂੰ ਤਾਂ ਇੰਝ ਕਮਰੇ ਵਿੱਚ ਦਾਖਲ ਹੋਇਆਂ ਜਿਵੇਂ ਜੇਮਜ਼ ਬੋਂਡ ਆਇਆ ਹੋਵੇ। ਤੂੰ ਤਾਂ ਇੰਝ ਸਵਾਲ ਕਰ ਰਿਹਾਂ ਜਿਵੇਂ ਕੋਈ ਡਿਟੈਕਟਿਵ ਹੋਵੇਂ। ਵੈਸੇ ਤੁਸੀਂ ਕਿਹੜੇ ਸਕੂ.ਲ ਪੜ੍ਹੇ ਓਂ?" ਮੈਂ ਸਕੂ.ਲ ਦਾ ਨਾਮ ਦੱਸ ਦਿੱਤਾ। ਉਹਨਾਂ ਨੇ ਕਿਹਾ ਉਉਸ ਸਕੂ.ਲ ਵਿੱਚ ਮੈਂ ਰੱਤੀ ਭਰ ਵੀ ਬਦਮਾਸ਼ੀ ਨਹੀਂ ਚੱਲਣ ਦਿੱਤੀ। ਭਾਵੇ ਉੱਥੇ ਕਿੰਨ੍ਹੇ ਹੀ ਬਦਮਾਸ਼ ਸਨ। ਕੀ ਤੁਸੀਂ ਮੇਰੇ ਵਿਦਿਆਰਥੀ ਰਹੇ ਓਂ?" ਮੈਂ ਕਿਹਾ ਉਨਹੀਂ।" ਉਹਨਾਂ ਨੇ ਕਿਹਾ ਉਮੇਰੇ ਵਿਦਿਆਰਥੀ ਇੰਝ ਗਲ ਕਰਦੇ ਵੀ ਨਹੀਂ ਜਿਸ ਤਰ੍ਹਾਂ ਤੁਸੀਂ ਕਰ ਰਹੇ ਓਂ। ਤੁਸੀਂ ਆਪਣੀ ਜਾਣ ਪਛਾਣ ਉਸ ਪ੍ਰੋਜੈਕਟ ਅਫਸਰ ਦੇ ਨਾਮ ਤੋਂ ਕਰਵਾਈ ਹੈ, ਤੁਸੀਂ ਇੰਝ ਨਹੀਂ ਕਿਹਾ ਕਿ ਤੁਸੀਂ ਮੇਰੇ ਕਦੇ ਵਿਦਿਆਰਥੀ ਰਹੇ ਓਂ। ਤੇਰਾ ਇਹ ਵਤੀਰਾ ਮੈਨੂੰ ਬਿਲਕੁਲ ਵੀ ਠੀਕ ਨਹੀਂ ਲਗਿਆ। ਇੱਥੇ ਲੋਕ ਸਲਾਹਾਂ ਦੇਣ ਵਾਲੇ ਤਾਂ ਬਹੁਤ ਆਉਂਦੇ ਐ, ਪਰ ਕੰਮ ਕਰਨ ਵਾਲਾ ਕੋਈ ਨਹੀਂ ਆਉਂਦਾ। ਰਹੀ ਲਾਈਬਰੇਰੀ ਦੀ ਮਸ਼ਹੂਰੀ ਦੀ ਗਲ। ਮੈਂ ਫਲੈਕਸ ਲਵਾਏ, ਅਖਬਾਰਾਂ ਵਿੱਚ ਕੱਢਵਾਇਆ।" ਮੈਂ ਕਿਹਾ ਉ-ਵੈਰੀ ਗੁੱਡ।" ਉਹਨਾਂ ਨੇ ਮੈਨੂੰ ਟੋਕਦੇ ਹੋਏ ਕਿਹਾ ਉਹੁਣ ਤੂੰ ਮੈਨੂੰ ਆਪਣੀ ਵੈਰੀ ਗੁੱਡ ਦਾ ਸਰਟੀਫਿਕੇਟ ਨਾਂ ਦੇ।" ਮੈਂ ਚੁੱਪ ਕਰ ਗਿਆ। ਉਹ ਫਿਰ ਸ਼ੁਰੂ ਹੋ ਗਏ ਉਇੰਨ੍ਹੀ ਮਸ਼ਹੂਰੀ ਕਰਨ ਤੋਂ ਬਾਅਦ ਵੀ ਇੱਥੇ ਕੋਈ ਨਹੀਂ ਆਇਆ। ਅਸਲ ਵਿੱਚ ਲੋਕਾਂ ਵਿੱਚ ਪਿਆਸ ਹੀ ਨਹੀਂ ਹੈ ਕਿਤਾਬਾਂ ਪੱੜ੍ਹਨ ਦੀ।" ਉਹ ਇਹੋ ਸਾਰਾ ਕੁੱਝ ਨੈਗੇਟਿਵ ਗਲਾਂ ਲੱਗਭੱਗ ਅੱਧਾ ਘੰਟਾ ਕਰਦੇ ਰਹੇ। ਇਸ ਅੱਧੇ ਘੰਟੇ ਦੌਰਾਨ ਜੋ ਮੇਰੇ ਦਿਮਾਗ ਵਿੱਚ ਲਾਈਬਰੇਰੀ ਦੀ ਮਸ਼ਹੂਰੀ ਕਰਨ ਦਾ ਆਈਡਿਆ ਸੀ ਮੈਂ ਕਈ ਵਾਰ ਦੱਸਣ ਦੀ ਕੋਸ਼ਸ਼ ਕੀਤੀ, ਪਰ ਉਹਨਾਂ ਨੇ ਹਰ ਵਾਰ ਮੇਰੀ ਗਲ ਨੂੰ ਮੇਰੀ ਬੇਇਜ਼ਤੀ ਕਰਦੇ ਕਰਦੇ ਕੱਟ ਦਿੱਤਾ। ਪਰ ਮੈਂ ਵੀ ਹੱਟਿਆ ਨਹੀਂ ਮੌਕੇ ਦੀ ਤਲਾਸ਼ ਕਰਦਾ ਰਿਹਾ। ਆਖਿਰ ਮੌਕਾ ਮਿਲ ਹੀ ਗਿਆ। ਮੈਂ ਕਿਹਾ ਉਜੇਕਰ ਆਪਾਂ ਇੱਕ ਫਲੈਕਸ ਫਲਾਣੀ ਥਾਂ ਲਗਾ ਦੇਈਏ, ਜਿੱਥੇ ਇੱਕ ਹੋਰ ਫਲੈਕਸ ਕਿਸੇ ਹੋਰ ਦਾ ਲਗਿਆ ਪਿਆ ਹੈ, ਤਾਂ ਹੋ ਸਕਦਾ ਲੋਕ ਆਪਣਾ ਫਲੈਕਸ ਵੀ ਪੱੜ੍ਹ ਲੈਣ ਕਿਉਂਕਿ ਦੂਜਾ ਫਲੈਕਸ ਬਹੁਤ ਪੱੜ੍ਹਿਆ ਜਾ ਰਿਹਾ ਹੈ।" ਉਹਨਾਂ ਨੇ ਕਿਹਾ ਉਇੰਨ੍ਹੀ ਘਟੀਆ ਸਲਾਹ। ਇੰਨ੍ਹੀ ਭੱਦੀ ਸਲਾਹ। ਹੁਣ ਮੈਨੂੰ ਆਪਣੀ ਲਾਈਬਰੇਰੀ ਚਲਾਉਣ ਲਈ, ਕਿਸੇ ਹੋਰ ਦੇ ਮੋਢੇ ਦੀ ਮੱਦਦ ਲੈਣੀ ਪਵੇਗੀ। ਮੈਨੂੰ ਤਾਂ ਹੈਰਾਨੀ ਹੋ ਰਹੀ ਹੈ ਕਿ ਤੂੰ ਇੱਕ ਅਧਿਆਪਕ ਹੋ ਕੇ ਮੈਨੂੰ ਇਹੋ ਜਿਹੀ ਸਲਾਹ ਦੇਣ ਆਇਆਂ ਹੈਂ।" ਮੈਂ ਅੱਕ ਕੇ ਕਿਹਾ ਉਫਿਰ ਤੁਸੀਂ ਹੀ ਦੱਸ ਦਿਓ, ਤੁਹਾਡੇ ਕੋਲ ਕੀ ਪਲੈਨ ਹੈ?" ਉਹਨਾਂ ਨੇ ਕਿਹਾ ਉਹੁਣ ਤੂੰ ਮੇਰਾ ਇੰਟਰਵਿਊ ਤਾਂ ਨਾ ਲੈ। ਅਸਲ ਵਿੱਚ ਲੋਕ ਇੱਥੇ ਸਲਾਹਾਂ ਜ਼ਿਆਦਾ ਦਿੰਦੇ ਹਨ, ਪਰ ਕੰਮ ਕਰਕੇ ਕੋਈ ਰਾਜ਼ੀ ਨਹੀਂ। ਵੈਸੇ ਤੂੰ ਫਲਾਣੀਆਂ ਕਿਤਾਬਾਂ ਪੱੜ੍ਹੀਆਂ?" ਮੈਂ ਕਿਹਾ ਉਹਾਂ।" ਉਹਨਾਂ ਨੇ ਕਿਹਾ ਉਇਹ ਕਿਤਾਬਾਂ ਤਾਂ ਬਿਲਕੁਲ ਵੀ ਪੱੜ੍ਹ-ਨੀਆਂ ਨਹੀਂ ਚਾਹੀਦੀਆਂ। ਇਹ ਤਾਂ ਇਨਸਾਨ ਦੀਆਂ ਜੜ੍ਹਾਂ ਹਿਲਾ ਦਿ-ਦੀਆਂ ਹਨ। ਬਾਕੀ ਗਲ ਰਹੀ ਲਾਈਬਰੇਰੀ ਦੀ, ਉਸ ਲਈ ਮੈਂ ਤੈਨੂੰ ਤਾਰੀਕ ਦਿੰਦਾਂ ਹਾਂ। ਉਸ ਤਰੀਕ ਤੱਕ ਤੂੰ ਮੈਨੂੰ ਦੱਸ ਮੈਂਬਰ ਬਣਾ ਕੇ ਦਿਖਾ ਲਾਈਬਰੇਰੀ ਦੇ।" ਮੈਂ ਕਿਹਾ ਉਜ਼ਰੂਰ। ਮੈਨੂੰ ਤੁਹਾਡੇ ਨਾਲ ਮਿਲ ਕੇ ਬਹੁਤ ਖੁਸ਼ੀ ਹੋਈ। ਹੁਣ ਮੈਂ ਇੱਥੋਂ ਚਲਦਾ ਹਾਂ।" ਇਹ ਕਹਿ ਕੇ ਹੀ ਮੈਂ ਕਮਰੇ ਵਿੱਚੋ ਨਿਕਲ ਗਿਆ ਅਤੇ ਆਪਣੀ ਜਾਨ ਛੁਡਾਈ। ਮੈਂ ਸੋਚ ਰਿਹਾ ਸੀ ਕਿ ਜੇ ਅਜਿਹੇ ਲੋਕਾਂ ਨੂੰ ਸਮਾਜ ਸੇਵੀ ਸੰਸਥਾਵਾਂ ਦੇ ਸਕੱਤਰ ਕੌਣ ਰੱਖ ਲੈਂਦਾ ਹੈ। ਮੈਨੂੰ ਇਹ ਵੀ ਅਫਸੋਸ ਹੈ ਕਿ ਨਾਂ ਮੈਂ ਆਪਣੇ ਪ੍ਰਿੰਸੀਪਲ ਦੀ ਤੇਰ੍ਹਾਂ ਸਾਲ ਪਹਿਲਾਂ ਕਦਰ ਕਰ ਪਾਇਆ, ਅਤੇ ਨਾਂ ਹੀ ਤੇਰ੍ਹਾਂ ਸਾਲਾਂ ਬਾਅਦ। ਸਮਾਜ ਸੇਵੀ ਸੰਸਥਾਵਾਂ ਪਿਆਰ ਅਤੇ ਨਿਮਰਤਾ ਨਾਲ ਚਲਦੀਆਂ ਹਨ, ਪਰ ਉਹ ਤਾਂ ਆਪਣੇ ਆਪ ਨੂੰ ਡੀ.ਸੀ. ਮਹਿਸੂਸ ਕਰ ਰਹੇ ਸਨ। ਮੈਂ ਉਹਨਾਂ ਨਾਲ ਜੁੜਕੇ ਉਹਨਾਂ ਵਾਸਤੇ ਫਰੀ ਵਿੱਚ ਕੰਮ ਕਰਨਾ ਚਾਹੁੰਦਾ ਸੀ, ਪਰ ਉਸ ਸੰਸਥਾ ਦੇ ਸਕੱਤਰ ਨਾਲ ਮਿਲਣ ਤੋਂ ਬਾਅਦ ਮੇਰਾ ਇਰਾਦਾ ਬਦਲ ਗਿਆ।

## ਬਲਵੀਰੋ



ਵੇ ਤੂੰ ਕੀਤੀਆਂ ਪੜ੍ਹਾਈਆਂ ਸਭ ਖੂਹਦੇ ਵਿਚ ਪਾਈਆਂ
ਤੈਨੂੰ ਫੌਜ 'ਚ ਕਰਾਇਆ ਮੈਨੂੰ ਮਿਲੀਆਂ ਵਧਾਈਆਂ
ਕਹਿਣ ਦਿਓਰ ਤੇਰਾ ਕਰੂਗਾ ਕਮਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ਆ ਗਿਆ
ਮੈਨੂੰ ਲੱਗਦਾ ਤੂੰ ਹੋ ਗਿਆ ਸ਼ੁਦਾਈ ਸੁੱਚਿਆ।

ਲੱਗ ਜਾਣੇ ਸੀ ਸਟਾਰ ਬਣ ਜਾਂਦਾ ਸੂਬੇਦਾਰ
ਲੈ ਕੇ ਰਫਲ ਦੁਨਾਲੀ ਰਹੀ ਖੇਡਦਾ ਸ਼ਿਕਾਰ
ਮਾਰ ਤਿੱਤਰ ਬਟੇਰੇ ਨਿੱਤ ਖਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ...

ਪੁੱਛ ਆਂਢ ਤੂੰ ਗੁਆਂਢ ਸਭ ਸਾਰੇ ਸੁੱਖ ਸਾਂਦ
ਵੇ ਤੂੰ ਰਫਲ ਖਰੀਦੀ ਤੈਨੂੰ ਕਿਹੜੀ ਲੱਗੀ ਤਾਂਘ
ਕਿਹੜੇ ਚੰਦਰੇ ਨੇ ਚਿੱਠੀ ਤੈਨੂੰ ਪਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ...

ਮੈਨੂੰ ਰੱਬ ਜਿੱਡਾ ਮਾਣ ਕਿਉਂ ਤੂੰ ਕਰੇ ਨੁਕਸਾਨ
ਘਰ ਵਸਦੇ ਉਜਾੜੇ ਕਿਉਂ ਤੂੰ ਕਰੇ ਨੁਕਸਾਨ
ਕੀਹਨੇ ਪੁੱਠੀ ਤੈਨੂੰ ਪਾੜਤ ਪੜ੍ਹਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ...

ਗੱਲਾਂ ਕਰਦੇ ਸ਼ਰੀਕ ਹੋਈ ਸੁਣਕੇ ਮੈਂ ਸੀਤ
ਮੇਰਾ ਲਾਡਲਾ ਦਿਓਰ ਕਿਉਂ ਤੂੰ ਬਣ ਗਿਆ ਢੀਠ
ਖੜ੍ਹੀ ਪੁੱਛਦੀ ਹੈ ਤੇਰੀ ਭਰਜਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ...

ਵੇ ਤੂੰ ਕਿਸੇ ਪਿੱਛੇ ਲੱਗ ਤੂੰ ਤਾਂ ਘਰ ਲੈਣਾ ਪੱਟ
ਉਹਦੇ ਕੱਖ ਨਾ ਰਹੇ ਵੇ ਜੀਹਨੇ ਲਾਈ ਤੈਨੂੰ ਅੱਗ
'ਦੇਵ ਘੋਲੀਏ' ਲੂਤੀ ਜਿਹੜੀ ਲਾਈ ਸੁੱਚਿਆ
ਕੀ ਰਫਲ ਦੁਨਾਲੀ ਰੋਟੀ ਦੇਊਗੀ
ਤੇਰੀ ਛਿੱਤਰਾਂਨਾ ਕਰਦੀ ਪਟਾਈ ਸੁੱਚਿਆ।

**- ਦੇਵ ਘੋਲੀਆ ਖੁਰਦ (ਫਰਿਜ਼ਨੋ)**
**559-237-7764**

# ਸੰਵਿਧਾਨ ਅਨੁਸਾਰ ਨਹੀ ਹੁੰਦੀਆਂ ਰਾਜਪਾਲਾਂ ਦੀਆਂ ਨਿਯੁਕਤੀਆਂ

**(ਸਫਾ 6 ਦੀ ਬਾਕੀ)**

ਕਾਰਜਕਾਰਨੀ ਸ਼ਕਤੀਆਂ ਅਮਲ ਵਿੱਚ ਆਉਂਦੀਆਂ ਹਨ। ਉਸ ਦੀ ਸਹਿਮਤੀ ਬਗ਼ੈਰ ਰਾਜ ਦੀ ਵਿਧਾਨ ਸਭਾ ਵੱਲੋਂ ਬਣਾਇਆ ਕੋਈ ਵੀ ਕਾਨੂੰਨ ਅਮਲ ਵਿੱਚ ਨਹੀਂ ਆਉਂਦਾ।"

ਇੱਥੋਂ ਤਕ ਕਿ 1979 ਦੌਰਾਨ ਵੀ ਸੁਪਰੀਮ ਕੋਰਟ ਦਾ ਉਪਰੋਕਤ ਨਿਰਣਾ ਗ਼ੈਰ-ਵਾਸਤਵਿਕ ਲੱਗਦਾ ਸੀ। ਕਰੀਬ ਚਾਰ ਦਹਾਕਿਆਂ ਬਾਅਦ ਵੀ ਇਹ ਨਿਰਣਾ ਅਪ੍ਰਸੰਗਿਕ ਹੋ ਚੁੱਕਾ ਹੋਣ ਕਾਰਨ ਇਹ ਫਜ਼ੂਲ ਜਿਹਾ ਬਣ ਕੇ ਰਹਿ ਗਿਆ ਹੈ। 1983 ਵਿੱਚ ਇੰਦਰਾ ਗਾਂਧੀ ਦੀ ਸਰਕਾਰ ਨੇ ਕੇਂਦਰ-ਰਾਜ ਸਬੰਧਾਂ ਉੱਪਰ ਇੱਕ ਕਮਿਸ਼ਨ, ਸੁਪਰੀਮ ਕੋਰਟ ਦੇ ਜੱਜ, ਜਸਟਿਸ ਰਣਜੀਤ ਸਿੰਘ ਸਰਕਾਰੀਆ ਨੂੰ ਮੁਖੀ ਥਾਪ ਕੇ ਕਾਇਮ ਕੀਤਾ। ਰਾਜਪਾਲ ਦੇ ਸੁਰੱਖਿਅਤ ਕਾਰਜਕਾਲ ਮੁੱਦੇ ਉੱਪਰ ਰਿਪੋਰਟ ਵਿੱਚ, ਉਸ ਨੂੰ ਆਪਹੁਦਰੇ ਢੰਗ ਨਾਲ ਬਰਖ਼ਾਸਤ ਕੀਤੇ ਜਾਣ ਨੂੰ ਰੋਕਣ ਲਈ ਕਮਜ਼ੋਰ ਸੁਝਾਅ ਦਿੱਤੇ ਗਏ। ਰਾਜਪਾਲ ਨੂੰ "ਤਜਵੀਜ਼ੀ ਗਈ ਕਾਰਵਾਈ ਦੇ ਆਧਾਰ ਤੋਂ ਜਾਣੂ ਕਰਾਇਆ ਜਾਣਾ ਚਾਹੀਦਾ ਹੈ ਅਤੇ ਇਸ ਖ਼ਿਲਾਫ਼ ਪੱਖ ਪੇਸ਼ ਕਰਨ ਦਾ ਢੁਕਵਾਂ ਮੌਕਾ ਦਿੱਤਾ ਜਾਣਾ ਚਾਹੀਦਾ ਹੈ।"

ਰਿਪੋਰਟ ਵਿੱਚ ਇਹ ਵੀ ਸੁਝਾਇਆ ਗਿਆ ਕਿ ਰਾਜਪਾਲ ਦੇ ਜੁਆਬ ਦਾ ਨਿਰੀਖਣ ਇੱਕ ਸਲਾਹਕਾਰ ਗਰੁੱਪ ਵੱਲੋਂ ਕੀਤਾ ਜਾਣਾ ਚਾਹੀਦਾ ਹੈ ਜਿਹੜਾ ਉਪ ਰਾਸ਼ਟਰਪਤੀ, ਲੋਕ ਸਭਾ ਦੇ ਸਪੀਕਰ ਜਾਂ ਸੇਵਾਮੁਕਤ ਚੀਫ ਜਸਟਿਸ 'ਤੇ ਆਧਾਰਿਤ ਹੋਵੇ। "ਇਸ ਗਰੁੱਪ ਦੀਆਂ ਸਿਫ਼ਾਰਿਸ਼ਾਂ ਮਿਲਣ ਬਾਅਦ, ਰਾਸ਼ਟਰਪਤੀ ਇਸ ਮਾਮਲੇ ਵਿੱਚ ਅਜਿਹੇ ਹੁਕਮ ਜਾਰੀ ਕਰ ਸਕਦਾ ਹੈ ਜੋ ਉਸ ਨੂੰ ਢੁੱਕਵੇਂ ਲੱਗਦੇ ਹੋਣ।"

ਰਿਪੋਰਟ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਰਾਜਪਾਲ ਆਪਣੇ ਅਹੁਦੇ ਤੋਂ ਸੇਵਾਮੁਕਤ ਹੋਣ ਬਾਅਦ, ਸਿਵਾਏ ਰਾਜਪਾਲ ਜਾਂ ਉਪ ਰਾਸ਼ਟਰਪਤੀ ਜਾਂ ਰਾਸ਼ਟਰਪਤੀ-ਕੇਂਦਰ ਜਾਂ ਰਾਜ ਸਰਕਾਰਾਂ ਵੱਲੋਂ ਕਿਸੇ ਵੀ ਅਹੁਦੇ 'ਤੇ ਨਿਯੁਕਤ ਹੋਣ ਲਈ ਯੋਗ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਉਨ੍ਹਾਂ ਨੂੰ ਮੁੜ 'ਸਕ੍ਰਿਅ ਤੇ ਪੱਖਪਾਤੀ ਰਾਜਨੀਤੀ' ਵਿੱਚ ਸਰਗਰਮ ਹੋਣਾ ਚਾਹੀਦਾ ਹੈ। ਇਹ ਵੀ ਸਿਫ਼ਾਰਿਸ਼ ਕੀਤੀ ਗਈ, 'ਕੇਂਦਰ ਵਿੱਚ ਸੱਤਾਧਾਰੀ ਪਾਰਟੀ ਦੇ ਕਿਸੇ ਵੀ ਸਿਆਸਤਦਾਨ ਨੂੰ ਉਸ ਰਾਜ ਵਿੱਚ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ, ਜਿਨ੍ਹਾਂ ਵਿੱਚ ਵਿਰੋਧੀ ਪਾਰਟੀ ਜਾਂ ਵਿਰੋਧੀ ਪਾਰਟੀਆਂ ਦੇ ਗੱਠਜੋੜ ਵੱਲੋਂ ਸਰਕਾਰ ਚਲਾਈ ਜਾ ਰਹੀ ਹੋਵੇ।

ਸਰਕਾਰੀਆ ਕਮਿਸ਼ਨ ਰਿਪੋਰਟ ਪ੍ਰਕਾਸ਼ਿਤ ਹੋਣ ਦੇ ਪੰਦਰਾਂ ਦਿਨਾਂ ਬਾਅਦ ਹੀ ਪੰਜ ਰਾਜਾਂ ਵਿੱਚ ਜਿਹੜੇ ਰਾਜਪਾਲਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ, ਉਹ ਕਮਿਸ਼ਨ ਦੀਆਂ ਸਿਫ਼ਾਰਿਸ਼ ਦੀ ਸਿੱਧੀ ਉਲੰਘਣਾ ਸਨ। ਇਹ ਪ੍ਰਥਾ ਅੱਜ ਵੀ ਜਾਰੀ ਹੈ, ਜਿਸ ਨੇ ਸੰਘਵਾਦ ਤੇ ਲੋਕਤੰਤਰ ਨੂੰ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਰਾਜਪਾਲਾਂ ਵੱਲੋਂ ਮੁੱਖ ਮੰਤਰੀਆਂ ਨਾਲ ਦੁਰਵਿਵਹਾਰ ਦੇ ਸਾਹਮਣੇ ਆਏ ਤਾਜ਼ਾ ਮਾਮਲੇ ਆਖ਼ਰੀ ਨਹੀਂ ਹੋਣਗੇ।

# ਚੀਨ ਵੱਲੋਂ ਭਾਰਤ ਨੂੰ ਘੇਰਨ ਦੀਆਂ ਤਿਆਰੀਆਂ

ਦੀ ਸੁਰੱਖਿਆ ਦਾ ਜ਼ਾਮਨੀ ਹੈ। ਇਸ ਸਮੇਂ ਜੇ ਭਾਰਤ ਨੇ ਡੱਟ ਕੇ ਭੂਟਾਨ ਦਾ ਸਾਥ ਨਾ ਦਿੱਤਾ ਅਤੇ ਟ੍ਰਾਈਜੰਕਸ਼ਨ ਡੋਕਲਾਮ ਸਮੇਤ ਇਸ ਦੀ ਹਿਫ਼ਾਜ਼ਤ ਨਾ ਕੀਤੀ ਤਾਂ ਜਿੱਥੇ ਭੂਟਾਨ ਵੀ ਭਾਰਤ ਦੇ ਖੇਮੇ ਵਿੱਚੋਂ ਖਿਸਕ ਜਾਵੇਗਾ, ਉੱਥੇ ਬਾਕੀ ਗੁਆਂਢੀ ਮੁਲਕਾਂ ਕੋਲ ਭਾਰਤ ਦੀ ਕਮਜ਼ੋਰੀ ਸਿੱਧ ਹੋਵੇਗੀ। ਭਾਰਤ, ਭੂਟਾਨ ਤੇ ਤਿੱਬਤ ਦਾ ਸੰਧੀ ਸਥਾਨ ਗੰਗਟੋਕ (ਸਿੱਕਮ) ਤੋਂ 32 ਕਿਲੋਮੀਟਰ ਦੀ ਵਿੱਥ 'ਤੇ ਹੈ। ਯਾਡੋਂਗ, ਤਿੱਬਤ ਤੋਂ ਕੇਵਲ 18 ਕਿਲੋਮੀਟਰ ਦੀ ਦੂਰੀ 'ਤੇ ਹੈ। ਡੋਕਲਾਮ ਤੋਂ ਨਥੂਲਾ ਦੱਰਾ ਕੇਵਲ 23 ਕਿਲੋਮੀਟਰ ਅਤੇ ਸਿਲੀਗੁੜੀ ਤਕਰੀਬਨ 106 ਕਿਲੋਮੀਟਰ ਹੈ। ਚੀਨ ਵੱਲੋਂ ਜਿਸ ਤਰੀਕੇ ਨਾਲ ਤਿੱਬਤ ਵਿੱਚ ਸੜਕਾਂ, ਰੇਲਾਂ ਤੇ ਬੁਨਿਆਦੀ ਢਾਂਚੇ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਉਸ ਦੇ ਕਾਰਨ ਪੀਐਲਏ ਇਕ ਜਗ੍ਹਾ ਤੋਂ ਦੂਸਰੇ ਸਥਾਨ 'ਤੇ ਬੜੀ ਤੇਜ਼ੀ ਨਾਲ ਪਹੁੰਚ ਕਰ ਸਕਦੀ ਹੈ। ਆਪਣੇ 34 ਸਾਲ ਦੇ ਸੇਵਾਕਾਲ ਦੌਰਾਨ ਇਸ ਲੇਖਕ ਨੂੰ ਸਿੱਕਮ, ਸਿਲੀਗੁੜੀ, ਅਸਾਮ, ਅਰੁਣਾਚਲ ਪ੍ਰਦੇਸ਼, ਭੂਟਾਨ ਤੇ ਮਿਆਂਮਾਰ ਨਾਲ ਲੱਗਦੇ ਸੀਮਾਵਰਤੀ ਇਲਾਕਿਆਂ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਇਹ ਅੱਜ ਕੌਣ ਆਇਆ ਸਵੇਰੇ ਸਵੇਰੇ

ਬੜਾ ਸ਼ੋਰ ਪੈਂਦਾ ਗਰੀਬਾਂ ਦੇ ਡੇਰੇ,
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ।

ਸਦੀਆਂ ਤੋਂ ਚਲਦਾ ਸਮਾਂ ਰੁਕ ਗਿਆ ਏ,
ਪੁਰਾਣੇ ਵਿਚਾਰਾਂ ਦਾ ਸਿਰ ਝੁਕ ਗਿਆ ਏ।
ਬੁੱਢੇ ਜਿਹੇ ਕਾਨੂੰਨਾਂ ਦੇ ਧੁਆਂਖੇ ਗਏ ਚਿਹਰੇ, ਇਹ ...।

ਜਦੋਂ ਪੈਰ ਪੁੱਟਦਾ ਤਾਂ ਪੱਥਰ ਤਿੜਕਦੇ,
ਜਦੋਂ ਮੂੰਹੋਂ ਬੋਲੇ ਤਾਂ ਧੌਲਰ ਥਿੜਕਦੇ।
ਬੌਣੇ ਲੱਗਣ ਲੋਕ ਜਿਸ ਦੇ ਅਗੇਰੇ, ਇਹ ...।

ਇਹ ਕੀ ਦੇਣ ਆਇਆ ਤੇ ਕੀ ਲੈਣ ਆਇਆ,
ਇਹ ਕੀ ਸੁਣਨ ਆਇਆ ਤੇ ਕੀ ਕਹਿਣ ਆਇਆ।
ਸਮਝਣ 'ਚ ਅਸਮਰੱਥ ਹੋ ਗਏ ਵਡੇਰੇ, ਇਹ ...

ਬਗਾਵਤ ਲਈ ਦਾਸਾਂ ਨੂੰ ਕਰਦਾ ਇਸ਼ਾਰੇ,
ਕਬਰਾਂ ਦੇ ਮੁਰਦੇ ਵੀ ਭਰਦੇ ਹੁੰਗਾਰੇ।
ਮਜ਼ਬੂਤ ਹੋ ਗਏ ਯਤੀਮਾਂ ਦੇ ਜੇਰੇ। ਇਹ ...


ਨਵੀਂ ਇਹ ਦੀ ਥਿਊਰੀ ਨਵਾਂ ਇਹਦਾ ਖਾਸਾ,
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ ਦੇਣਾ ਪਾਸਾ।
ਲੁਕ ਲੁਕ ਕੇ ਰੋਂਦੇ ਸਮਾਜੀ ਲੁਟੇਰੇ, ਇਹ ...

ਕਲਮ ਲੈ ਕੇ ਜਦ ਉਹ ਹੋਇਆ ਉਦਾਲੇ,
ਡਿੱਗ-ਡਿੱਗ ਕੇ ਟੁੱਟ ਗਏ ਟੰਗੇ ਹੋਏ ਪਿਆਲੇ।
ਵੇਦਾਂ ਤੇ ਮੰਦਰਾਂ 'ਚੋਂ ਨੱਸਦੇ ਅਨ੍ਹੇਰੇ, ਇਹ ...।

ਛੰਨਾਂ ਤੇ ਢਾਰਿਆਂ ਦਾ ਦਸਦਾ ਉਜਾਲਾ,
'ਆਲਮ' 'ਚ ਹੈ ਹੁਣ ਕੁਝ ਹੋਣ ਵਾਲਾ।
ਲੱਖਾਂ ਲੋਕ ਜੁੜ ਬੈਠੇ ਜਿਸ ਦੇ ਚੁਫੇਰੇ, ਇਹ ...।

**– ਗੁਰਦਾਸ ਰਾਮ ਆਲਮ**

## ਇਸ ਹਫਤੇ ਦਾ ਕਵੀ




ਗੁਰਦਾਸ ਰਾਮ ਆਲਮ ਸਦੀਆਂ ਤੋਂ ਲਿਤਾੜੇ, ਪਿਛਾੜੇ ਅਤੇ ਪਦ-ਦਲਿਤ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸਿਰਮੌਰ ਤੇ ਪ੍ਰਤੀਨਿਧ ਕਵੀ ਹੈ। ਉਸਦੀ ਕਵਿਤਾ ਦੇ ਨਾਇਕ ਗਰੀਬ, ਕਾਮੇ-ਕਿਰਤੀ, ਕਿਸਾਨ, ਭੰਗੀ, ਮੋਚੀ, ਲਿਲਾਰੀ, ਜੁਲਾਹੇ, ਪਥੇਰੇ, ਖਾਨਾ-ਬਦੋਸ਼, ਗੁਲਾਮ, ਅਛੂਤ ਅਤੇ ਉਚ ਵਰਗ ਵੱਲੋਂ ਦੁਰਕਾਰੇ, ਸਮੁੱਚੀ ਧਰਤੀ ਦਾ ਭਾਰ ਸਹਿੰਦੇ ਪੀੜਤ ਲੋਕ ਹਨ। ਉਸਦੀ ਕਵਿਤਾ ਹੱਡੀਂ ਹੰਢਾਇਆ ਸੱਚ ਹੈ, ਆਲਮ ਨੇ ਆਮ ਆਦਮੀ ਦੀ ਪੀੜਾ ਆਪਣੇ ਪਿੰਡੇ ਤੇ ਸਹਿਣ ਕੀਤੀ ਹੈ। ਉਸ ਨੇ ਆਪਣੇ ਚਾਰ ਪੁੱਤਰ ਗਰੀਬੀ, ਭੁੱਖ ਅਤੇ ਦਵਾਈ ਖੁਣੋਂ ਗੰਵਾਏ ਸਨ ਅਤੇ ਸਾਰੀ ਉਮਰ ਤੰਗੀਆਂ-ਤੁਰਸ਼ੀਆਂ ਅਤੇ ਭੁੱਖ-ਦੁੱਖ ਵਿਚ ਬਤੀਤ ਕੀਤੀ, ਇਸ ਲਈ ਉਹ ਲਿਤਾੜੇ ਜਾ ਰਹੇ ਬੰਦਿਆਂ ਵਿਚ ਨਵੀਂ ਰੂਹ ਫੂਕਣੀ ਚਾਹੁੰਦਾ ਹੈ। ਸੁਤੰਤਰਤਾ ਪ੍ਰਾਪਤੀ ਉਪਰੰਤ ਹੀ ਉਸਨੇ ਭਾਂਪ ਲਿਆ ਸੀ ਕਿ ਆਰਥਿਕ ਅਤੇ ਸਮਾਜਿਕ ਆਜ਼ਾਦੀ ਤੋਂ ਬਿਨਾਂ ਭਾਰਤ ਨੂੰ ਮਿਲੀ ਇਹ ਸਿਆਸੀ ਆਜ਼ਾਦੀ ਮਿਹਨਤਕਸ਼ਾਂ ਲਈ ਕੋਈ ਮਹੱਤਵ ਨਹੀਂ ਰੱਖਦੀ। ਇਸੇ ਲਈ ਆਖਰੀ ਸਾਹਾਂ ਤੱਕ ਆਪਣੀ ਕਵਿਤਾ ਵਿਚ ਉਹ ਆਜ਼ਾਦ ਭਾਰਤ ਵਿਚ ਅਣਗੌਲੇ ਵਰਗ ਦੇ ਹੋ ਰਹੇ ਸ਼ੋਸ਼ਣ ਅਤੇ ਲੁੱਟ-ਖਸੁੱਟ ਦੀ ਪੀੜਾ ਨੂੰ ਪ੍ਰਸਤੁਤ ਕਰਦਾ ਰਿਹਾ। ਉਸਦੀ ਕਵਿਤਾ ਦੀ ਭਾਸ਼ਾ ਸ਼ੈਲੀ ਸਰਲ, ਸਪਸ਼ਟ ਪਰ ਵਿਅੰਗਾਤਮਕ ਹੈ। ਉਸਦੇ ਕਾਵਿ-ਬੋਲ ਪਾਠਕ ਅਤੇ ਸਰੋਤਿਆਂ ਦੀ ਅੰਤਰ ਆਤਮਾ ਝੰਜੋੜਨ ਦੀ ਸ਼ਕਤੀ ਰੱਖਦੇ ਹਨ। ਉਸਦੀ ਕਵਿਤਾ ਅਮਾਨਵੀ ਵਿਹਾਰ ਵਿਰੁੱਧ ਸ਼ਾਬਦਿਕ ਬਗਾਵਤ ਹੈ ਅਤੇ ਇਹ ਨਿਰੰਤਰ ਸੰਘਰਸ਼ ਲਈ ਪ੍ਰੇਰਿਤ ਕਰਦੀ ਹੈ।

ਮੈਂ ਇਸ ਗੱਲ ਦਾ ਫਖਰ ਤਾਂ ਕਰ ਹੀ ਸਕਦਾ ਹਾਂ ਕਿ ਮੈਨੂੰ ਕਈ ਸਾਲ ਆਲਮ ਜੀ ਦਾ ਸਾਥ ਅਤੇ ਸੰਗਤ ਮਾਨਣ ਦਾ; ਮੌਕਾ ਮਿਲਿਆ। ਉਮਰ ਦੇ ਪਿਛਲੇ ਦਹਾਕੇ ਗੁਰਦਾਸ ਰਾਮ ਆਲਮ ਪੂਰੇ ਤਨ, ਮਨ ਨਾਲ ਅੰਬੇਡਕਰ ਭਵਨ ਜਲੰਧਰ ਨਾਲ ਜੁੜਿਆ ਰਿਹਾ। ਧਨ ਉਸ ਕੋਲ ਹੈ ਹੀ ਨਹੀਂ ਸੀ ਪਰ ਉਹ ਸੱਚਾ, ਸੁੱਚਾ, ਪਦਾਰਥਵਾਦੀ ਚੇਸ਼ਟਾ ਤੋਂ ਦੂਰ ਭੱਜਣ ਵਾਲਾ ਅਸਲੀ ਮਨੁੱਖ ਸੀ, ਜਿਸ ਵਿਚ ਮਾਇਆ ਪ੍ਰਤੀ ਲੇਸ ਮਾਤਰ ਵੀ ਮੋਹ ਨਹੀਂ ਸੀ। ਆਲਮ ਦਾ ਜਨਮ 1912 ਵਿਚ ਪਿੰਡ ਬੁੰਡਾਲਾ (ਜਲੰਧਰ) ਵਿਖੇ ਹੋਇਆ ਅਤੇ 1989 ਵਿਚ ਉਸਦਾ ਦੇਹਾਂਤ ਹੋ ਗਿਆ। 'ਉਡਦੀਆਂ ਧੂੜਾਂ', 'ਅੱਲੇ ਫੱਟ' ਅਤੇ 'ਜੇ ਮੈਂ ਮਰ ਗਿਆ' ਉਸਦੇ ਤਿੰਨ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਏ। ਉਹ ਆਦਿ ਧਰਮ ਮੰਡਲ ਨਾਲ ਵੀ ਜੁੜਿਆ ਰਿਹਾ।

**ਪੇਸ਼:- ਡਾ ਜੀ. ਸੀ. ਕੌਲ** (91-94632-23223)

## ਅਛੂਤ ਦਾ ਇਲਾਜ

**ਅਛੂਤ-** ਡਾਕਟਰ ਸਾਹਿਬ ਤਕੜੇ ਹੋ ਕੇ ਹੱਥ ਪਾਇਓ,
ਚੌਖੇ ਸਾਲ ਹੋ ਗਏ ਤਾਣ ਲਾ ਚੁੱਕਾਂ,
ਛੂਤ ਛਾਤ ਦੀ ਤੂਤਨੀ ਨਿਕਲੀ ਨਹੀਂ,
ਜਾ ਜਾ ਗੰਗਾ ਦੇ ਦੂਸ਼ਨਾ ਲਾਹ ਚੁੱਕਾਂ।
ਮੁਸਲਮ, ਹਿੰਦੂ ਇਸਾਈ ਤੇ ਸਿੱਖ ਸਾਰੇ,
ਲਿਆ ਕੇ ਮਾਂਦਰੀ ਨਬਜ਼ ਵਿਖਾ ਚੁੱਕਾਂ।
ਜੋ ਵੀ ਦੱਸਿਆ ਕਿਸੇ ਨੇ ਸੋਈ ਕੀਤਾ,
ਝੁੱਗਾ ਆਪਣਾ ਕੁੱਲ ਲੁਟਾ ਚੁੱਕਾਂ।
ਛੂਤ ਨਾਲ ਪਰਛਾਵੇਂ ਦੇ ਵਾਂਗ ਰਹਿੰਦੀ,
ਧਾਗੇ ਰੱਖ ਪ੍ਰਹੇਜ਼ ਦੇ ਪਾ ਚੁੱਕਾਂ।
ਫੈਦਾ ਕੁਝ ਨਹੀਂ ਹੋਇਆ ਹਜ਼ੂਰ ਮੈਨੂੰ,
ਬੜੇ-ਬਪਤਸਮੇ ਬੜੇ ਮੈਂ ਖਾ ਚੁੱਕਾਂ।

**ਪੰਡਤ-** ਪੰਡਤ ਉਠਿਆ ਉਠ ਕੇ ਕਹਿਣ ਲੱਗਾ,
ਹਿੰਦੂ ਹੋ ਕੇ ਤੂੰ ਬੋਦੀ ਮਨਾਇਆ ਨਾ ਕਰ।
ਛੂਤ ਛਾਤ ਤੈਨੂੰ ਬੜੀ ਦੇਰ ਦੀ ਏ,
ਹਟਸੀ ਆਸਤੇ, ਬਹੁਤ ਘਬਰਾਇਆ ਨਾ ਕਰ।
ਨਾਲੇ ਮਾਸ ਸ਼ਰਾਬ ਦੀ ਰੱਖ ਰੱਖੀਂ,
ਬਸਤਰ ਮੈਨ ਵਿਚ ਕੁਰੜੇ ਹੋਏ ਪਾਇਆ ਨਾ ਕਰ।
ਸਾਡੇ ਨਾਲ ਤੇਰਾ ਖਾਨਦਾਨ ਮਿਲਦਾ,
ਮੁਸਲਮਾਨਾਂ ਦੇ ਹੱਥਾਂ ਦਾ ਖਾਇਆ ਨਾ ਕਰ।
ਅਸੀਂ ਹਿੰਦੂ ਤੇ ਤੂੰ ਵੀ ਤੇ ਹਿੰਦੂ ਈ ਏਂ,
ਸਮਾਂ ਆਉਣ ਦੇ ਛਾਤੀ ਨਾਲ ਲਾ ਲਵਾਂਗੇ।
ਪੰਜ ਗਾਓ ਖ਼ੁਆਲ ਕੇ ਫੇਰ ਤੈਨੂੰ,
ਅਸੀਂ ਆਪਣਾ ਨਾਂਲ ਮਿਲਾ ਲਵਾਂਗੇ।

**ਮੌਲਵੀ-** ਨਬਜ਼ ਪਕੜ ਕੇ ਮੌਲਵੀ ਕਹਿਣ ਲੱਗਾ,
ਛੂਤ ਛਾਤ ਮੈਂ ਤੇਰੀ ਹਟਾ ਦੇਸਾਂ।
ਤੀਹ ਦਿਨ ਛਡਣਾ ਪਵੇਗਾ ਅੰਨ ਤੈਨੂੰ,
ਪੰਜ ਵਕਤ ਦਵਾ ਦੁਆ ਦੇਸਾਂ।
ਇਕ ਸੂਰ ਤੋਂ ਛੁੱਟ ਪਰਹੇਜ਼ ਕੁਝ ਨਹੀਂ,
ਕਲਮੇ ਨਬੀ ਦੇ ਨਾਲ ਉਡਾ ਦੇਸਾਂ।
ਸ਼ੋਰਾ ਬਚਦਾ ਤੁਸਾਂ ਦੀ ਸਾਣਕੀ ਦਾ,
ਸਾਰੇ ਮੋਮਨਾਂ ਤਾਈਂ ਖ਼ੁਆ ਦੇਸਾਂ।
ਰੋਕੂ ਫੇਰ ਕੋਈ ਨਾ ਖੂਹਾਂ ਹੋਟਲਾਂ ਤੋਂ,
ਇਜ਼ਤ ਕਰੇਗਾ ਸਾਰਾ ਹੀ ਜੱਗ ਤੇਰੀ।
ਸਲਾਮਾ ਅਲੇਕਮ ਬੁਲਾ ਕੇ ਬੈਠ ਜਾਵੀਂ,
ਸਿਕੰਦਰ ਜਹੇ ਵੀ ਧਰਨਗੇ ਅੱਗ ਤੇਰੀ।

**ਭਾਈ-** ਸਿੱਖ ਬੋਲਿਆ ਸਭੋ ਕੁਝ ਜਾਨਾ ਮੈਂ,
ਕੋਈ ਰੋਗ ਨਾ ਸਕੇ ਛੁਪਾ ਮੈਥੋਂ।
ਨਾਈ ਝੀਰ, ਤਰਖਾਣ, ਲੁਹਾਰ ਛੀਂਬੇ,
ਹੁਣੇ ਹਟੇ ਇਲਾਜ ਕਰਾ ਮੈਥੋਂ।
ਸੰਗਤ ਸਿੰਘ, ਜੀਵਨ ਸਿੰਘ ਜਾਣਨਾ ਨਹੀਂ?
ਰਾਜ਼ੀ ਹੋ ਗਏ ਤੇਰੇ ਭਰਾ ਮੈਥੋਂ।
ਕੱਢ ਦਿਆਂਗਾ ਛੂਤ ਦਾ ਭੂਤ ਤੇਰਾ,
ਅੰਮ੍ਰਿਤ ਖੰਡੇ ਦੀ ਧਾਰ ਦਾ ਖਾ ਮੈਥੋਂ।
ਪਹਿਰਾ ਪੰਜਾਂ ਕਕਾਰਾਂ ਦਾ ਲਾ ਦਿਆਂਗਾ,
ਫੇਰ ਕੋਈ ਸਕਦਾ ਨਹੀਂ ਦੁਰਕਾਰ ਤੈਨੂੰ।
ਜਿਧਰ ਜਾਵੇਂਗਾ ਵੇਖ ਕੇ ਕੇਸ ਦਾੜ੍ਹਾ,
ਸਾਰੇ ਕਹਿਣਗੇ ਲੋਕ ਸਰਦਾਰ ਤੈਨੂੰ।

**ਪਾਦਰੀ-** ਕਹਿੰਦਾ ਪਾਦਰੀ ਅੱਖਾਂ ਵਿਖਾਲ ਮੈਨੂੰ,
ਜੇ ਤੈਂ ਛੂਤ ਦਾ ਭੂਤ ਕਢਾਵਣਾ ਈ,
'ਤੇਰੇ ਲਈ ਹਮ ਆਇਆ ਵਲੈਤ ਵਿਚੋਂ,
ਈਸਾਈ ਹੋ ਜੇ ਜ਼ੰਨਤ ਨੂੰ ਜਾਵਣਾ ਈ।
ਦਸ ਹੁਕਮ ਮਸੀਹ ਦੇ ਮੰਨ ਲੈਣੇ,
ਨਾ ਕੁਛ ਪਾਵਣਾ ਤੇ ਨਾ ਕੁਝ ਲ੍ਹਾਵਣਾ ਈ।
ਕਿਸੇ ਚੀਜ਼ ਦਾ ਨਹੀਂ ਪ੍ਰਹੇਜ਼ ਕੁਝ ਵੀ,
ਜੋ ਕੁਝ ਮਿਲੇ ਸੋ ਰਿੰਨ੍ਹ ਕੇ ਖਾਵਣਾ ਈ।
ਹਿੰਦੂ, ਸਿੱਖ, ਮੁਸਲਮ ਜਿੰਨੇ ਹਿੰਦੁਸਤਾਨੀ,
ਹੁਣ ਤੇ ਸਮਝਤੇ ਹੈਂ ਗੁਲਾਮ ਤੈਨੂੰ।
ਹੈਟ ਰਖ ਕੇ ਵੇਖ ਲੈ ਇਕ ਵਾਰੀ,
ਸਾਰੇ ਕਹਿਣਗੇ 'ਸਾਹਬ ਸਲਾਮ' ਤੈਨੂੰ।

**ਕਾਂਗਰਸੀਆਂ-** ਗਾਂਧੀ ਭਗਤ ਕਹਿੰਦਾ, ਬਣ ਜਾ ਕਾਂਗਰਸੀਆ,
ਬਚੀਂ ਮਜ਼੍ਹਬਾਂ ਤੋਂ, ਧੋਖੇ 'ਚ ਪਾ ਰਹੇ ਨੇ।
ਝਗੜੇ ਆਪਣੇ ਕਾਜ਼ੀਆਂ ਪੰਡਤਾਂ ਦੇ,
ਅਤੇ ਦੇਸ਼ ਗੁਲਾਮ ਬਣਾ ਰਹੇ ਨੇ।
ਇਕੋ ਰੱਬ ਨੂੰ ਦੱਸ ਕੇ ਵੀਹੀਂ ਥਾਈਂ,
ਚੰਨ ਪਾਣੀ ਦੇ ਵਿਚੋਂ ਵਿਖਾ ਰਹੇ ਨੇ।
ਜਿਹੜੇ ਫਸੇ ਹੋਏ ਵਾਂਗ ਬਟੇਰਿਆਂ ਦੇ,
ਬੋਲ ਬੋਲ ਕੇ ਤੈਨੂੰ ਫਸਾ ਰਹੇ ਨੇ।
ਕਮਿਊਨਿਸਟਾਂ ਨੇ ਜੇ ਨਾ ਕੋਈ ਢੁੱਚ ਡਾਹੀ,
ਬਹਿ ਕੇ ਦਿਲੀਓਂ ਤਾਰ ਖੜਕਾ ਦਿਆਂਗੇ।
ਫੀਸਾਂ ਮਾਫ, ਵਜ਼ੀਫੇ ਰਿਜ਼ਰਵ ਸੀਟਾਂ,
ਵਾਂਗੂੰ ਛੂਤ ਵੀ ਤੇਰੀ ਉਡਾ ਦਿਆਂਗੇ।

**ਸ਼ਾਇਰ-** ਅੱਖਾਂ ਖੋਲ੍ਹ ਅਛੂਤਾ ਤੇ ਵੇਖ ਐਧਰ,
ਲਿਖ ਦੇਨੇ ਆਂ ਗੱਲ ਤੇ ਚੋਰੀ ਦੀ ਏ।
ਤਿੰਨੇ ਕੋਲ ਰੱਖਣੇ ਬਲ, ਇਤਫਾਕ, ਵਿੱਦਿਆ,
ਨਾ ਪ੍ਰਵਾਹ ਕਰਨੀ ਕਿਸੇ ਹੋਰੀ ਦੀ ਏ।
ਸ਼ਰ੍ਹਾ ਛਿਤਰਾਂ ਦੀ, ਮਜ਼੍ਹਬ ਡੰਡਿਆਂ ਦੇ,
ਜ਼ਾਤ ਜੁੱਤੀਆਂ ਦੀ ਜ਼ੋਰਾ ਜ਼ੋਰੀ ਦੀ ਏ।
ਨਾ ਕੋਈ ਊਚ ਹੈ ਨਾ ਕੋਈ ਨੀਚ ਏਥੇ,
ਛੂਤ ਛੂਤ ਸਭ ਤੇਰੀ ਕਮਜ਼ੋਰੀ ਦੀ ਏ।
ਤੂੰ ਵੀ ਹੋਰਨਾਂ ਜਿਹਾ ਇਨਸਾਨ ਹੀ ਹੈਂ,
ਮਤਲਬ ਪ੍ਰਸਤੀਆਂ ਵਿਤਕਰੇ ਪਏ ਹੋਏ ਨੇ।
'ਆਲਮ' ਮੰਦਿਰ ਮਸੀਤਾਂ ਦੀ ਬੌਰ ਲਾ ਕੇ,
ਤੇਰੇ ਜਿਹੇ ਵਿਚ ਬੁੱਧੂ ਫਸਾਏ ਹੋਏ ਨੇ।

**– ਗੁਰਦਾਸ ਰਾਮ ਆਲਮ**

## ਗੀਤ

ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।
ਤਲੀ ਉਤੇ ਜਾਨ ਰੱਖਕੇ, ਉਹਨੇ ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।
ਜਿਸ ਵੇਲੇ ਰੋਕ ਨਾ ਸਕੀ ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ।
ਨੱਸਕੇ ਅੰਦਰ ਲੁਕ ਗਈ, ਕੁੰਡਾ ਮਾਰਕੇ ਵੱਡੀ ਚੁਧਰਾਣੀ।
ਮੁੱਛਾਂ ਉਤੇ ਹੱਥ ਫੇਰਕੇ, ਨਾਲੇ ਖੰਘਿਆ ਤੇ ਨਾਲੇ ਮੁਸਕਰਾਇਆ।
ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।
ਬਾਹਾਂ ਵਿਚ ਸਿਰ ਘੁੱਟਕੇ, ਬੇਰੀ ਹੌਂਸਲੇ ਦੇ ਨਾਲ ਹਲੂਣੀ।
ਲਾਂਗਰਾਂ ਮਧੋਲ ਸੁੱਟੀਆਂ, ਕੀਤੀ ਭੁੱਖ ਜ਼ਿੰਦਗੀ ਦੀ ਊਣੀ।
ਲਾਲ ਗੜੁੱਭ ਵਰਗਾ, ਸੋਹਣਾ ਬੇਰ ਬੁਲ੍ਹੀਆਂ ਨਾਲ ਲਾਇਆ।
ਲੰਬੜਾਂ ਦੀ ਕੱਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।
ਲੰਮੇ ਪੈ ਗਏ ਪੈਰ ਸੁੰਘਕੇ, ਕੁੱਤਾ ਭੌਂਕਿਆ ਨਾ ਕੋਈ ਵੀ ਸ਼ਿਕਾਰੀ।
ਬਿੱਟ ਬਿੱਟ ਝਾਕਦੇ ਰਹੇ, ਚੌਂਕੀਦਾਰ ਤੇ ਲੰਬੜ, ਪਟਵਾਰੀ।
ਦੂਰੋਂ ਵਿਸ ਘੋਲਦੇ ਰਹੇ, ਓਹਦੇ ਕੋਲ ਨਾ ਕੋਈ ਵੀ ਆਇਆ।
ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।
ਸਿਖਰ ਦੁਪਹਿਰੇ ਦਿਨ ਦੇ, ਜਦੋਂ ਆਪ ਨਾ ਫੁੱਟੇ ਕੁਝ ਰਾਖੇ।
ਕਿਸੇ ਦਾ ਕਿਹੜਾ ਢਿੱਡ ਦੁਖਦਾ, ਕਿਉਂ ਹੋਰ ਕੋਈ ਕਿਸੇ ਨੂੰ ਕੁਝ ਆਖੇ।
'ਆਲਮ' ਹੈਰਾਨ ਹੋ ਗਿਆ, ਨਾ ਉਹ ਡਰਿਆ ਤੇ ਨਾ ਘਬਰਾਇਆ।
ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।

**-ਗੁਰਦਾਸ ਰਾਮ ਆਲਮ**

## ਮਜ਼ਦੂਰ ਦਾ ਗੀਤ

ਮਾਹੀ ਮੇਰਾ ਕਾਲੇ ਰੰਗ ਦਾ, ਵਿਹੜੇ ਵੜਦਾ ਤੇ ਚੰਦ ਚੜ੍ਹ ਜਾਂਦਾ।
ਜੱਗ ਦੀ ਭਲਾਈ ਵਾਸਤੇ, ਬੇਹੀਆਂ ਰੋਟੀਆਂ ਮਿਰਚ ਨਾਲ ਖਾਂਦਾ।
'ਕੱਲਾ ਉਹ ਕਮਾਊ ਘਰ 'ਚੋਂ, ਚੌਹ ਜੀਆਂ ਦੀ ਖਿੱਚੇ ਹਰਨਾੜੀ।
ਲੂਣ, ਤੇਲ, ਚਾਹ, ਨਾ ਚੁੱਕੇ, ਉਹਦੀ ਚਾਰ, ਪੰਜ ਦਮੜੇ ਦਿਹਾੜੀ।
ਜੁਆਕਾਂ ਨੂੰ ਪੜ੍ਹਾਉਣ ਬਦਲੇ, ਘਾਹ ਖੋਤ ਕੇ ਦਿਹਾੜੀ ਜਾਂਦਾ।
ਮਾਹੀ ਮੇਰਾ ਕਾਲੇ ਰੰਗ ਦਾ, ਵਿਹੜੇ ਵੜਦਾ ਤੇ ਚੰਦ ਚੜ੍ਹ ਜਾਂਦਾ।
ਕਣਕਾਂ ਦੇ ਝਾੜ ਵੱਧ ਗਏ, ਉਹ ਤੋਂ ਵੱਧ ਵਧ ਗਈ ਮਹਿੰਗਾਈ।
ਔਖਾ ਹੋਇਆ ਢਿੱਡ ਤੋਰਨਾ, ਦੱਸੋ ਕਿੱਥੋਂ ਮੈਂ ਭਰਾ ਦਿਆਂ ਰਜਾਈ।
ਉਤੇ ਲੈ ਕੇ ਸੌਂਦਾ ਚਾਦਰੀ, ਹੇਠਾਂ ਬੋਰੀਆਂ ਦੇ ਤੱਪੜ ਵਿਛਾਂਦਾ।
ਮਾਹੀ ਮੇਰਾ ਕਾਲੇ ਰੰਗ ਦਾ, ਵਿਹੜੇ ਵੜਦਾ ਤੇ ਚੰਦ ਚੜ੍ਹ ਜਾਂਦਾ।
ਜਦੋਂ ਮੈਂ ਵਿਆਹੀ ਆਈ ਸੀ, ਦੋ ਹਜ਼ਾਰ ਦਾ ਸੀ ਢੋਲ ਪਥੇਰਾ।
ਰਾਜ ਸੀ ਫਰੰਗੀਆਂ ਦਾ, ਕਦੇ ਮੁੱਕਾ ਨਹੀਂ ਸੀ ਘਰ 'ਚੋਂ ਲਵੇਰਾ।
ਦੋਂਹ ਮੋਹਰੇ ਗਾਰਾ ਸੁੱਟ ਕੇ, ਘਾਣੀ ਪੁੱਟਕੇ ਇੱਟਾਂ ਸੀ ਲਾਂਦਾ।
ਮਾਹੀ ਮੇਰਾ ਕਾਲੇ ਰੰਗ ਦਾ, ਵਿਹੜੇ ਵੜਦਾ ਤੇ ਚੰਦ ਚੜ੍ਹ ਜਾਂਦਾ।
ਮੈਨੂੰ ਕਹਿੰਦਾ ਮੇਰੇ ਹੁੰਦਿਆਂ, ਨੀ ਤੂੰ ਕਿਉਂ ਤਕਲੀਫ ਉਠਾਵੇਂ।
ਹੱਸ ਹੱਸ ਰੋਜ਼ ਦੱਸ ਦਾ, ਗੱਲਾਂ ਬੈਠ ਤਾਰਿਆਂ ਦੀ ਛਾਵੇਂ।
ਆ ਜਾਣਾ ਰਾਜ ਆਪਣਾ, ਸਾਨੂੰ 'ਆਲਮ' ਐਲਾਨ ਸੁਣਾਂਦਾ।
ਮਾਹੀ ਮੇਰਾ ਕਾਲੇ ਰੰਗ ਦਾ, ਵਿਹੜੇ ਵੜਦਾ ਤੇ ਚੰਦ ਚੜ੍ਹ ਜਾਂਦਾ।

**-ਗੁਰਦਾਸ ਰਾਮ ਆਲਮ**

## ਯਾਦਾਂ ਮੇਰੇ ਪਿੰਡ ਦੀਆਂ....

ਸ਼ਿਖਰ ਦੁਪਹਿਰ ਵਿੱਚ
ਜਦੋਂ ਇਸ ਸ਼ਹਿਰ ਵਿੱਚ
ਖਿੜਕੀ ਕੋਈ ਬੰਦ ਹੋ ਜਾਂਦੀ ਹੈ
ਮੈਨੂੰ ਮੇਰੇ ਪਿੰਡ ਦੀ
ਬਹੁਤ ਯਾਦ ਆਉਂਦੀ ਹੈ
ਦਰੱਖਤ ਦੇ ਥੱਲੇ ਬੈਠ
ਇੱਕ ਰੁਪਏ ਵਿੱਚ
ਸੰਤਰੀ ਰੰਗ ਦੀ
ਉਹ ਕੁਲਫੀ ਖਾਣਾ
ਸਾਰਾ ਦਿਨ ਖੇਡਕੇ
ਤਰਕਾਲਾਂ ਵੇਲੇ ਘਰ ਆਉਣਾ
ਬਾਪੂ ਦੇ ਆਉਣ ਦੀ
ਭਿਣਕ ਨਾਲ ਡਰ ਜਾਣਾ
ਮਾਂ ਦੀ ਪਿਆਰੀ ਥਾਪੀ
ਕਿੱਥੇ ਭੁੱਲ ਪਾਉਂਦੀ ਹੈ
ਮੈਨੂੰ ਮੇਰੇ ਪਿੰਡ ਦੀ
ਬਹੁਤ ਯਾਦ ਆਉਂਦੀ ਹੈ
ਭਰਾ ਦੀ ਦੋਸਤੀ
ਭੈਣ ਦਾ ਉਹ ਦੁਲਾਰ
ਮੇਰਾ ਨਾਮ
ਵਿਗਾੜਨ ਦੀ
ਉਹ ਮੱਠੀ ਜਿਹੀ ਕੋਸ਼ਿਸ਼
ਹੁਣ ਵੀ ਬਹੁਤ ਹਸਾਉਂਦੀ ਹੈ
ਮੈਨੂੰ ਮੇਰੇ ਪਿੰਡ ਦੀ
ਬਹੁਤ ਯਾਦ ਆਉਂਦੀ ਹੈ
ਕਈ ਸਾਲ ਲੰਘੇ
ਜ਼ਿੰਦਗੀ ਨੂੰ ਜਿਓਂਦਿਆਂ
ਹੁਣ ਸ਼ਹਿਰ ਵਿੱਚ ਆਇਆ ਹਾਂ
ਪਰ ਆਪਣੇ ਪਿੰਡ ਨੂੰ
ਕਿੱਥੇ ਭੁੱਲ ਪਾਇਆ ਹਾਂ
ਮੇਰੀ ਮਾਂ ਦੀ ਗੋਦੀ
ਹੁਣ ਵੀ
ਮੈਨੂੰ ਬੁਲਾਉਂਦੀ ਹੈ
ਮੈਨੂੰ ਮੇਰੇ ਪਿੰਡ ਦੀ
ਬਹੁਤ ਯਾਦ ਆਉਂਦੀ ਹੈ
ਮੈਨੂੰ ਮੇਰੇ ਪਿੰਡ ਦੀ

**ਮੂਲ- ਮੁਕੇਸ਼ ਖੰਡਵਾਲ**
**ਅਨੁਵਾਦ- ਸਤਨਾਮ ਸਿੰਘ ਕੈਂਥ**
**9988047124**

## ਬੱਚੇ

ਚੀਂ-ਚੀਂ ਕਾਂ-ਕਾਂ ਕਰਦੇ ਬੱਚੇ
ਕਿੰਨਾ ਹੁੱਲੜ ਇਹ ਮਚਾਉਂਦੇ ਨੇ
ਸਮਝਾਈਏ ਭਲਾ ਅਸੀਂ ਕਿੰਨਾ ਵੀ
ਇਹ ਕਿੱਥੇ ਸਮਝਣਾ ਚਾਹੁੰਦੇ ਨੇ...
ਕਦੇ ਵੱਡਿਆਂ ਦੀ ਐਕਟਿੰਗ ਕਰਨਾ
ਕਦੇ ਥੋੜਾ ਅਕੜਾਕੇ ਚੱਲਣਾ
ਕਦੇ ਰੁੱਸਕੇ ਮੂੰਹ ਫਲਾਉਣਾ
ਕਦੇ ਪਿਆਰ ਨਾਲ ਮੰਨ ਜਾਣਾ
ਕਦੇ ਗੇਂਦ ਲਈ ਕਰਨ ਲੜਾਈ
ਕਦੇ ਰਿਮੋਟ ਦੀ ਸ਼ਾਮਤ ਆਈ
ਕਦੇ ਵੱਡਿਆਂ ਜਹੀਆਂ ਗੱਲਾਂ ਕਰਕੇ
ਉਲਟਾ ਸਾਨੂੰ ਸਮਝਾਉਂਦੇ ਨੇ
ਇਹ ਤਾਂ ਬੱਚੇ ਨੇ ਭਾਈ !
ਇਹ ਕਿੱਥੇ ਸਮਝਣਾ ਚਾਹੁੰਦੇ ਨੇ...
ਦਾਦਾ-ਦਾਦੀ, ਨਾਨਾ-ਨਾਨੀ ਘਰ ਦੇ
ਇਹਨਾਂ ਦੇ ਕਿੱਸੇ ਬਹੁਤ ਨਿਰਾਲੇ ਨੇ
ਇਸਨੇ ਮੇਰੇ ਕੱਪ ਵਿੱਚ ਦੁੱਧ ਕਿਉਂ ਪੀਤਾ ?
ਜਦ ਸਾਰਿਆਂ ਦੇ ਆਪਣੇ ਪਿਆਲੇ ਨੇ
ਕਦੇ ਇਹ ਨਹੀਂ ਖਾਣਾ
ਉਹ ਨਹੀਂ ਖਾਣਾ
ਹੇ ਭਗਵਾਨ ! ਕਿੰਨਾ ਨਖ਼ਰਾ ਦਿਖਾਂਦੇ ਨੇ
ਇਹ ਤਾਂ ਬੱਚੇ ਨੇ ਭਾਈ !
ਇਹ ਕਿੱਥੇ ਸਮਝਣਾ ਚਾਹੁੰਦੇ ਨੇ...
ਥੋੜਾ ਵੀ ਜੇਕਰ ਇਹਨਾਂ ਨੂੰ ਸਮਝਾਈਏ
ਹਾਂ ਵਿੱਚ ਗਰਦਨ ਹਿਲਾਉਂਦੇ ਨੇ
ਪਰ ਮਿੰਟਾਂ ਵਿੱਚ ਸਭ ਗੱਲਾਂ ਨੂੰ
ਗੋਲ ਇਹ ਕਰ ਜਾਂਦੇ ਨੇ
ਘਰ ਵਿੱਚ ਜਦ ਵੀ ਹਾਹਾਕਾਰ ਮਚਾਈ
ਮੰਮੀ ਇਹਨਾਂ ਦੀ ਕਰਦੀ ਧੁਲਾਈ
ਝੱਟ ਲਾਈਨ ਤੇ ਆ ਜਾਂਦੇ ਨੇ...
ਇਹ ਬੱਚੇ ਨੇ ਭਾਈ !
ਇੰਨੀ ਜਲਦੀ
ਕਿੱਥੇ ਸਮਝਣਾ ਚਾਹੁੰਦੇ ਨੇ...
ਜੋ ਗੱਲਾਂ ਬੱਚਿਆਂ ਨੂੰ ਅਸੀਂ ਸਮਝਾਈਏ
ਖ਼ੁਦ ਜੇਕਰ ਉਹਨਾਂ ਤੇ ਅਮਲ ਕਰ ਪਾਈਏ
ਮਿਟ ਜਾਣ ਸਾਰੇ ਆਪਸੀ ਵੈਰ
ਆਪਣੇ ਆਲੇ ਦੁਆਲੇ ਜੋ ਪਾਉਂਦੇ ਹਾਂ
ਕੋਈ ਸਮਝੇ ਜਾਂ ਨਾ ਸਮਝੇ
'ਕੈਂਥ' ਤੇ 'ਖੰਡਵਾਲ' ਇਹ ਸਮਝਾਉਂਦੇ ਨੇ
ਇਹ ਤਾਂ ਬੱਚੇ ਨੇ ਭਾਈ!
ਇਹ ਕਿੱਥੇ ਸਮਝਣਾ ਚਾਹੁੰਦੇ ਨੇ...

**ਮੂਲ- ਮੁਕੇਸ਼ ਖੰਡਵਾਲ**
**ਅਨੁਵਾਦ- ਸਤਨਾਮ ਸਿੰਘ ਕੈਂਥ**
**9988047124**



# 'ਦਿ ਬਲੈਕ ਪ੍ਰਿੰਸ' ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਿਤ

ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਬਣੀ ਹਾਲੀਵੁੱਡ ਦੀ ਫ਼ਿਲਮ 'ਦਿ ਬਲੈਕ ਪ੍ਰਿੰਸ' ਅੱਜਕੱਲ੍ਹ ਚਰਚਾ ਵਿੱਚ ਹੈ ਅਤੇ ਦੁਨੀਆਂ ਦੇ ਕਈ ਨਾਮੀ ਫ਼ਿਲਮ ਮੇਲਿਆਂ ਵਿੱਚ ਸਨਮਾਨ ਹਾਸਲ ਕਰ ਰਹੀ ਹੈ। ਇਹ ਫ਼ਿਲਮ ਲਾਹੌਰ ਦਰਬਾਰ ਦੇ ਆਖਰੀ ਰਾਜੇ ਦੇ ਦੋਹਾਂ ਰਹਿਤਲਾਂ ਵਿੱਚ ਖਿੰਡੇ ਜੀਵਨ ਸੰਘਰਸ਼ ਅਤੇ ਆਪਣੇ ਪਿਛੋਕੜ ਤੇ ਧਾਰਮਿਕ ਅਕੀਦਿਆਂ ਦੀ ਮਾਰਮਿਕ ਗਾਥਾ ਹੈ। ਇਹ ਗਾਥਾ ਦਰਸ਼ਕਾਂ ਨੂੰ ਧੁਰ ਅੰਦਰ ਤਕ ਹਲੂਣ ਦਿੰਦੀ ਹੈ। ਸਿੱਖ ਇਤਿਹਾਸ ਦੇ ਅਣਫੋਲੇ ਵਰਕਿਆਂ ਨੂੰ ਫ਼ਿਲਮੀ ਪਰਦੇ 'ਤੇ ਰੂਪਮਾਨ ਕਰਨ ਦਾ ਹੌਸਲਾ ਕਰਨਾ ਹੌਲੀਵੁੱਡ ਨਾਲ ਜੁੜੇ ਨਿਰਦੇਸ਼ਕ ਕਵੀ ਰਾਜ਼ ਅਤੇ ਨਿਰਮਾਤਾ ਜਸਜੀਤ ਸਿੰਘ ਦੇ ਹਿੱਸੇ ਆਇਆ। ਫ਼ਿਲਮ ਨੇ ਲੋਕਾਂ ਵਿੱਚ ਭਾਰੀ ਉਤਸੁਕਤਾ ਪੈਦਾ ਕੀਤੀ ਹੈ। ਇਹ ਫ਼ਿਲਮ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ 5 ਵਰ੍ਹਿਆਂ ਦੇ ਬਾਲ ਦਲੀਪ ਸਿੰਘ (ਸਤਿੰਦਰ ਸਰਤਾਜ) ਦੇ ਗੱਦੀ ਸੰਭਾਲਣ, ਆਪਣੀ ਮਾਂ ਜਿੰਦਾਂ (ਸ਼ਬਾਨਾ ਆਜ਼ਮੀ) ਤੋਂ ਵਿਛੜਨ, 15 ਸਾਲ ਦੀ ਉਮਰ ਵਿੱਚ ਇੰਗਲੈਂਡ ਵਿੱਚ ਜਲਾਵਤਨੀ, ਮਹਾਰਾਣੀ ਵਿਕਟੋਰੀਆ ਦੀ ਸਰਪ੍ਰਸਤੀ ਵਿੱਚ 'ਇਸਾਈ' ਬਣਨ, ਮੁੜ 13 ਵਰ੍ਹਿਆਂ ਬਾਅਦ ਸਿੱਖ ਧਰਮ ਵਿੱਚ ਮੁੜਨ ਅਤੇ ਆਪਣੀ ਮਾਂ ਨੂੰ ਮਿਲਣ ਦੇ ਯਤਨਾਂ ਨਾਲ ਜੁੜੇ ਲੰਬੇ ਦਰਦ ਦੀ ਦਾਸਤਾਂ ਬਿਆਨਦੀ ਹੈ।




ਖਾਲਸਾ ਰਾਜ ਦੇ ਪਤਨ ਨਾਲ ਜੁੜੇ ਸਿੱਖ ਇਤਿਹਾਸ ਦੇ ਇਹ ਵਰਕੇ ਅਜੇ ਕਿਸੇ ਫ਼ਿਲਮਸਾਜ਼ ਨੇ ਨਹੀਂ ਫਰੋਲੇ ਸਨ ਤੇ ਨਾ ਹੀ ਕੋਹਿਨੂਰ ਹੀਰੇ ਦੀ ਅਸਲੀਅਤ ਸਾਹਮਣੇ ਆਈ ਸੀ। ਦੇਸ਼ ਨੂੰ ਆਜ਼ਾਦ ਕਰਾਉਣ ਦਾ ਵੈਰਾਗ ਮਨ ਵਿੱਚ ਲੈ ਕੇ ਦਲੀਪ ਸਿੰਘ 1893 ਵਿੱਚ 55 ਸਾਲ ਦੀ ਉਮਰ ਵਿੱਚ ਪੈਰਿਸ ਦੇ ਹੋਟਲ ਵਿੱਚ ਫੌਤ ਹੋ ਜਾਂਦਾ ਹੈ ਤੇ ਇੱਕ ਅਣਗੌਲੇ ਇਤਿਹਾਸ ਦਾ ਹਿੱਸਾ ਬਣ ਜਾਂਦਾ ਹੈ। ਹਾਲ ਹੀ ਵਿੱਚ ਇਹ ਫ਼ਿਲਮ ਟੋਰਾਂਟੋ ਦੇ ਕੌਮਾਂਤਰੀ ਦੱਖਣ ਏਸ਼ਿਆਈ ਫ਼ਿਲਮ ਮੇਲੇ ਅਤੇ ਫਰਾਂਸ ਦੇ ਪ੍ਰਸਿੱਧ 'ਕਾਨ ਕੌਮਾਂਤਰੀ ਫ਼ਿਲਮ ਮੇਲੇ' ਵਿੱਚ ਵੀ ਪ੍ਰਦਰਸ਼ਿਤ ਕੀਤੀ ਗਈ ਹੈ। ਇਹ 21 ਜੁਲਾਈ ਨੂੰ ਵਿਸ਼ਵ-ਵਿਆਪੀ ਪੱਧਰ 'ਤੇ ਸਿਨਮਿਆਂ ਵਿੱਚ ਰਿਲੀਜ਼ ਹੋਵੇਗੀ।



ਫ਼ਿਲਮ ਦੇ ਲੇਖਕ ਨਿ-ਰਦੇਸ਼ਕ ਕਵੀ ਰਾਜ਼ ਦਾ ਪਿਛੋਕੜ ਪੰਜਾਬੀ ਤਾਂ ਹੈ ਹੀ, ਉਸਨੂੰ ਥੀਏਟਰ ਦੀ ਵੀ ਗਹਿਰੀ ਸੂਝ ਹੈ। ਇਸੇ ਕਾਰਨ ਉਹ ਸਿੱਖ ਰਾਜ ਦੀ ਅਧੋਗਤੀ ਬਾਰੇ ਵਿਸ਼ਾਲ ਕੈਨਵਸ ਵਾਲੀ ਫ਼ਿਲਮ ਬਣਾਉਣ ਦਾ ਸੁਪਨਾ ਲੈ ਸਕਿਆ ਹੈ। ਫ਼ਿਲਮ 'ਦਿ ਬਲੈਕ ਪ੍ਰਿੰਸ' ਮਹਾਰਾਜਾ ਦਲੀਪ ਸਿੰਘ ਦੀ ਰਾਜਸੀ ਦੁਰਦਸ਼ਾ ਤੇ ਪਰਿਵਾਰਕ ਵੈਰਾਗ ਨੂੰ ਚਿਤਰਣ ਦੇ ਨਾਲ ਨਾਲ 'ਕੋਹਿਨੂਰ' ਦੇ ਖੁੱਸਣ 'ਤੇ ਵੀ ਚੰਗੀ ਰੌਸ਼ਨੀ ਪਾਉਂਦੀ ਹੈ। ਕਵੀ ਰਾਜ਼ ਨੇ ਦੱਸਿਆ ਕਿ 'ਦਿ ਬਲੈਕ ਪ੍ਰਿੰਸ' ਸ਼ਾਇਦ ਪੰਜਾਬੀ ਫ਼ਿਲਮ ਹੀ ਬਣਦੀ ਜੇਕਰ ਉਹ ਇਸ ਨੂੰ ਵੱਡੇ ਕੈਨਵਸ ਦੀ ਸਮੱਗਰੀ ਵਿੱਚ ਨਾ ਢਾਲ ਪਾਉਂਦੇ। ਗਾਇਕ ਸਤਿੰਦਰ ਸਰਤਾਜ ਦੀ ਇੱਕ ਅਦਾਕਾਰ ਵਜੋਂ ਇਹ ਪਲੇਠੀ ਫ਼ਿਲਮ ਹੈ।

ਫ਼ਿਲਮ ਵਿੱਚ ਸਤਿੰਦਰ ਤੇ ਸ਼ਬਾਨਾ ਤੋਂ ਇਲਾਵਾ ਜੇਸਨ ਫਲੈਮਿੰਗ (ਡਾ. ਲੋਗਿਨ), ਅਮੈਂਡਾ ਰੂਟ (ਰਾਣੀ ਵਿਕਟੋਰੀਆ), ਸੋਫੀ ਸਟੀਵਨਜ਼ (ਬਾਂਬਾ, ਦਲੀਪ ਸਿੰਘ ਦੀ ਪਤਨੀ), ਰੂਪ ਸਿੰਘ ਮਗੋਨ (ਅਰੂੜ ਸਿੰਘ) ਤੇ ਡੇਵਿਡ ਇਸੈਕਸ (ਕਰਨਲ ਹਰਬਨ) ਨੇ ਬਹੁਤ ਜਾਨਦਾਰ ਭੂਮਿਕਾਵਾਂ ਨਿਭਾਈਆਂ ਹਨ।

ਇਸ ਫ਼ਿਲਮ ਦਾ ਬਹੁਤਾ ਫ਼ਿਲਮਾਂਕਣ ਇੰਗਲੈਂਡ ਵਿੱਚ ਹੋਇਆ ਹੈ। ਕੁਝ ਰਾਜਸਥਾਨ ਵਿੱਚ ਵੀ ਕੀਤਾ ਗਿਆ। ਇਹ ਵੀ ਵਿਡੰਬਨਾ ਹੈ ਕਿ ਪੰਜਾਬ ਦੇ ਮਹਾਰਾਜੇ ਬਾਰੇ ਬਣੀ ਫ਼ਿਲਮ ਲਈ ਪੰਜਾਬ ਅੰਦਰ ਕੋਈ ਲੋਕੇਸ਼ਨ ਯੋਗ ਨਹੀਂ ਸਮਝੀ ਗਈ। ਕਵੀ ਰਾਜ਼ ਕਹਿੰਦਾ ਹੈ ਕਿ ਅਸੀਂ ਪੰਜਾਬੀ ਵਿਰਾਸਤੀ ਆਰਕੀਟੈਕਚਰ ਮਲੀਆਮੇਟ ਕਰ ਚੁੱਕੇ ਹਾਂ, ਇਸ ਕਰਕੇ ਸਾਨੂੰ ਪੰਜਾਬ ਵਿੱਚ ਕੋਈ ਜਗ੍ਹਾ ਮੁਨਾਸਿਬ ਨਹੀਂ ਲੱਗੀ। ਫ਼ਿਲਮ ਅੰਗਰੇਜ਼ੀ, ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿੱਚ ਹੈ।

# ਕੈਨੇਡਾ ਵਿੱਚ ਆਪਣੀ ਸਫਲਤਾ ਦੇ ਝੰਡੇ ਗੱਡਣ ਵਾਲੀ ਗੁਰਿੰਦਰ ਰੰਧਾਵਾ



ਕੁਲਵੰਤ ਸਿੰਘ ਟਿੱਬਾ
91-92179-71379

ਗੁਰਿੰਦਰ ਰੰਧਾਵਾ ਕੈਨੇਡਾ 'ਚ ਇੱਕ ਜਾਣਿਆ ਪਹਿਚਾਣਿਆ ਨਾਂ ਹੈ, ਜਿਸ ਨੇ ਕਲਾ ਦੇ ਖੇਤਰ ਵਿੱਚ ਬੇ ਮਿਸਾਲ ਪ੍ਰਾਪਤੀਆਂ ਕਰਕੇ ਪੰਜਾਬ ਅਤੇ ਪੰਜਾਬੀ ਬੋਲੀ ਦਾ ਨਾਂ ਉੱਚਾ ਕੀਤਾ ਹੈ। ਜ਼ਿਲ੍ਹਾ ਗੁਰਦਾਸਪੁਰ ਅਧੀਨ ਪੈਂਦੇ ਪਿੰਡ ਨੌਸ਼ਹਿਰਾ ਮੱਝਾ ਸਿੰਘ ਦੀ ਜੰਮਪਲ ਇਸ ਹੋਣਹਾਰ ਸ਼ਖ਼ਸੀਅਤ ਨੇ ਆਪਣੀ ਮੁੱਢਲੀ ਪੜਾਈ ਲਿਟਲ ਫੁੱਲ ਕਾਨਵੈਂਟ ਸਕੂਲ ਧਾਰੀਵਾਲ ਤੋਂ ਕਰਨ ਉਪਰੰਤ ਡੀਏਬੀ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਉੱਚ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਬੈਰਿੰਗ ਕਾਲਜ ਬਟਾਲਾ ਤੋਂ ਪੀਐੱਚਡੀ ਕੀਤੀ। ਵਿੱਦਿਅਕ ਖੇਤਰ ਤੋਂ ਇਲਾਵਾ ਸਭਿਆਚਾਰਕ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈ ਕੇ ਅਹਿਮ ਪ੍ਰਾਪਤੀਆਂ ਕੀਤੀਆਂ। ਪਠਾਨਕੋਟ ਦੇ ਇੱਕ ਕਾਲਜ ਵਿੱਚ ਬਤੌਰ ਸਰਕਾਰੀ ਪ੍ਰੋਫੈਸਰ ਸੇਵਾਵਾਂ ਦੇਣ ਉਪਰੰਤ ਸੰਨ 2010 ਵਿੱਚ ਅਸਤੀਫ਼ਾ ਦੇਣ ਕੇ ਕੈਨੇਡਾ ਚਲੀ ਗਈ। ਕੈਨੇਡਾ ਦੇ ਮੋਨੀਟੋਬਾ ਵਿਖੇ ਇੱਕ ਯੂਨੀਵਰਸਿਟੀ ਵਿੱਚ ਕੁੱਝ ਸਮਾਂ ਨੌਕਰੀ ਕੀਤੀ ਅਤੇ ਇਸ ਪਿੱਛੋਂ ਉਹ ਅਸਤੀਫਾ ਦੇਣ ਉਪਰੰਤ ਵਿਨੀਪੈਗ ਆ ਗਏ। ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਗੁਰਿੰਦਰ ਰੰਧਾਵਾ ਨੇ ਆਪਣੈ ਕਲਾਤਮਿਕ ਮਨ ਅੰਦਰ ਕਲਾ ਦੇ ਉਭਾਰ ਲਈ ਸਮੇਂ ਸਮੇਂ ਕੰਮ ਕਰਨਾ ਜਾਰੀ ਰੱਖਿਆ। ਸਾਲ 2015 ਦੌਰਾਨ ਗੁਰਿੰਦਰ ਰੰਧਾਵਾ ਨੇ ਵਿਨੀਪੈਗ ਵਿਖੇ ਅਜੋਯਿਤ 47 ਦੇਸਾਂ ਦੇ ਸਭਿਆਚਾਰ ਨੂੰ ਪੇਸ਼ ਕਰਨ ਦੇ ਤਿਉਹਾਰ ਵਿੱਚ ਪੰਜਾਬ ਵੱਲੋਂ ਪੇਸ਼ਕਾਰੀ ਕੀਤੀ। ਇਸ ਪਿੱਛੋਂ ਗੁਰਿੰਦਰ ਰੰਧਾਵਾ ਨੇ ਸਾਲ 2015 ਵਿੱਚ



ਕੈਨੇਡਾ ਦੇ ਸੂਬੇ ਉਨਾਟਾਰੀਉ ਵਿਖੇ ਅਜੋਯਿਤ ਸੁੰਦਰਤਾ ਮੁਕਾਬਲਾ ਜਿੱਤ ਕੇ ਮਿਸ ਸਾਊਥ ਏਸ਼ੀਆ ਕੈਨੇਡਾ ਦਾ ਖ਼ਿਤਾਬ ਆਪਣੇ ਨਾਂ ਕੀਤਾ। ਗੁਰਿੰਦਰ ਰੰਧਾਵਾ ਫਕੋਰਲਾਮਾ ਦੀ ਸਕਾਲਰਸ਼ਿਪ ਅਤੇ ਯੂਥ ਕਮੇਟੀ ਦੀ ਮੈਂਬਰ ਵੀ ਹੈ। ਕੇਨੈਡਾ ਵਿੱਚ ਏਸ਼ੀਅਨ ਸਭਿਆਚਾਰ, ਪ੍ਰਤਿਭਾ, ਪੇਸ਼ਕਾਰੀ ਹੁਨਰ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ 'ਸਾਨਿੰਗ ਸਟਾਰ ਪ੍ਰੋਡਕਸ਼ਨਜ਼' ਮੈਨੀਟੋਬਾ ਸ਼ੁਰੂ ਕੀਤੀ। ਜਿਸ ਤਹਿਤ ਉਸ ਵੱਲੋਂ ਮਿਸ, ਮਿਸਟਰ ਅਤੇ ਮਿਸਿਜ਼ ਏਸ਼ੀਆ ਗਲੋਬਲ ਮੈਨੀਟੋਬਾ ਦੇ ਨਾਂ ਹੇਠ ਸੁੰਦਰਤਾ ਮੁਕਾਬਲਾ ਅਜੋਯਿਤ ਕਰਨਾ ਸ਼ੁਰੂ ਕੀਤਾ। ਗੁਰਿੰਦਰ ਰੰਧ-ਾਵਾ ਅਨੁਸਾਰ ਉਸ ਵੱਲੋਂ ਅਜੋਯਿਤ ਕੀਤੇ ਜਾਂਦੇ ਮਿਸ ਏਸ਼ੀਆ ਗਲੋਬਲ, ਮਿਸਿਜ਼ ਏਸ਼ੀਆ ਗਲੋਬਲ ਅਤੇ ਮਿਸਟਰ ਏਸ਼ੀਆ ਗਲੋਬਲ ਮੈਨੀਟੋਬਾ ਰਾਹੀਂ ਉਹ ਸਿਫ਼ਰ ਸਰੀਰਕ ਸੁੰਦਰਤਾ ਹੀ ਨਹੀਂ ਉਹ ਬੋਲ ਚਾਲ ਦੇ ਹੁਨਰ, ਪ੍ਰਤਿਭਾ, ਸਭਿਆਚਾਰਕ ਸਲੀਕਾ, ਆਤਮ ਵਿਸ਼ਵਾਸ ਨੂੰ ਦੂਜਿਆਂ ਅੱਗੇ ਪੇਸ਼ ਕਰਨ ਦਾ ਮੰਚ ਹੈ।

# ਸੁਰਾਂ, ਬੋਲਾਂ ਦੇ ਸੁਮੇਲ ਦੀ ਬਾਤ ਪਾਉਂਦੀ ਮੈਡੇਸਟੋ 'ਚ ਸੰਪਨ ਹੋਈ ਸ਼ਾਮ ਸੁਰੀਲੀ

(ਰਿਪੋਰਟ ਰਿਆਜ਼)

ਸਥਾਨ ਹੈ ਅਮਰੀਕਾ ਦਾ ਸਨਲਾਈਟ ਰੈਸਟੋਰੈਂਟ, ਮੈਡੇਸਟੋ, ਕੈਲੀਫੋਰਨੀਆ। ਇੱਕ ਆਵਾਜ਼ ਗੂੰਜਦੀ ਹੈ, ਲੋਕਾਂ ਦੇ ਦਿਲਾਂ ਵਿੱਚ ਘਰ ਕਰੀ ਜਾਂਦੀ ਹੈ। ਸਰੋਤੇ ਸ਼ਾਂਤ ਹਨ। ਸੁਰੀਲੇ ਬੋਲ ਪੰਜਾਬ ਦੀ ਗੱਲ ਕਰਦੇ ਹਨ। ਸੂਫੀ ਗਾਇਕੀ ਦਾ ਪਾਠ ਸਰੋਤਿਆਂ ਨੂੰ ਪੜ੍ਹਾ ਰਹੇ ਹਨ। ਇਸ ਮਿੱਠੀ, ਸੁਰੀਲੀ, ਟੁਣਕਵੀ ਆਸ਼ਾ ਸ਼ਰਮਾ ਦੀ ਆਵਾਜ਼ ਦੇ ਵਿਚੋਂ ਹੀ ਗਾਇਕ ਸੁਖਦੇਵ ਸਾਹਿਲ ਦੇ ਸੁਰ ਗੂੰਜਣ ਲਗਦੇ ਹਨ। ਗੀਤ ਸੰਗੀਤ ਐਂਟਰਟੈਨਮੈਂਟ ਦਾ "ਸ਼ਾਮ ਸੁਰੀਲੀ" ਪ੍ਰੋਗਰਾਮ ਸਿਆਣੇ, ਸੂਝਵਾਨ ਸਰੋਤਿਆਂ ਦੀ ਹਾਜ਼ਰੀ ਵਿੱਚ ਆਪਣੀਆਂ ਝਲਕਾਂ ਦਿਖਾਉਣ ਲੱਗ ਪਿਆ ਹੈ।

ਸੂਫੀ ਗਾਇਕੀ ਗਾਉਣ 'ਚ ਮੁਹਾਰਤ ਰੱਖਣ ਵਾਲੇ ਸੁਖਦੇਵ ਸਾਹਿਲ ਨੇ ਇੱਕ ਤੋਂ ਬਾਅਦ ਇੱਕ ਕਲਾਮ ਪੇਸ਼ ਕੀਤਾ। ਜਿਥੇ ਉਸਨੇ ਸੁਨਣ ਵਾਲਿਆਂ ਸਾਹਮਣੇ ਹੀਰ ਵਾਰਿਸ ਸ਼ਾਹ ਪੇਸ਼ ਕੀਤੀ, ਉਥੇ ਉਸਤਾਦ ਹਰਜਿੰਦਰ ਕੰਗ, ਅਮਰਦੀਪ ਗਿੱਲ, ਵਿੱਕੀ ਟਰੇਸੀ, ਸੋਖੀ ਸੁੰਨੜਾ ਵਾਲਾ ਦੇ ਗੀਤਾਂ ਦੇ ਨਾਲ ਨਾਲ ਪੰਜਾਬ ਦਾ ਲੋਕ ਰੰਗ ਜੱਗਾ ਵੀ ਪੇਸ਼ ਕੀਤਾ। ਉਸਤਾਦ ਗਾਇਕ ਸਾਹਿਲ ਨੇ ਸਮਾਂ ਕੁਝ ਇਸ ਤਰ੍ਹਾਂ ਬੰਨ੍ਹਿਆਂ ਕਿ ਮਜ਼ਾਲ ਆ ਕਿ ਸੁਨਣ ਵਾਲੇ ਨੇ ਅੱਖ ਵੀ ਝੱਪਕੀ ਹੋਵੇ, ਉੱਬ ਕੇ ਉਬਾਸੀ ਵੀ ਲਈ ਹੋਵੇ ਜਾਂ ਆਪਣੇ ਨੀਅਤ ਥਾਂ ਤੋਂ ਉਠਕੇ ਕਿਧਰੇ ਹੋਰ ਥਾਂ ਜਾ ਬੈਠਾ ਹੋਵੇ। ਇਹਨਾ ਗੀਤਕਾਰਾਂ, ਕਵੀਆਂ, ਦੇ ਬੋਲਾਂ ਨੂੰ ਸਾਹਿਲ ਰਾਹੀਂ ਪੇਸ਼ ਕਰਵਾਉਂਦਿਆਂ "ਬੋਲਾਂ ਦੀ ਮਲਿਕਾ" ਆਸ਼ਾ ਸ਼ਰਮਾ ਨੇ ਪੰਜਾਬ ਦੇ ਇਹਨਾ ਹੀਰਿਆਂ ਦੀਆਂ ਰਚਨਾਵਾਂ ਬਾਰੇ ਨਿਵੇਕਲੇ ਢੰਗ ਨਾਲ ਤਵਸਰਾ ਨਾਲੋ-ਨਾਲ ਕੀਤਾ। ਉਪਰੰਤ ਪੰਜਾਬ ਦੇ ਵਧੀਆ ਸਮਰੱਥ ਗੀਤਕਾਰ ਅਤੇ ਕਲਾਕਾਰ ਜੱਸ ਔਲਖ ਨੇ "ਸ਼ਾਮ ਸੁਰੀਲੀ"'ਚ ਆਪਣੇ ਲਿਖੇ ਗੀਤ ਗਾਕੇ ਅਜਿਹਾ ਰੰਗ ਬੰਨਿਆ ਕਿ ਸਰੋਤੇ ਅਸ਼ ਅਸ਼ ਕਰ ਉੱਠੇ। ਇੱਕ ਤੋਂ ਬਾਅਦ ਇੱਕ ਪੰਜਾਬੀਆਂ ਦੀ ਪੱਗ ਵਰਗੇ ਗੀਤਾਂ ਅਤੇ ਸ਼ਿਅਰੋ-ਸ਼ਾਇਰੀ ਨਾਲ 'ਜੱਸ' ਨੇ ਮਹਿਫਲ ਨੂੰ ਅਜਿਹਾ ਸ਼ਿੰਗਾਰਿਆ ਕਿ ਜੱਸ ਅੱਜ ਦੀ ਮਹਿਫਲ ਦਾ ਹਾਸਲ ਹੋ ਨਿਬੜਿਆ। "ਸ਼ਾਮ ਸੁਰੀਲੀ"'ਚ 'ਗੂੰਜਵੇਂ' ਬੋਲ ਕੁਝ ਇਵੇਂ ਉਠੇ ਕਿ ਮਹਿਫ਼ਲ ਵਿੱਚ ਜਾਪਿਆ ਕਿ ਰੰਗਲਾ ਪੰਜਾਬ ਜਿਵੇ ਕੈਲੇਫੋਰਨੀਆ ਦੇ ਮੈਡਸਟੋ ਸ਼ਹਿਰ ਵਿੱਚ ਵੱਸ ਗਿਆ ਹੋਵੇ ਤੇ ਪੰਜਾਬ ਦੀਆਂ ਸਵੇਰਾਂ, ਪੰਜਾਬ ਦੀਆਂ ਸ਼ਾਮਾਂ, ਪੰਜਾਬ ਦੀਆਂ ਹੀਰਾਂ, ਪੰਜਾਬ ਦੇ ਰਾਂਝੇ, ਪੰਜਾਬ ਦੇ ਖੂਹ, ਟਿੰਡਾਂ, ਹਲਟ, ਚਰਖੇ ਇਕੋ ਸਾਹੇ ਬੋਲਾਂ ਤੇ ਸੁਰਾਂ ਦੀ ਤੰਦ ਪਾਉਣ ਲੱਗ ਪਏ ਹੋਣ।



ਇਸੇ ਮਹਿਫ਼ਲ ਵਿਚ ਜਸਪਾਲ ਨਿੱਜਰ ਨੇ ਬੁਲੰਦ ਅਵਾਜ਼ ਵਿੱਚ ਗੀਤ ਗਾਏ। ਮਹਿਫ਼ਲ ਨੂੰ ਚਾਰ ਚੰਨ ਲਾਉਣ ਵਾਲਿਆਂ ਵਿੱਚ ਸੈਮ ਗਿੱਲ, ਅਮਨ ਤਮੰਨਾ, ਸੁਖੀ ਸੰਘੇੜਾ, ਭਾਈ ਅਮਰਜੀਤ ਸਿੰਘ, ਭਾਈ ਮਨਜੀਤ ਸਿੰਘ, ਅਸ਼ੋਕ ਵਰਮਾ, ਕਾਲਾ ਟਰੇਸੀ, ਜਗਰੂਪ ਸਿੱਧੂ, ਇੰਦਰਜੀਤ ਗੁਰਮ, ਜਗਤਾਰ




ਸਿੱਧੂ, ਨਿਰੰਜਨ ਸਿੰਘ ਸ਼ਰਮਾ, ਸੁਖਮੰਦਰ, ਮਨਮੀਤ ਗਰੇਵਾਲ, ਜਸਪਾਲ ਨਿੱਜਰ, ਬਿੱਲਾ ਪੱਤੜ, ਸੰਧੂ ਪਰਿਵਾਰ, ਚਾਹਲ ਪਰਿਵਾਰ, ਮਹਿੰਦਰ ਕੰਡਾ, ਰੰਧਾਵਾ ਪਰਿਵਾਰ, ਖੱਖ ਪਰਿਵਾਰ ਅਤੇ ਘੋਲੀ ਗਰੇਵਾਲ ਸ਼ਾਮਲ ਸਨ। ਇਹ ਸਫਲ ਮਹਿਫ਼ਲ ਇਸ ਆਸ਼ਾ ਨਾਲ ਸੰਪਨ ਹੋਈ ਕਿ ਅੱਗੋਂ ਵੀ ਸੁਰਾਂ ਇੰਜ ਹੀ ਗੂੰਜਦੀਆਂ ਰਹਿਣਗੀਆਂ, ਆਸ਼ਾ ਸ਼ਰਮਾ ਦੇ ਬੋਲ ਲੋਕਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਅਤੇ ਪੰਜਾਬੀ ਵਿਰਸੇ ਨਾਲ ਜੋੜੀ ਰੱਖਣਗੇ।

# City of Pittsburg's Teeyan da Celebration

**Sponsored by DESIROOT ORG & Punjabi Multi-cultural Society**
**Special Guest Dr. Neeta Bijoor & Author Manpreet Komal**



DESIROOT.ORG

Desi Plates $6.00
Special guest performances:
BRATs of Wilson's Dance Studio
Hip-Hop Natyam
Kariktan Dance Company



## August 26, 2017

**Location: 2301 Range Rd.**
**Pittsburg, CA 94565**

## Time: 1:00 - 4:00



** DOORS OPEN @ 12:40 **SHOW STARTS ON TIME @ 1:00
Giddha Bhangra Hip-Hop and more
Raffle Prizes ... Dance floor opens up to Desi style dancing
Entry $5 Kids 5 and under Free
Ladies and children event only






Contact Organizer for additional informat on (booths/performance interest)

## Ruby Raju @ 925/550-1088 or Kashmir @ 925/329-9835



# TANDOOR
**Indian Restaurant**

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



## ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**BUFFET LUNCH 11:00 AM To 3:00 PM**

We are open seven days
11 AM to 10 PM

Contact Us:
**Ph. 510-885-1212**
**Fax. 510-885-1532**



# L.A. MERCHANDISE
**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**




**Dear friends,**
An amazing piece of news has just landed on my desk: a feature film about Maharajah Duleep Singh called The Black Prince, written and directed by Kavi Raz, is opening in theatres across the world on July 21st.


Friends, it is not enough to simply congratulate the Sikh filmmakers. Money talks. We must attend the showings, pay for the tickets, and spread the word. Mainstream distributors are impressed by just one thing: potential profit.

Now is the time to show your support! What better way to stand against ignorance about Sikhs, than to educate people in an entertaining fashion. Every Sikh man, woman and youngster should consider it his or her duty to buy tickets and attend. Nothing is more important than box office. Help give "The Black Prince" a big boost, and simultaneously help our community overcome bigotry and harassment.

**- Bicky Singh**

ਆਓ ਆਪਾਂ ਸਾਰੇ ਪੰਜਾਬੀ ਭੈਣ/ਭਰਾ ਹੁੰਮ ਹੁੰਮਾ ਕੇ 21 ਜੁਲਾਈ 2017 ਤੋਂ ਸਾਰੀ ਦੁਨੀਆਂ ਦੇ ਸਿਨੇਮਾ ਘਰਾਂ ਵਿਚ ਚੱਲਣ ਵਾਲੀ ਸਿੱਖ ਇਤਿਹਾਸ ਨਾਲ ਜੁੜੀ ਇਸ ਅਹਿਮ ਫਿਲਮ ਨੂੰ ਦੇਖਣ ਲਈ ਪਹੁੰਚੀਏ ਅਤੇ ਸਿੱਖੀ ਅਤੇ ਪੰਜਾਬੀਅਤ ਦੇ ਦਰਦ ਅਤੇ ਆਖਰੀ ਸਿੱਖ ਮਹਾਰਾਜਾ ਦੇ ਜੀਵਨ ਅਤੇ ਸੰਘਰਸ਼ ਬਾਰੇ ਗਿਆਨ ਭਰਪੂਰ ਇਸ ਫਿਲਮ ਨੂੰ ਭਰਪੂਰ ਹੁੰਗਾਰਾ ਦੇਈਏ।

# ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**KASH FABRICS**
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com